
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 12
July 4, 2018

Postal Address
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





ਅਦਾਰਾ 'ਦੇਸ਼ ਦੁਆਬਾ' ਵੱਲੋਂ ਅਮਰੀਕਾ ਦੀ ਆਜ਼ਾਦੀ ਦੇ ਦਿਹਾੜੇ (4 ਜੁਲਾਈ) ਦੀਆਂ ਸਮੂਹ ਅਮਰੀਕਾ ਵਾਸੀਆਂ ਨੂੰ ਲੱਖ-ਲੱਖ ਵਧਾਈਆਂ।

## ਗਊ ਰੱਖਿਆ ਦੇ ਨਾਂਅ 'ਤੇ ਹਿੰਸਾ ਬਰਦਾਸ਼ਤ ਨਹੀ-ਸੁਪਰੀਮ ਕੋਰਟ

**ਨਵੀਂ ਦਿੱਲੀ (ਬਿਊਰੋ)–** ਗਊ ਰੱਖਿਆ ਦੇ ਨਾਂਅ 'ਤੇ ਹਿੰਸਾ ਕਰਨ ਵਾਲਿਆਂ 'ਤੇ ਰੋਕ ਲਗਾਉਣ ਦੀ ਜ਼ਿੰਮੇਵਾਰੀ ਸੂਬਿਆਂ 'ਤੇ ਪਾਉਂਦੇ ਹੋਏ ਸੁਪਰੀਮ ਕੋਰਟ ਨੇ ਇਸ ਤਰ੍ਹਾਂ ਦੀਆਂ ਹਿੰਸਕ ਘਟਨਾਵਾਂ 'ਤੇ ਰੋਕ ਲਗਾਉਣ ਲਈ ਦਿਸ਼ਾ ਨਿਰਦੇਸ਼ ਸਬੰਧੀ ਦਾਇਰ ਪਟੀਸ਼ਨਾਂ 'ਤੇ ਅੱਜ ਸੁਣਵਾਈ ਪੂਰੀ ਕਰਕੇ ਫ਼ੈਸਲਾ ਰਾਖਵਾਂ ਰੱਖ ਲਿਆ ਹੈ। ਅਦਾਲਤ ਵਲੋਂ ਇਸ ਮਾਮਲੇ 'ਚ ਪੀੜਤਾਂ ਨੂੰ ਮੁਆਵਜ਼ਾ, ਮਾਮਲਿਆਂ ਦੀ ਨਿਗਰਾਨੀ, ਜਵਾਬਦੇਹੀ ਤੈਅ ਕਰਨ ਸਬੰਧੀ ਵਿਸਥਾਰ ਨਾਲ ਆਦੇਸ਼ ਜਾਰੀ ਕੀਤਾ ਜਾਵੇਗਾ। ਚੀਫ਼ ਜਸਟਿਸ ਦੀਪਕ ਮਿਸ਼ਰਾ, ਜਸਟਿਸ ਏ. ਐਮ. ਖਾਨਵਿਲਕਰ ਅਤੇ ਜਸਟਿਸ ਡੀ. ਵਾਈ. ਚੰਦਰਚੂੜ ਦੀ ਬੈਂਚ ਨੇ ਸਖ਼ਤ ਸ਼ਬਦਾਂ 'ਚ ਕਿਹਾ ਕਿ ਗਊ ਰੱਖਿਆ ਦੇ ਨਾਂਅ 'ਤੇ ਹਿੰਸਾ ਬਰਦਾਸ਼ਤ ਨਹੀਂ,



ਕੋਈ ਵੀ ਵਿਅਕਤੀ ਕਾਨੂੰਨ ਨੂੰ ਆਪਣੇ ਹੱਥਾਂ 'ਚ ਨਹੀਂ ਲੈ ਸਕਦਾ ਹੈ। ਬੈਂਚ ਨੇ ਕਿਹਾ ਕਿ ਕਾਨੂੰਨ ਵਿਵਸਥਾ ਸੂਬਿਆਂ ਦਾ ਵਿਸ਼ਾ ਹੈ ਅਤੇ ਇਸ ਲਈ ਹਰ ਸੂਬੇ ਦੀ ਸਰਕਾਰ ਜ਼ਿੰਮੇਵਾਰ ਹੋਵੇਗੀ। ਸੁਪਰੀਮ ਕੋਰਟ ਨੇ ਕੇਂਦਰ ਨੂੰ ਇਸ ਮਸਲੇ 'ਤੇ ਆਰਟੀਕਲ 257 ਦੇ ਤਹਿਤ ਇਕ ਸਕੀਮ ਲਿਆਉਣ ਦੀ ਗੱਲ ਵੀ ਆਖੀ। ਸੁਪਰੀਮ ਕੋਰਟ ਨੇ ਪਿਛਲੇ ਸਾਲ 6 ਸਤੰਬਰ ਨੂੰ ਸਾਰੇ ਸੂਬਿਆਂ ਨੂੰ ਕਿਹਾ ਸੀ ਕਿ ਗਊ ਰੱਖਿਆ ਦੇ ਨਾਂਅ 'ਤੇ ਹਿੰਸਾ ਦੀ ਰੋਕਥਾਮ ਲਈ ਸਖ਼ਤ ਕਦਮ ਚੁੱਕੇ ਜਾਣ। ਸੁਣਵਾਈ ਦੌਰਾਨ ਪਟੀਸ਼ਨਕਰਤਾ ਦੇ ਵਕੀਲ ਸੰਜੇ ਹੇਗੜੇ ਨੇ ਇਨ੍ਹਾਂ ਘਟਨਾਵਾਂ ਤੋਂ ਨਿਪਟਣ ਅਤੇ ਘਟਨਾ ਹੋਣ ਦੇ ਬਾਅਦ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਵਿਸਥਾਰ ਨਾਲ ਸੁਝਾਅ ਅਦਾਲਤ ਦੇ ਸਾਹਮਣੇ ਰੱਖੇ। ਇਹ ਸੁਝਾਅ ਮਨੁੱਖ ਸੁਰੱਖਿਆ ਕਾਨੂੰਨ 'ਤੇ ਆਧਾਰਿਤ ਹਨ। ਸੁਝਾਵਾਂ ਵਿਚ ਨੋਡਲ ਅਧਿਕਾਰੀ, ਹਾਈਵੇ ਪੈਟਰੋਲ, ਐਫ. ਆਈ.


**(ਬਾਕੀ ਸਫਾ 7 'ਤੇ)**




ਫੀਫਾ ਵਰਲਡ ਕੱਪ
ਸਵੀਡਨ 24 ਸਾਲਾਂ ਬਾਅਦ ਕੁਆਰਟਰ ਫਾਈਨਲ 'ਚ ਪਹੁੰਦਿਆ

(ਹੋਰ ਜਾਣਕਾਰੀ ਲਈ ਦੇਖੋ ਸਫਾ 7 'ਤੇ)


## ਜਲਾਲਾਬਾਦ ਕਾਂਡ: ਅਫ਼ਗਾਨ ਸਿੱਖਾਂ 'ਚ ਸਖ਼ਤ ਰੋਸ

**ਕਾਬੁਲ (ਬਿਊਰੋ)–** ਅਫ਼ਗਾਨਿਸਤਾਨ ਦੇ ਸ਼ਹਿਰ ਜਲਾਲਾਬਾਦ ਵਿੱਚ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਆਤਮਘਾਤੀ ਹਮਲੇ ਤੋਂ ਬਾਅਦ ਉੱਥੇ ਰਹਿ ਰਹੇ ਸਿੱਖ ਭਾਈਚਾਰੇ ਦਾ ਇਰਾਦਾ ਦੇਸ਼ ਛੱਡਣ ਦਾ ਬਣ ਰਿਹਾ ਹੈ। ਐਤਵਾਰ ਨੂੰ ਹੋਏ ਇਸ ਹਮਲੇ ਵਿੱਚ ਭਾਈਚਾਰੇ ਦੇ 13 ਮੈਂਬਰ ਹਲਾਕ ਹੋ ਗਏ ਸਨ। ਮਰਨ ਵਾਲਿਆਂ ਵਿੱਚ ਭਾਈਚਾਰੇ ਦੇ ਕੁਝ ਸਿਆਸੀ ਆਗੂ ਵੀ ਸ਼ਾਮਲ ਹਨ। ਆਤਮਘਾਤੀ ਬੰਬ ਧਮਾਕੇ ਦਾ ਸ਼ਿਕਾਰ ਹੋਏ ਇਕ ਸਿੱਖ ਦੇ ਰਿਸ਼ਤੇਦਾਰ



ਅਤੇ ਹਿੰਦੂਆਂ ਤੇ ਸਿੱਖਾਂ ਦੇ ਕੌਮੀ ਪੈਨਲ ਦੇ ਸਕੱਤਰ ਤੇਜਵੀਰ ਸਿੰਘ (35) ਨੇ ਕਿਹਾ ਕਿ ਉਹ ਹੁਣ ਅਫ਼ਗਾਨਿਸਤਾਨ ਵਿੱਚ ਨਹੀਂ ਰਹਿਣਾ ਚਾਹੁੰਦੇ। ਉਨ੍ਹਾਂ ਕਿਹਾ ਕਿ ਇਸਲਾਮਿਕ ਅਤਿਵਾਦੀ ਉਨ੍ਹਾਂ ਦੀਆਂ ਧਾਰਮਿਕ ਰੀਤਾਂ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਉਹ ਮੁੱਢੋਂ ਅਫ਼ਗਾਨ ਹਨ, ਇਸ ਸਚਾਈ ਨੂੰ ਸਰਕਾਰ ਤਾਂ ਮੰਨਦੀ ਹੈ ਪਰ ਅਤਿਵਾਦੀ ਉਨ੍ਹਾਂ ਨੂੰ ਮੁਸਲਿਮ ਨਾ ਹੋਣ ਕਰਕੇ ਨਿਸ਼ਾਨਾ ਬਣਾ ਰਹੇ ਹਨ।


**(ਬਾਕੀ ਸਫਾ 7 'ਤੇ)**




MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


LIC# 01959890
Independently Owned & Operated
Jiwan Rattu
Jiwan.realtor@gmail.com
Realtor2081 Arena Boulevard Suite # 100
Sacramento, CA 95834
RE/MAX GOLD
Cell: (703) 546-6755, Office: (916) 285-1000, Fax: (916) 285-1010
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ

# Raja SWEETS & CATERING

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook. rajasweetsandcatering
Follow us on Twitter rajasweets

# INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS

## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
**Specializing in:**
Eyebrow Threading .... $5
Full Face Threading, Facial,
Unique Mehndi Designs,
Natural Henna for Hair

KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!

Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com

# ਟਰੰਪ ਪ੍ਰਸ਼ਾਸਨ ਦੀ ਇਮੀਗ੍ਰੇਸ਼ਨ ਨੀਤੀ ਖਿਲਾਫ਼ ਜ਼ਬਰਦਸਤ ਮੁਜ਼ਾਹਰਾ




**ਸਿਆਟਲ (ਹਰਮਨ-ਪ੍ਰੀਤ ਸਿੰਘ)-** ਪੂਰੇ ਅਮਰੀਕਾ ਵਿਚ ਰਾਸ਼ਟਰਪਤੀ ਟਰੰਪ ਪ੍ਰਸ਼ਾਸਨ ਦੀ ਇਮੀਗ੍ਰੇਸ਼ਨ ਨੀਤੀ ਦੇ ਵਿਰੋਧ ਵਿਚ ਜ਼ਬਰਦਸਤ ਮੁਜ਼ਾਹਰੇ ਕੀਤੇ ਗਏ । ਇਸੇ ਸਬੰਧ ਵਿਚ ਅੱਜ ਇੱਥੇ ਸਿਆਟਲ ਦੇ ਮੁੱਖ ਹਵਾਈ ਅੱਡੇ ਨੇੜੇ ਬਣੀ ਫੈਂਡਰਲ ਡਿਟੈਂਸ਼ਨ ਸੈਂਟਰ ਸੀਟੈਕ ਸਿਟੀ (ਇਮੀਗ੍ਰੇਸ਼ਨ ਫੈਂਡਰਲ ਜੇਲ੍ਹ) ਦੇ ਬਾਹਰ ਸਵੇਰੇ ਹਜ਼ਾਰਾਂ ਦੀ ਗਿਣਤੀ ਵਿਚ ਗੋਰੇ ਲੋਕਾਂ ਸਮੇਤ ਵੱਖ-ਵੱਖ ਭਾਈਚਾਰਿਆਂ ਦੇ ਲੋਕ ਇਕੱਠੇ ਹੋਏ, ਜਿਨ੍ਹਾਂ ਨੇ ਹੱਥਾਂ ਵਿਚ ਟਰੰਪ ਪ੍ਰਸ਼ਾਸਨ ਖ਼ਿਲਾਫ਼ ਤਖ਼ਤੀਆਂ ਅਤੇ ਬੈਨਰ ਚੁੱਕੇ ਹੋਏ ਸਨ । ਇਨ੍ਹਾਂ ਵਿਚ ਬੱਚੇ, ਬੁੱਢੇ, ਨੌਜਵਾਨ ਤੇ ਅਪਾਹਜ ਲੋਕ ਸ਼ਾਮਿਲ ਸਨ, ਜਿਨ੍ਹਾਂ ਟਰੰਪ ਪ੍ਰਸ਼ਾਸਨ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ । ਇਸ ਮੌਕੇ ਵੱਖ-ਵੱਖ ਭਾਈਚਾਰੇ ਦੇ ਪਤਵੰਤਿਆਂ ਨੇ ਸਟੇਜ ਤੋਂ ਭਾਸ਼ਣ ਦਿੱਤੇ ਅਤੇ ਹਾਲ ਹੀ 'ਚ ਟਰੰਪ ਵਲੋਂ ਲਾਗੂ ਨਵੀਂ ਇਮੀਗ੍ਰੇਸ਼ਨ ਨੀਤੀ ਜਿਸ ਵਿਚ ਸਰਹੱਦ ਪਾਰ ਕਰਦਾ ਜੇਕਰ ਕੋਈ ਪਰਿਵਾਰ ਫੜ ਹੋ ਜਾਵੇ ਤਾਂ ਉਸ ਸਮੇਂ ਬੱਚੇ ਅਲੱਗ ਤੇ ਵੱਡੇ ਮੈਂਬਰ ਅਲੱਗ-ਅਲੱਗ ਜੇਲ੍ਹਾਂ ਵਿਚ ਬੰਦ ਕੀਤੇ ਜਾ ਰਹੇ ਹਨ, ਜੋ ਬਿਲਕੁਲ ਮਨੁੱਖੀ ਅਧਿਕਾਰਾਂ ਦਾ ਉਲੰਘਣ ਹੈ। ਇਸ ਮੌਕੇ ਇਮੀਗ੍ਰੇਸ਼ਨ ਨਾਲ ਸਬੰਧਿਤ ਕਈ ਮਸਲੇ ਵਿਚਾਰੇ ਗਏ, ਜਿਸ ਵਿਚ 'ਐਚ-1ਬੀ' ਵੀਜ਼ਾ ਵੀ ਸ਼ਾਮਿਲ ਹੈ। ਕੁੱਲ ਮਿਲਾ ਕੇ ਸਾਰੇ ਬੁਲਾਰਿਆਂ ਨੇ ਟਰੰਪ ਪ੍ਰਸ਼ਾਸਨ ਵਲੋਂ ਇਮੀਗ੍ਰੇਸ਼ਨ ਕਾਨੂੰਨਾਂ ਵਿਚ ਕੀਤੀਆਂ ਜਾ ਰਹੀਆਂ ਤਬਦੀਲੀਆਂ ਦਾ ਜੰਮ ਕੇ ਵਿਰੋਧ ਕੀਤਾ ਅਤੇ ਇਨ੍ਹਾਂ ਨਵੇਂ ਕਾਨੂੰਨਾਂ ਨੂੰ ਤੁਰੰਤ ਖ਼ਤਮ ਕਰਨ ਦੀ ਮੰਗ ਕੀਤੀ ।

ਇਨ੍ਹਾਂ ਸਾਰੇ ਬੁਲਾਰਿਆਂ ਨੇ ਕਿਹਾ ਕਿ ਇਸ ਵੇਲੇ ਪ੍ਰਵਾਸੀ ਕਾਮਿਆਂ ਦੇ ਸਿਰ 'ਤੇ ਹੀ ਅਮਰੀਕਾ ਚੱਲ ਰਿਹਾ ਹੈ। ਰਾਸ਼ਟਰਪਤੀ ਟਰੰਪ ਨੂੰ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਸਾਰੇ ਪੱਖਾਂ ਦੀ ਘੋਖ ਕਰਨੀ ਚਾਹੀਦੀ ਹੈ । ਅੱਜ ਕੁਝ ਸੜਕਾਂ ਵੀ ਪੁਲਿਸ ਨੇ ਬੰਦ ਕੀਤੀਆਂ ਹੋਈਆਂ ਸਨ, ਜਿਸ ਕਾਰਨ ਆਵਾਜਾਈ ਵੀ ਪ੍ਰਭਾਵਿਤ ਹੋਈ । ਇਸ ਮੌਕੇ ਪੁਲਿਸ ਵਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਤੇ ਜੇਲ੍ਹ ਦੀ ਸੁਰੱਖਿਆ ਵੀ ਵਧਾਈ ਗਈ ਸੀ ।

## ਵਿਰੋਧ ਕਰਨ 'ਤੇ ਭਾਰਤੀ ਸੈਨੇਟਰ ਪ੍ਰੋਮਿਲਾ ਜੈਪਾਲ ਗ੍ਰਿਫ਼ਤਾਰ

**ਸਿਆਟਲ, (ਗੁਰਚਰਨ ਸਿੰਘ ਢਿੱਲੋਂ)-** ਪ੍ਰਵਾਸੀ ਮਾਪਿਆਂ ਨੂੰ ਉਨ੍ਹਾਂ ਦੇ ਬੱਚਿਆਂ ਤੋਂ ਵੱਖ ਕਰਨ ਦੀਆਂ ਨੀਤੀਆਂ ਦਾ ਵਿਰੋਧ ਕਰਨ 'ਤੇ ਅਮਰੀਕਾ ਦੇ ਪ੍ਰਤੀਨਿਧ ਸਦਨ ਦੀ ਸਿਆਟਲ ਤੋਂ ਭਾਰਤੀ ਮੂਲ ਦੀ ਮਹਿਲਾ ਪ੍ਰੋਮਿਲਾ ਜੈਪਾਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪ੍ਰੋਮਿਲਾ ਜੈਪਾਲ ਨੇ ਟਰੰਪ ਪ੍ਰਸ਼ਾਸਨ ਦੀਆਂ ਗਲਤ ਨੀਤੀਆਂ ਦੀ ਡਟ ਕੇ ਵਿਰੋਧਤਾ ਕੀਤੀ। ਪ੍ਰੋਮਿਲਾ ਜੈਪਾਲ ਨੇ ਦੱਸਿਆ ਕਿ ਉਸ ਨੂੰ 500 ਔਰਤਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ, ਜੋ ਡੋਨਾਲਡ ਟਰੰਪ ਰਾਸ਼ਟਰਪਤੀ ਦੇ ਪ੍ਰਸ਼ਾਸਨ ਦੀਆਂ ਪਰਿਵਾਰਾਂ ਨੂੰ ਵੱਖ ਕਰਨ, ਬੱਚਿਆਂ ਨੂੰ ਕੈਦ ਕਰਨ ਤੇ ਅਣਮਨੁੱਖੀ ਨੀਤੀਆਂ ਦਾ ਵਿਰੋਧ ਕਰ ਰਹੀਆਂ ਸਨ। ਸੈਲਮ ਤੋਂ ਗ਼ਦਰ ਮੈਮੋਰੀਅਲ ਫਾਊਂਡੇਸ਼ਨ ਦੇ ਚੇਅਰਮੈਨ ਬਹਾਦਰ ਸਿੰਘ ਨੇ ਪ੍ਰੋਮਿਲਾ ਜੈਪਾਲ ਵਲੋਂ ਟਰੰਪ ਪ੍ਰਸ਼ਾਸਨ ਦਾ ਵਿਰੋਧ ਕਰਨ ਦੀ ਹਮਾਇਤ ਕੀਤੀ।

# ਸੈਲਮਾਂ ਵਿਖੇ 'ਆਸੀਸ ਪ੍ਰੋਗਰਾਮ' ਦੌਰਾਨ ਬਜ਼ੁਰਗਾਂ ਨੂੰ ਦਿੱਤਾ ਸਨਮਾਨ





**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਅੱਜ ਦੇ ਸਮੇਂ ਅੰਦਰ ਵਿਦੇਸੀਆਂ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਪਰਿਵਾਰ ਦਾ ਆਪਸੀ ਇਕ-ਦੂਜੇ ਨੂੰ ਸਮਾਂ ਦੇਣਾ ਬਹੁਤ ਮੁਸ਼ਕਲ ਹੋ ਗਿਆ ਹੈ। ਖਾਸ ਕਰ ਬਹੁਤ ਔਰਤਾਂ ਘਰ ਬਾਹਰੀ ਕੰਮ-ਕਾਰ ਤੋਂ ਇਲਾਵਾ ਘਰ ਦੇ ਚੁੱਲੇ-ਚੌਕੇ (ਰਸੋਈ) ਤੱਕ ਸੀਮਤ ਹੋ ਗਈਆਂ ਹਨ। ਜਿਸ ਦਾ ਵਧੇਰੇ ਅਸਰ ਬਜ਼ੁਰਗ ਔਰਤਾਂ ਉੱਪਰ ਪਿਆ ਹੈ। ਪਰ ਉਨ੍ਹਾਂ ਦੀ ਪਰਿਵਾਰਾਂ ਨੂੰ ਬਹੁਤ ਦੇਣ ਹੈ। ਘਰ ਅੰਦਰ ਰਸ਼ੋਈ ਦੇ ਕੰਮ ਤੋਂ ਬੱਚੇ ਸੰਭਾਲਣ ਤੱਕ ਸਾਰਾ ਕੰਮ ਉਹ ਕਰਦੀਆਂ ਹਨ। ਉਨ੍ਹਾਂ ਦਾ ਹੀ ਆਸੀਰਵਾਦ ਹੈ ਕਿ ਪਰਿਵਾਰ ਖੁਸ਼ਹਾਲ ਜਿੰਦਗੀ ਬਤੀਤ ਕਰ ਰਹੇ ਹਨ। ਇਹ ਪ੍ਰੋਗਰਾਮ ਸਿਰਫ ਔਰਤਾਂ ਲਈ ਹੀ ਸੀ। ਇਸੇ ਸਦਕਾ ਨੌਜਵਾਨ ਔਰਤਾਂ ਨੇ ਮਿਲਕੇ ਸੈਲਮਾਂ ਸ਼ਹਿਰ ਵਿਖੇ "ਆਸ਼ੀਸ਼" ਨਾਂ ਦੇ ਪ੍ਰੋਗਰਾਮ ਦਾ ਆਗਾਜ਼ ਕੀਤਾ। ਜਿੱਥੇ ਮਾਂਵਾਂ-ਧੀਆਂ, ਸੱਸਾ-ਨੂੰਹਾਂ, ਪੋਤੀਆਂ ਆਦਿਕ ਸਭ ਰਲ ਇਕੱਠੀਆਂ ਹੋਈਆਂ ਅਤੇ ਆਪਸੀ ਆਪਸੀ ਰਲ ਵਿਚਾਰਾ ਦੀ ਸਾਂਝ ਪਾਈ। ਇਸ ਸਮੇਂ ਸਿਆਣੀਆਂ ਹਾਜ਼ਰ ਬਜ਼ੁਰਗ ਔਰਤਾਂ ਦਾ ਮਾਣ-ਸਨਮਾਨ ਵੀ ਕੀਤਾ ਗਿਆ। ਜਿਸ ਤੋਂ ਇਲਾਵਾ ਮੰਨੋਰੰਜਨ ਲਈ ਰਲ ਗਿੱਧਾ, ਬੋਲੀਆਂ ਅਤੇ ਗੀਤ-ਸੰਗੀਤ ਦਾ ਪ੍ਰੋਗਰਾਮ ਵੀ ਹੋਇਆਂ। ਇਸ ਸਮੇਂ ਅਜੋਕੇ ਸਮਾਜਿਕ ਹਾਲਾਤਾਂ 'ਤੇ ਚੋਟ ਕਰਦੀਆਂ ਵਿਅੰਗਮਈ ਸਕਿੱਟਾਂ ਵੀ ਕੀਤੀਆਂ ਗਈਆਂ। ਸੱਜ-ਸਵਰ ਕੇ ਆਈਆਂ ਬੀਬੀਆਂ ਨੂੰ ਇਨਾਮ ਦਿੱਤੇ ਗਏ। ਅਜਿਹਾ ਕੀਤਾ ਜਾਣ ਵਾਲਾ ਇਲਾਕੇ ਦਾ ਪਹਿਲਾ ਪ੍ਰੋਗਰਾਮ ਸੀ। ਜਿਸ ਨੂੰ ਸਫਲ ਬਣਾਉਣ ਵਿੱਚ ਰਮਨ ਵਿਰਕ, ਰੈਪਸੀ ਅਤੇ ਅਰਵਿੰਦ ਤੋਂ ਇਲਾਵਾ ਬਹੁਤ ਸਾਰੀਆਂ ਔਰਤਾਂ ਨੇ ਸਹਿਯੋਗ ਦਿੱਤਾ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਪ੍ਰੋਗਰਾਮ ਅਤੇ ਮਾਣ-ਸਨਮਾਨ ਤੋਂ ਬਜ਼ੁਰਗ ਔਰਤਾਂ ਬਹੁਤ ਖੁਸ਼ ਸਨ। ਜੋ ਸੱਚਮੁੱਚ ਹੀ ਨਜ਼ਰ ਆਈਆਂ। ਇਸ ਤਰ੍ਹਾਂ ਲੱਗ ਰਿਹਾ ਸੀ ਕਿ ਇਹ ਖ਼ੁਸ਼ਹਾਲੀ, ਪਿਆਰ ਅਤੇ ਅਪਣੱਤ ਦੀ 'ਆਸੀਸ' ਸਭ ਨੂੰ ਮਿਲ ਗਈ ਹੈ।

# ਸਮਾਜ ਸੇਵਾ ਨੂੰ ਪੂਰੀ ਤਰ੍ਹਾਂ ਸਮਰਪਿਤ ਸਕੰਦਰ ਸਿੰਘ ਗਰੇਵਾਲ ਧਾਂਦਰੇ ਵਾਲੇ, ਵੱਲੋਂ ਟਰੇਸੀ ਗੁਰੂ-ਘਰ ਲਈ ਇੱਕ ਲੱਖ ਗਿਆਰਾਂ ਹਜ਼ਾਰ ਡਾਲਰ ਦਾਨ



**ਟਰੇਸੀ (ਕੈਲੇਫੋਰਨੀਆਂ) ਨੀਟਾ ਮਾਛੀਕੇ /ਕੁਲਵੰਤ ਧਾਲੀਆਂ-** ਵੈਸੇ ਤਾਂ ਸਾਡੇ ਸਾਰੇ ਪੰਜਾਬੀਆਂ ਨੂੰ ਹੀ ਸਮਾਜ ਸੇਵਾ ਦੀ ਗੁੜਤੀ ਵਿਰਸੇ ਵਿੱਚੋਂ ਹੀ ਮਿਲੀ ਹੋਈ ਹੈ।ਪਰ ਸਕੰਦਰ ਸਿੰਘ ਗਰੇਵਾਲ ਧਾਂਦਰੇ ਵਾਲੇ ਸਮਾਜ ਸੇਵੀ ਕੰਮਾਂ ਲਈ ਕੁੱਝ ਜ਼ਿਆਦਾ ਹੀ ਦਰਿਆ ਦਿਲੀ ਵਿਖਾ ਜਾਂਦੇ ਹਨ। ਪਿਛਲੇ ਹਫ਼ਤੇ ਉਹਨਾ ਕੈਲੇਫੋਰਨੀਆਂ ਦੇ ਟਰੇਸੀ ਸ਼ਹਿਰ ਦੇ ਗੁਰੂ ਘਰ ਲਈ ਇੱਕ ਲੱਖ ਗਿਆਰਾਂ ਹਜ਼ਾਰ ਡਾਲਰ ਦਾ ਦਾਨ ਦਿੱਤਾ।

ਇਸ ਮੌਕੇ ਉਹਨਾਂ ਨੇ ਦੱਸਿਆ ਕਿ ਵੈਸੇ ਤਾਂ ਸਾਡੇ ਗੁਰੂਆਂ ਨੇ ਹੀ ਸਮਾਜ ਸੇਵਾ ਨੂੰ ਸਭ ਤੋਂ ਉਤਮ ਸੇਵਾ ਦੱਸਿਆ ਹੈ ਪਰ ਮੇਰੇ ਦਾਦਾ ਦਾਦੀ ਜੀ ਅਤੇ ਪਿਤਾ ਸ:ਸੀਤਲ ਸਿੰਘ ਜੀ ਅਤੇ ਮਾਤਾ ਸ਼੍ਰੀ ਮਤੀ ਅਮਰ ਕੌਰ ਬਹੁਤ ਹੀ ਧਾਰਮਿਕ ਬਿਰਤੀ ਦੇ ਮਾਲਕ ਸਨ। ਉਹ ਅਕਸਰ ਹੀ ਕਿਹਾ ਕਰਦੇ ਸਨ ਕਿ ਬੱਚਿਓ ਪ੍ਰਮਾਤਮਾ ਆਪਾਂ ਨੂੰ ਦਿੰਦਾ ਹੈ ਆਪਾਂ ਉਸ ਵਿੱਚੋਂ ਹੀ ਦਸਵਾਂ ਦਸੌਂਦ ਕੱਢਣਾ ਹੈ ਫੇਰ ਕੀ ਔਖੀ ਗੱਲ ਹੈ ਆਪਣਾ ਕੀ ਲੱਗਦਾ ਹੈ?

ਬਸ ਉਹਨਾਂ ਵੱਲੋਂ ਮਿਲੇ ਸੰਸਕਾਰ ਅਤੇ ਗੁਰੂਆਂ ਦੀ ਸਿੱਖਿਆ ਨੂੰ ਮੱਦੇ ਨਜ਼ਰ ਰੱਖਦਿਆਂ ਹੋਇਆਂ ਮੈਂ ਛੋਟੀਆਂ ਮੋਟੀਆਂ ਸਮਾਜ ਸੇਵਾਵਾਂ ਤਾਂ ਬਹੁਤ ਚਿਰ ਦਾ ਕਰਦਾ ਆ ਰਿਹਾ ਹਾਂ ਜਿਵੇਂ ਛੇ ਗਰੀਬ ਲੜਕੀਆਂ ਦੀਆਂ ਸ਼ਾਦੀਆਂ ਤੇ ਸਾਰਾ ਖਰਚ

ਕੀਤਾ।

ਸੀ. ਐਮ. ਸੀ.ਹਸਪਤਾਲ ਲੁਧਿਆਣਾ ਵਿਖੇ ਦੋ ਗਰੀਬ ਲੜਕੀਆਂ ਰਾਜਵੰਤ ਕੌਰ ਅਤੇ ਸੰਦੀਪ ਕੌਰ ਜੋ ਕਿ ਤੇਜ਼ਾਬ ਪੀੜਤ ਸਨ ਉਹਨਾਂ ਦੇ ਖਰਚ ਦੀ ਲੱਖਾਂ ਰੁਪਏ ਦੀ ਸੇਵਾ ਕਰਨ

ਦ ।

ਸੁਭਾਗ ਵੀ ਪ੍ਰਮਾਤਮਾਂ ਨੇ ਮੈਨੂੰ ਹੀ ਬਖਸ਼ਿਆ ਸੀ। ਪੰਜਾਬ ਜਦੋਂ ਵੀ ਜਾਂਦਾ ਹਾਂ ਪਿੰਗਲ ਵਾੜਾ (ਅੰਮ੍ਰਿਤਸਰ) ਵਿਖੇ ਵਿੱਤ ਅਨੁਸਾਰ ਤਿਲ ਫੁੱਲ ਭੇਟ ਕਰਕੇ ਆਉਂਦਾ ਹਾਂ। ਕੋਈ ਸਮਾਜ ਸੇਵੀ ਸੰਸਥਾ ਸਾਂਝੇ ਕੰਮ ਲਈ ਆ ਜਾਵੇ ਕਦੇ ਵੀ ਖਾਲੀ ਨਹੀਂ ਮੋੜੀ ਆਪਣੀ ਸ਼ਰਧਾ ਆਨਸਾਰ ਜ਼ਰੂਰ ਸੇਵਾ ਕਰਦਾ ਹਾਂ।

ਭਾਵੇਂ ਅਸੀਂ ਵਿਦੇਸ਼ ਆ ਗਏ ਹਨ ਪਰ ਸਾਡੀ ਜਨਮ ਭੋਂਇ ਤਾਂ ਪੰਜਾਬ ਹੀ ਹੈ ਜਿਸ ਨੂੰ ਧਰਤੀ ਮਾਂ ਵੀ ਕਿਹਾ ਜਾਂਦਾ ਹੈ ਫੇਰ ਧਰਤੀ ਮਾਂ ਦੀ ਸੇਵਾ ਤੋਂ ਕਿਉਂ ਪਿੱਛੇ ਹਟੀਏ। ਉਪਰੋਕਤ ਤੁੱਛ ਜਹੀ ਸੇਵਾ ਕਰਨ ਤੋਂ ਬਾਅਦ ਮੇਰੀ ਇੱਕ ਚਰੋਕਣੀ ਇੱਛਾ ਸੀ ਕਿ ਜਿਸ ਪਰਮਾਤਮਾਂ ਨੇ ਐਨੇ ਸੁੰਦਰ ਘਰ ਬਖਸ਼ੇ ਹਨ ਜਦੋਂ ਵੀ ਕੋਈ ਗੁਰੂ ਘਰ ਬਣਨ ਲੱਗਿਆ ਦਿਲ ਖੋਲ ਕੇ ਸੇਵਾ ਕਰਨੀ ਹੈ ਅੱਜ ਉਹ ਮੁਬਾਰਕ ਮੌਕਾ ਆ ਗਿਆ ਹੈ ਜਦੋਂ ਟਰੇਸੀ ਸ਼ਹਿਰ ਵਿੱਚ ਗੂਰੂ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਗੁਰੂ ਘਰ ਬਣਨ ਜਾ ਰਿਹਾ ਹੈ। ਜਦੋਂ ਅਸੀਂ ਆਪਣੇ ਘਰਾਂ ਤੇ ਲੱਖਾਂ ਡਾਲਰ ਖਰਚ ਸਕਦੇ ਹਾਂ ਤਾਂ ਮੇਰੇ ਇਹ ਇੱਕ ਲੱਖ ਗਿਆਰਾਂ ਹਜ਼ਾਰ ਡਾਲਰ ਗੁਰੂ ਦੇ ਘਰ ਲਈ ਤਾਂ ਕੁੱਝ ਵੀ ਨਹੀਂ ਹੈ।

ਮੈਂ ਤਾਂ ਗੁਪਤ ਦਾਨ ਹੀ ਦੇਣਾ ਚਾਹੁੰਦਾ ਸੀ ਪਰ ਪਿਛਲੇ ਦਿਨੀ ਇੱਕ ਵਿਦਵਾਨ ਦੇ ਵਿਚਾਰ ਸੁਣੇ ਸਨ ਜੋ ਆਖ ਰਹੇ ਸਨ ਚੰਗੇ ਕੰਮ ਦੇ ਪਰਚਾਰ ਤੋਂ ਕੰਨੀ ਨਾ ਕਤਰਾਓ ਤੁਹਾਥੋਂ ਪਰੇਰਨਾ ਲੈ ਕੇ ਹੋਰ ਲੋਕ ਵੀ ਚੰਗੇ ਕੰਮ ਲਈ ਪਰੇਰਿਤ ਹੋਣਗੇ। ਪਰਮਾਤਮਾ ਨੇ ਜੇ ਹੋਰ ਸੇਵਾ ਵੀ ਲਾਈ ਤਾਂ ਦਾਸ ਤੇ ਪਰਿਵਾਰ ਤਨ ਮਨ ਅਤੇ ਧਨ ਨਾਲ ਕਰਾਂਗੇ।

# ਜੀ ਐਚ. ਜੀ. ਅਕੈਡਮੀ ਫਰਿਜ਼ਨੋ ਦਾ ਸਾਲਾਨਾ ਸਭਿਆਚਾਰਕ ਕੈਂਪ 6 ਜੁਲਾਈ ਤੋਂ





**ਫਰਿਜ਼ਨੋ (ਬਿਊਰੋ)-** ਜੀ. ਐਚ. ਜੀ. ਅਕੈਡਮੀ ਫਰਿਜ਼ਨੋ ਵੱਲੋਂ ਸਾਲਾਨਾ 10ਵਾਂ ਸਭਿਆਚਾਰਕ ਕੈਂਪ 6 ਜੁਲਾਈ ਤੋਂ ਪੰਜਾਬੀ ਸਕੂਲ ਫਰਿਜ਼ਨੋ ਵਿਖੇ ਸ਼ੁਰੂ ਹੋ ਜਾਵੇਗਾ। ਸਾਰੀਆਂ ਤਿਆਰੀਆਂ ਪੂਰਨ ਮੁਕੰਮਲ ਹੋ ਚੁੱਕੀਆਂਹਨ। 1 ਜੁਲਾਈ ਐਤਵਾਰ ਨੂੰ ਬੱਚਿਆਂ ਦੀ ਪ੍ਰੀ-ਰਜਿਸਟ੍ਰੇਸ਼ਨ ਕੀਤੀ ਗਈ, ਜਿਸ ਵਿਚ 300 ਬੱਚਿਆਂ ਨੇ ਆਪਣੇ ਦਾਖਲਾ ਫਾਰਮ ਭਰੇ। 6 ਜੁਲਾਈ ਤੋਂ ਇਹ ਕੈਂਪ ਸ਼ੁਰੂ ਹੋ ਜਾਵੇਗਾ, ਜਿਸ ਵਿਚ ਤੁਸੀਂ ਆਪਣੇ ਬੱਚਿਆਂ ਦਾ ਦਾਖਲਾ 6 ਅਤੇ 7 ਜੁਲਾਈ ਤੱਕ ਕਰਵਾ ਸਕੋਗੇ। ਸਮੂਹ ਮਾਪਿਆਂ ਨੂੰ ਸੰਸਥਾ ਵੱਲੋਂ ਬੇਨਤੀ ਹੈ ਕਿ ਠੀਕ 5 ਵਜੇ ਆਪਣੇ ਬੱਚੇ ਲੈ ਕੇ ਪੰਜਾਬੀ ਸਕੂਲ ਦੀਆਂ ਗਰਾਊਂਡਾਂ ਵਿਚ ਪਹੁੰਚੇ। ਬੱਚਿਆਂ ਦਾ ਦਾਖਲਾ ਫਾਰਮ ਭਰੋ ਅਤੇ ਆਪਣੇ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ, ਸਭਿਆਚਾਰ, ਧਰਮ ਅਤੇ ਵਿਰਾਸਤ ਨਾਲ ਜੋੜਨ ਦਾ ਉਪਰਾਲਾ ਕਰੋ।

ਯਾਦ ਰਹੇ ਜੀ. ਐਚ. ਜੀ. ਅਕੈਡਮੀ ਇਕ ਗੈਰ ਮੁਨਾਫਾ ਸੰਸਥਾ ਹੈ, ਜੋ ਬੱਚਿਆਂ ਨੂੰ ਸਮਰਪਿਤ ਹੈ, ਜਿਸਨੂੰ ਬੱਚੇ ਹੀ ਆਰਗੇਨਾਈਜ਼ ਕਰਦੇ ਹਨ। 40 ਤੋਂ ਵੱਧ ਕੋਚਾਂ ਦਾ ਕਾਫਲਾ ਡਾ. ਦਲਜਿੰਦਰ ਸਿੰਘ ਜੌਹਲ ਦੀ ਅਗਵਾਈ ਹੇਠ ਸਾਰਾ ਸਾਲ ਬੱਚਿਆਂ ਨੂੰ ਆਪਣੀ ਵਿਰਾਸਤ ਨਾਲ ਜੋੜਨ ਲਈ ਤੱਤਪਰ ਰਹਿੰਦਾ ਹੈ। ਕਮਰਸ਼ੀਅਲ ਕਲਾਕਾਰਾਂ ਨੂੰ ਕੋਈ ਥਾਂ ਨਹੀਂ ਦਿੱਤੀ ਜਾਂਦੀ। ਹੋਰ ਜਾਣਕਾਰੀ ਲਈ ਸੰਪਰਕ ਕਰੋ ਪਰਮਜੀਤ ਧਾਲੀਵਾਲ 559-251-9465, ਗੁਰਦੀਪ ਸ਼ੇਰਗਿੱਲ 559-359-1481

# ਫਰਿਜ਼ਨੋ ਵਿਖੇ ਗਾਇਕ ਰਣਜੀਤ ਬਾਵਾ ਅਤੇ ਗਾਇਕਾ ਅਨਮੋਲ ਗਗਨ ਮਾਨ ਨੇ ਆਪਣੀ ਗਾਇਕੀ ਰਾਹੀ ਬੰਨੇ ਰੰਗ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਪੰਜਾਬੀ ਵਿਰਸੇ ਅਤੇ ਸੱਭਿਆਚਾਰ ਨੂੰ ਪ੍ਰੋਮੋਟ ਕਰਦੇ ਹੋਏ ਐਸ. ਐਮ. ਬ੍ਰਦਰਜ਼ ਇਨਕਲੇਵ, ਐਸ. ਡੀ. ਐਮ. ਸਟਾਰ ਅਤੇ ਬਿਲ ਨਿੱਝਰ ਵੱਲੋਂ 'ਪੰਜਾਬੀ ਫੋਕ' ਦੇ ਨਾਂ ਹੇਠ ਸ਼ਾਨਦਾਰ ਸ਼ੋਅ ਫਰਿਜ਼ਨੋ ਦੇ ਵਾਰਨਰ ਥੀਏਟਰ ਵਿੱਚ ਕਰਵਾਇਆ ਗਿਆ। ਜਿੱਥੇ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਦਰਸ਼ਕਾਂ ਨੇ ਅਨੰਦ ਮਾਣਿਆਂ।

ਸ਼ੋਅ ਦੀ ਸੁਰੂਆਤ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਨੇ ਸਭ ਨੂੰ 'ਜੀ ਆਇਆ' ਅਤੇ ਸਹਿਯੋਗੀਆਂ ਦਾ ਧੰਨਵਾਦ ਕਰਨ ਨਾਲ ਕੀਤੀ। ਇਸ ਉਪਰੰਤ ਗਾਇਕਾ ਨੇਹਾ ਸ਼ਰਮਾਂ ਨੇ ਗੀਤ ਅਤੇ ਇਨ ਹੀਰ ਨੇ ਸ਼ਾਇਰੀ ਰਾਹੀ ਹਾਜ਼ਰੀ ਭਰੀ। ਇਸ ਬਾਅਦ ਗਾਇਕੀ ਦੇ ਚਲੇ ਖੁੱਲ੍ਹੇ ਪ੍ਰੋਗਰਾਮ ਵਿੱਚ ਅਨਮੋਲ ਗਗਨ ਮਾਨ ਨੇ ਆਪਣੇ ਅਤੇ ਹੋਰ ਗਾਇਕਾ ਦੇ ਗਾਏ



ਗੀਤ ਗਾ ਕੇ ਸਭ ਦਾ ਮੰਨੋਰੰਜਨ ਕੀਤਾ। ਜਦਕਿ ਰਣਜੀਤ ਬਾਵੇ ਨੇ ਆਪਣੇ ਨਵੇਂ-ਪੁਰਾਣੇ ਗੀਤਾਂ ਤੋਂ ਇਲਾਵਾ ਆਪਣਾ ਨਵਾਂ ਰਿਕਾਰਡ ਗੀਤ ਜਿਸ ਨੂੰ ਫਰਿਜ਼ਨੋ ਦੇ ਪ੍ਰਸਿੱਧ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ ਦਾ ਲਿਖਿਆ 'ਬੋਹੜਾਂ ਦੀਆਂ ਛਾਵਾਂ' ਗਾ ਹਾਜ਼ਰੀਨ ਨੂੰ ਕੀਲੀ ਰੱਖਿਆ।

ਪ੍ਰਬੰਧਕਾਂ ਵੱਲੋਂ ਸਾਰੇ ਪ੍ਰਬੰਧ ਬਹੁਤ ਵਧੀਆਂ ਢੰਗ ਨਾਲ ਕੀਤੇ ਗਏ ਸਨ। ਜੋ ਸਾਰੇ ਪ੍ਰੋਗਰਾਮ ਦੀ ਸਫਲਤਾ ਲਈ ਵਧਾਈ ਦੇ ਪਾਤਰ ਹਨ। ਜਿੰਨ੍ਹਾਂ ਵਿੱਚ ਜਸਬੀਰ ਸਰਾਏ, ਸੰਨੀ ਮਹਿਤ, ਮਿੰਟੂ ਧਾਲੀਵਾਲ, ਰਾਜ ਧਾਲੀਵਾਲ, ਬਿੱਲ ਨਿੱਝਰ, ਬੌਬੀ ਸਿੱਧੂ,ਬਿੱਟੂ ਕੁੱਸਾ ਆਦਿਕ ਦੇ ਨਾਂ ਲਏ ਜਾ ਸਕਦੇ ਹਨ। ਸਮੁੱਚੇ ਤੌਰ 'ਤੇ ਕਹਿ ਸਕਦੇ ਹਾਂ ਕਿ ਜਿੱਥੇ ਅਨਮੋਲ ਗਗਨ ਮਾਨ ਨੇ ਸਭ ਦਾ ਮਨੋਰੰਜਨ ਕੀਤਾ। ਰਣਜੀਤ ਬਾਵੇ ਨੇ ਦਮਦਾਰ ਅਤੇ ਮਿਆਰੀ ਗਾਇਕੀ ਨਾਲ ਵੀ ਚੰਗਾ ਸਮਾਂ ਬੰਨਿਆ।

# ਯੂਬਾ ਸਿਟੀ 'ਚ ਕਰਵਾਇਆ ਗਿਆ ਵੱਖ ਵੱਖ ਸੱਭਿਆਚਾਰਾਂ ਦਾ ਸੁਮੇਲ



**ਯੂਬਾ ਸਿਟੀ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਯੂਬਾ ਸਿਟੀ 'ਚ ਹਰ ਵਰੇ ਕਰਵਾਏ ਜਾਂਦੇ ਵੱਖ-ਵੱਖ ਸਭਿਆਚਾਰਾਂ ਦੇ ਨਾਚਾਂ ਨੂੰ ਐਤਕਾਂ ਵੀ ਬੀਬੀਆਂ ਨੇ ਬੜੀ ਰੀਝ ਨਾਲ ਮਾਣਿਆ। ਸਿਰਫ ਬੀਬੀਆਂ ਲਈ ਰੱਖੇ ਇਸ ਪ੍ਰੋਗਰਾਮ ਵਿੱਚ ਨੌਜੁਆਨ ਕੁੜੀਆਂ ਨੇ ਵੱਧ ਚੜ ਕੇ ਹਿੱਸਾ ਲਿਆ। ਇਸ ਪ੍ਰੋਗਰਾਮ ਵਿੱਚ ਬੱਚੀਆਂ ਤੋਂ ਲੈ ਕੇ ਬਿਰਧ ਬੀਬੀਆਂ ਨੇ ਸਮੂਲੀਅਤ ਕੀਤੀ। ਇਸ ਪ੍ਰੋਗਰਾਮ ਦਾ ਅਯੋਜਨ ਸਰਵਰ ਵੈਲੀ ਹਾਈ ਸਕੂਲ ਯੁਬਾ ਸਿਟੀ ਦੇ ਐਡੀਟੋਰੀਅਮ ਵਿੱਚ ਕੀਤਾ ਗਿਆ। ਇਸ ਸਾਰੇ ਪ੍ਰੋਗਰਾਮ ਨੂੰ ਨੇਪਰੇ ਚਾੜਨ ਲਈ ਨਵਨੀਤ ਕੌਰ ਰੰਧਾਵਾ, ਕਮਲਜੀਤ ਕੌਰ, ਬਖੋ ਬਿਲਾ, ਤਜਿੰਦਰ ਕੌਰ ਤੇ ਮਨਜੀਤ ਕੋਰ ਦੀ ਸਖਤ ਮਿਹਨਤ ਰੰਗ ਲਿਆਈ। ਇਸ ਪ੍ਰੋਗਰਾਮ ਵਿੱਚ ਤਾਜ ਰੈਸਟੋਰੈਂਟ ਵਾਲੇ ਮਨਜੀਤ ਸਿੰਘ ਅਤੇ ਇੰਦਰਜੀਤ ਕੋਰ ਵਲੋ ਮੁਫਤ ਖਾਣਾ ਦਿੱਤਾ ਗਿਆ।

# ਗੁਰਦੁਆਰਾ ਸਾਹਿਬ ਟਾਇਰਾ ਬਿਉਨਾ ਰੋਡ ਯੂਬਾ ਸਿਟੀ ਦਾ ਪਾਣੀ ਸੌ ਫੀਸਦੀ ਪੀਣ ਯੋਗ

**ਯੂਬਾ ਸਿਟੀ–** ਗੁਰਦੁਆਰਾ ਸਾਹਿਬ ਟਾਇਰਾ ਬਿਉਨਾ ਰੋਡ ਯੂਬ0ਾ ਸਿਟੀ ਵਿਖੇ ਜੋ ਲੰਮੇ ਸਮੇਂ ਤੋਂ ਪੀਣ ਵਾਲੇ ਪਾਣੀ ਦੀ ਸਮੱਸਿਆ ਸੀ, ਉਸ ਲਈ ਨਵਾਂ ਟਿਊਬਵੈਲ ਲਗਾਇਆ ਗਿਆ ਹੈ, ਜਿਸ ਦੀ ਸਾਰੀ ਸੇਵਾ ਸ. ਨਾਹਰ ਸਿੰਘ ਹੀਰ ਅਤੇ ਸ. ਹੈਰੀ ਸਿੰਘ ਹੀਰ ਨੇ ਕੀਤੀ ਹੈ। ਜਿਸ ਦਾ ਪਾਣੀ ਸਟੇਟ ਵਾਟਰ ਰੀਸੋਰਸ ਕੰਟਰੋਲ ਬੋਰਡ ਦੇ ਅਧਿਕਾਰੀਆਂ ਵੱਲੋਂ ਆਪ ਗੁਰਦੁਆਰਾ ਸਾਹਿਬ ਵਿਖੇ ਆ ਕੇ ਸੈਂਪਲ ਲਿਆ ਗਿਆ ਅਤੇ ਜਿਸ ਦਾ ਨਤੀਜਾ 100 ਫੀਸਦੀ ਸਾਫ ਪੀਣ ਯੋਗ ਪਾਣੀ ਹੈ ਅਤੇ ਉਹਨਾਂ ਨੇ ਇਸ ਦਾ ਸਰਟੀਫਿਕੇਟ ਵੀ ਜਾਰੀ ਕੀਤਾ ਹੈ, ਜਿਸ ਨੂੰ ਕਿ ਗੁਰਦੁਆਰਾ ਸਾਹਿਬ ਦੇ ਨੋਟਿਸ ਬੋਰਡ 'ਤੇ ਵੀ ਲਗਾਇਆ ਗਿਆ ਹੈ।



ਪਰ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਕਿਸੇ ਖੇਤਾਂ ਵਾਲੇ ਟਿਊਬਵੈਲ ਤੋਂ ਪਾਣੀ ਭਰ ਕੇ ਉਸ ਨੂੰ ਕਿਸੇ ਪ੍ਰਾਈਵੇਟ ਲੈਬ ਤੋਂ ਗੁਰਦੁਆਰਾਸਾਹਿਬ ਦਾ ਪਾਣੀ ਕਹਿ ਕੇ ਟੈਸਟ ਕਰਵਾਇਆ ਗਿਆ ਜੋ ਕਿ ਕਦੀ ਵੀ ਪਾਸ ਨਹੀਂ ਹੋ ਸਕਦਾ ਸੀ। ਉਸ ਦੀ ਰਿਪੋਰਟ ਨੂੰ ਸੰਗਤਾਂ ਨੂੰ ਵਿਖਾ ਕੇ ਗੁੰਮਰਾਹ ਕੀਤਾ ਜਾ ਰਿਹਾ ਹੈ ਕਿ ਗੁਰਦੁਆਰਾ ਸਾਹਿਬ ਦਾ ਪਾਣੀ ਪੀਣ ਯੋਗ ਨਹੀਂ ਹੈ, ਇਸ ਨੂੰ ਸਿਟੀ ਦੇ ਨਾਲ ਜੋੜਨਾ ਚਾਹੀਦਾ ਹੈ।

ਗੁਰੂ ਘਰ ਵੱਲੋਂ ਜਾਰੀ ਕੀਤੀ ਪ੍ਰੈਸ ਰਿਲੀਜ਼ ਮੁਤਾਬਕ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਦਾ ਪਾਣੀ 100 ਫੀਸਦੀ ਪੀਣਯੋਗ ਹੈ ਪਰ ਫਿਰ ਵੀ ਜੇ ਕੋਈ ਸਿਟੀ ਵਾਟਰ ਦੀ ਲਾਈਨ ਪਵਾਉਣਾ ਚਾਹੁੰਦਾ ਹੈ ਉਸ ਦੀ ਸੇਵਾ ਕਰਨਾ ਚਾਹੁੰਦਾ ਹੈ ਤਾਂ ਕਰ ਸਕਦਾ ਹੈ। ਉਸ ਦਾ ਸਾਰਾ ਖਰਚ ਉਸ ਨੂੰ ਖੁਦ ਕਰਨਾ ਹੋਵੇਗਾ। ਅਸੀਂ ਉਸ ਨੂੰ ਜੀ ਆਇਆਂ ਆਖਾਂਗੇ।

# ਪੰਜਾਬੀ ਭਾਈਚਾਰੇ ਦੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਖੇਡਾਂ ਨਾਲ ਜੋੜਨ ਦੀ ਪ੍ਰਸੰਸਾ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸਿਆਟਲ ਦੇ ਪੰਜਾਬੀ ਭਾਈਚਾਰੇ ਵਲੋਂ ਸਾਂਝੇ ਤੌਰ 'ਤੇ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਪੰਜਾਬੀ ਭਾਈਚਾਰੇ ਦੇ ਸਕੂਲੀ ਬੱਚਿਆਂ ਦਾ ਖੇਡਾਂ ਦਾ ਕੈਂਪ ਲਗਾ ਕੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰਕ ਵਿਰਸੇ ਤੇ ਖੇਡਾਂ ਨਾਲ ਜੋੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਦੀ ਆਮ ਲੋਕਾਂ ਵਲੋਂ ਸ਼ਲਾਘਾ ਕੀਤੀ ਗਈ । ਬੱਚਿਆਂ ਨੂੰ ਸਰੀਰਕ ਫਿਟਨੈੱਸ ਲਈ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਦੀ ਕੋਚਿੰਗ ਮੁਹੱਈਆ ਕੀਤੀ ਜਾ ਰਹੀ ਹੈ, ਜਿਸ ਵਾਸਤੇ ਕਿਸੇ ਬੱਚੇ ਤੋਂ ਕੋਈ ਫੀਸ ਨਹੀਂ, ਸਗੋਂ ਬੱਚਿਆਂ ਨੂੰ ਮੁਫ਼ਤ ਸਪੋਰਟਸ ਕਿੱਟ ਤੇ ਰਿਫ਼ਰੈਸ਼ਮੈਂਟ ਦਿੱਤੀ ਜਾ ਰਹੀ ਹੈ । ਬਾਬਾ ਬੁੱਢਾ ਐਸੋਸੀਏਸ਼ਨ ਆਫ਼ ਅਮਰੀਕਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ (ਘੜਿੰਡਾ) ਤੇ ਉਪ ਪ੍ਰਧਾਨ ਅਮਰਪਾਲ ਸਿੰਘ ਕਾਹਲੋਂ ਵਲੋਂ ਰੰਗ ਬਰੰਗੀ ਸੁੰਦਰ ਸਪੋਰਟਸ ਕਿੱਟ ਮੁਫ਼ਤ ਦਿੱਤੀ ਗਈ, ਜਿਸ ਕਰਕੇ ਉਨ੍ਹਾਂ ਪਿਤਾ ਸੂਬੇਦਾਰ ਹਰਬੰਸ ਸਿੰਘ ਤੇ ਦਲਜੀਤ ਸਿੰਘ ਕਾਹਲੋਂ ਨੂੰ ਸਿਰੋਪਾਓ ਦੇ ਕੇ ਪੰਜਾਬੀ ਭਾਈਚਾਰੇ ਵਲੋਂ ਸਨਮਾਨਿਤ ਕੀਤਾ ਗਿਆ । ਬੱਚਿਆਂ ਨੂੰ ਖੇਡ ਮੈਦਾਨ ਵਿਚ ਖੇਡਦਿਆਂ ਵੇਖ ਕੇ ਬੀਬੀਆਂ, ਮਾਤਾਵਾਂ ਤੇ ਬਜ਼ੁਰਗਾਂ ਨੇ ਖੇਡ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ ।

ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਆਪਸੀ ਮਿ-ਲਵਰਤਣ ਤੇ ਪਿਆਰ-ਮੁਹੱਬਤ ਨਾਲ ਖੇਡਣ ਤੇ ਮਿਲਣ ਦਾ ਮੌਕਾ ਮਿਲ ਰਿਹਾ ਹੈ ਜੋ ਸਿਆਟਲ ਦੇ ਪੰਜਾਬੀ ਭਾਈਚਾਰੇ ਲਈ ਮਾਣ ਦੀ ਗੱਲ ਹੈ ।




ਕੀ ਤੁਸੀਂ ਆਪਣੀਆਂ ਅੱਖਾਂ 'ਤੇ ਯਕੀਨ ਕਰ ਸਕਦੇ ਹੋ ਕਿ ਤਿੰਨ ਯੂਨੀਵਰਸਿਟੀਆਂ ਦੇ ਵੀਸੀ, ਰਿਜ਼ਰਵ ਬੈਂਕ ਦੇ ਸਲਾਹਕਾਰ, ਪਤਾ ਨਹੀਂ ਕਿੰਨੇ ਰਾਸ਼ਟਰੀ ਅੰਤਰਰਾਸ਼ਟਰੀ ਪੱਧਰ ਦੇ ਕਮਿਸ਼ਨਾਂ ਦੇ ਚੇਅਰਮੈਨ ਰਹਿ ਚੁੱਕੇ ਪਦਮ ਵਿਭੂਸ਼ਨ 95 ਸਾਲ ਦੇ ਡਾ. ਸਰਦਾਰਾ ਸਿੰਘ ਜੌਹਲ 'ਮਰੋ ਜਾ ਵਿਰੋਧ ਕਰੋ' ਮੁਹਿੰਮ ਬਾਰੇ ਲੋਕਾਂ ਨੂੰ ਦੱਸਣ ਲਈ ਲੁਧਿਆਣੇ ਦੇ ਇੱਕ ਚੌਂਕ ਵਿੱਚ ਬੈਨਰ ਲਈ ਖੜੇ ਹਨ?
ਪਿਆਰੇ ਪੰਜਾਬ! ਯਕੀਨ ਰੱਖ. ਹਾਲੇ ਆਸ ਮੁੱਕੀ ਨਹੀਂ

# ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ

**ਫਰੀਮਾਂਟ–** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਫਰੀਮਾਂਟ ਦੇ ਗੁਰੂ ਘਰ ਵਿਖੇ ਚਲਦੇ ਦੀਵਾਨਾਂ ਵਿਚ ਸ਼ਹੀਦੀ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਗੁਰ ਇਤਿਹਾਸ 'ਤੇ ਰੌਸ਼ਨੀ ਪਾਈ ਗਈ।ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਠਾਕੁਰ ਸਿੰਘ, ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਮਹਿੰਦਰ ਸਿੰਘ ਰਾਜਪੂਤ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਕਵੀ ਸ਼ਾਮਲ ਹੋਏ।




## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com



## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com

# ਸਿਆਟਲ ਦੇ ਨਾਲ ਲੱਗਦੇ ਸ਼ਹਿਰ ਵੈਨਕੂਵਰ ਵਾਸ਼ਿੰਗਟਨ ਵਿਖੇ ਸਾਲਾਨਾ ਸਰਬ-ਧਰਮ ਸਮਾਗਮ ਕਰਵਾਇਆ



**ਸਿਆਟਲ (ਬਿਊਰੋ)–** ਸਿਆਟਲ ਦੇ ਨਾਲ ਲੱਗਦੇ ਸ਼ਹਿਰ ਵੈਨਕੂਵਰ ਵਾਸ਼ਿੰਗਟਨ ਦੀ ਸੇਂਟ ਐਨਡਰੂਸ ਚਰਚ ਵਿਖੇ ਇੰਟਰਫੇਥ ਕੋਲੀਸ਼ਨ ਆਫ਼ ਸਾਊਥ ਵੈਸਟ ਵਾਸ਼ਿੰਗਟਨ ਸੰਸਥਾ ਵਲੋਂ ਹਰ ਸਾਲ ਵਾਂਗ ਇਸ ਵਾਰ ਵੀ ਇਕ ਸਰਬ-ਧਰਮ ਸਭਾ ਦਾ ਪ੍ਰਬੰਧ ਕੀਤਾ ਗਿਆ। ਇਹ ਸਮਾਗਮ ਸਵੇਰੇ ਦੇ ਨਾਸ਼ਤੇ 'ਤੇ ਰੱਖਿਆ ਗਿਆ ਸੀ, ਜਿਸ 'ਚ ਇਸਾਈ, ਮੁਸਲਿਮ, ਸਿੱਖ ਤੇ ਹੋਰ ਕਈ ਧਰਮਾਂ ਦੇ ਪਤਵੰਤੇ ਸ਼ਾਮਿਲ ਹੋਏ ਤੇ ਸਭ ਨੇ ਆਪੋ-ਆਪਣੇ ਭਾਸ਼ਣ ਦਿੱਤੇ ਤੇ ਮਸਲੇ ਰੱਖੇ। ਸਿੱਖਾਂ ਦੀ ਪ੍ਰਤੀਨਿਧਤਾ ਸਾਊਥ ਵੈਸਟ ਸਿੱਖ ਕਮਿਊਨਿਟੀ ਦੇ ਮੁੱਖ ਬੁਲਾਰੇ ਪਵਨੀਤ ਸਿੰਘ ਨੇ ਕੀਤੀ ਤੇ ਆਪਣੇ ਭਾਸ਼ਣ 'ਚ ਉਨ੍ਹਾਂ ਕਿਹਾ ਕਿ ਅਮਰੀਕਾ ਦੀ 350 ਮਿਲੀਅਨ ਆਬਾਦੀ ਦੇ ਲੋਕਾਂ 'ਚੋਂ 49 ਮਿਲੀਅਨ ਲੋਕ ਭੁੱਖੇ ਸਾਦੇ ਹਨ ਅਤੇ ਸਾਨੂੰ ਸਾਰਿਆਂ ਨੂੰ ਮਿਲ ਕੇ ਆਪਣੇ-ਆਪਣੇ ਸ਼ਹਿਰ 'ਚ ਬੇਘਰੇ ਲੋਕਾਂ ਨੂੰ ਖਾਣਾ ਖਵਾਉਣ 'ਚ ਆਪਣੇ ਭਾਈਚਾਰੇ ਵਲੋਂ ਹਿੱਸਾ ਪਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਅਸੀਂ ਸਿੱਖ ਭਾਈਚਾਰੇ ਵਲੋਂ ਅਗਲੇ ਛੇ ਮਹੀਨੇ (ਹਫ਼ਤੇ 'ਚ ਇਕ ਦਿਨ) ਇਨ੍ਹਾਂ ਬੇਘਰੇ ਲੋਕਾਂ ਨੂੰ ਖਾਣਾ ਦੇਵਾਂਗੇ। ਇਸੇ ਤਰ੍ਹਾਂ ਬਾਕੀ ਭਾਈਚਾਰਾ ਵੀ ਇਕ-ਇਕ ਦਿਨ ਲੋਕਾਂ ਲਈ ਖਾਣੇ ਦਾ ਪ੍ਰਬੰਧ ਕਰੇ। ਸਾਰੇ ਮਹਿਮਾਨਾਂ ਨੇ ਪਵਨੀਤ ਸਿੰਘ ਨਾਲ ਸਹਿਮਤੀ ਪ੍ਰਗਟ ਕੀਤੀ। ਇਸ ਦੇ ਨਾਲ ਹੀ ਸਾਰੀ ਦੁਨੀਆ ਨੂੰ ਸ਼ਾਂਤੀ ਨਾਲ ਰਹਿਣ ਦੀ ਵੀ ਅਪੀਲ ਕੀਤੀ ਗਈ। ਅੱਜ ਦੇ ਇਸ ਸਮਾਗਮ ਦੇ ਮੁੱਖ ਮਹਿਮਾਨ ਸਿਟੀ ਦੀ ਪਹਿਲੀ ਔਰਤ ਮੇਅਰ ਐਨ ਓਗਲ ਸੀ ਤੇ ਸ਼ਹਿਰ ਦੇ ਪੁਲਿਸ ਚੀਫ਼ ਜੇਮ ਮੈਟਲੇਵੇਮਸ ਤੇ ਡਿਪਟੀ ਚੀਫ਼ ਕ੍ਰਿਸ ਸਫ਼ਰ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।

ਗੁਰਦੁਆਰਾ ਗੁਰੂ ਰਾਮ ਦਾਸ ਜੀ ਵੈਨਕੂਵਰ ਦੇ ਪ੍ਰਧਾਨ ਦਰਸ਼ਨਪ੍ਰੀਤ ਸਿੰਘ ਪਤਾਰੀਆ ਤੇ ਸਕੱਤਰ ਗੁਰਜੀਤ ਸਿੰਘ ਰੰਕਾ ਵੀ ਉਚੇਚੇ ਤੌਰ 'ਤੇ ਸਮਾਗਮ ਵਿਚ ਸ਼ਾਮਿਲ ਹੋਏ। ਇਸ ਸਮਾਗਮ 'ਚ ਭਾਰੀ ਗਿਣਤੀ 'ਚ ਪਤਵੰਤੇ ਸ਼ਾਮਿਲ ਹੋਏ। ਇਸ ਮੌਕੇ ਪਹਿਲੀ ਵਾਰ ਇਸ ਸਮਾਗਮ ਵਿਚ ਸਟੇਜ 'ਤੇ ਪ੍ਰਸਿੱਧ ਕੀਰਤਨੀ ਜਥਾ ਭਾਈ ਮਨਪ੍ਰੀਤ ਸਿੰਘ ਬੰਗਲਾ ਸਾਹਿਬ ਵਾਲਿਆਂ ਨੇ ਇਕ ਸ਼ਬਦ 'ਭੂਖੇ ਭਗਤ ਨਾ ਕੀਜੈ' ਸੰਗਤਾਂ ਨੂੰ ਸਰਵਨ ਕਰਵਾਇਆ।



## ਗੁਰੂ ਘਰ ਟਾਇਰਾ ਬਿਊਨਾ ਯੂਬਾ ਸਿਟੀ ਦੇ ਜੂਨ-ਜੁਲਾਈ ਮਹੀਨੇ ਦੇ ਪ੍ਰੋਗਰਾਮ

5 ਜੁਲਾਈ ਵੀਰਵਾਰ ਤੋਂ 7 ਜੁਲਾਈ ਸ਼ਨਿਚਰਵਾਰ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਵੱਲੋਂ ਸ. ਸਵਰਗੀ ਹਰਭਜਨ ਸਿੰਘ ਠਾਕਰ ਪਰਿਵਾਰ ਵੱਲੋਂ।

7 ਜੁਲਾਈ ਸ਼ਨਿਚਰਵਾਰ ਸ਼ਾਮੀ ਸਪੈਸ਼ਲ ਦੀਵਾਨ ਸਰਬ ਰੋਗ ਕਾ ਅਉਖਧ ਨਾਮ।

8 ਜੁਲਾਈ ਐਤਵਾਰ ਸਵੇਰੇ ਦੀਵਾਨ ਕੀਰਤਨ ਕਥਾ ਦੀਵਾਨ ਅਤੇ ਲੰਗਰ ਸੇਵਾ ਵੱਲੋਂ ਸਮੂਹ ਸਾਧ ਸੰਗਤ

# ਓਰੀਗਨ ਦੀ ਸ਼ੈਰੀਡਨ ਜੇਲ੍ਹ 'ਚ ਬੰਦ ਨੌਜਵਾਨਾਂ ਨਾਲ ਸਟੇਟ ਸੈਨੇਟਰਾਂ ਅਤੇ ਵਕੀਲਾਂ ਵਲੋਂ ਵੱਖੋ-ਵੱਖਰੀਆਂ ਮੁਲਾਕਾਤਾਂ

**ਸਿਆਟਲ (ਬਿਊਰੋ)–** ਬੀਤੇ ਕਈ ਦਿਨਾਂ ਤੋਂ ਚਲ ਰਹੀ ਚਰਚਾ ਤੋਂ ਬਾਅਦ ਸਿਆਟਲ ਦੇ ਨਾਲ ਲੱਗਦੀ ਓਰੀਗਨ ਸੂਬੇ ਦੇ ਸ਼ਹਿਰ ਸ਼ੈਰੀਡਨ ਜੇਲ੍ਹ 'ਚ ਬੰਦ 52 ਦੇ ਕਰੀਬ ਪੰਜਾਬੀ ਨੌਜਵਾਨਾਂ ਸਮੇਤ ਕੁੱਲ 123 ਵਿਅਕਤੀਆਂ ਨਾਲ ਓਰੀਗਨ ਦੇ ਸੈਨੇਟਰਾਂ ਤੇ ਵਕੀਲਾਂ ਦੇ ਇਕ ਗਰੁੱਪ ਨੇ ਅੱਜ ਮੁਲਾਕਾਤ ਕਰ ਲਈ ਹੈ। 'ਅਜੀਤ' ਨੂੰ ਭਰੋਸੇਯੋਗ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਕੱਲ੍ਹ ਓਰੀਗਨ ਸਟੇਟ ਦੇ ਦੋ ਯੂ.ਐਸ. ਸੈਨੇਟਰਾਂ ਵਲੋਂ ਇਨ੍ਹਾਂ ਸਾਰੇ ਕੈਦੀਆਂ ਨਾਲ ਮੁਲਾਕਾਤ ਕੀਤੀ ਗਈ ਸੀ, ਜਿਸ 'ਚ ਪੰਜਾਬੀ ਬੋਲਣ ਵਾਲਾ ਦੁਭਾਸ਼ੀਆ ਵੀ ਸੀ। ਇਨ੍ਹਾਂ ਸੈਨੇਟਰਾਂ ਨੇ ਇਨ੍ਹਾਂ ਕੈਦੀਆਂ ਨਾਲ ਵਿਸਥਾਰ ਨਾਲ ਗੱਲਬਾਤ ਕੀਤੀ ਤੇ ਇਨ੍ਹਾਂ ਨੂੰ ਆ ਰਹੀਆਂ ਦਿੱਕਤਾਂ ਬਾਰੇ ਵੀ ਪਤਾ ਕੀਤਾ ਤੇ ਇਨ੍ਹਾਂ ਸੈਨੇਟਰਾਂ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਤੋਂ ਜੇਲ੍ਹ ਅਧਿਕਾਰੀਆਂ ਨੂੰ ਜਾਣੂ ਕਰਵਾਉਣਗੇ। ਇਸੇ ਤਰ੍ਹਾਂ ਅੱਜ ਓਰੀਗਨ ਦੇ ਵਕੀਲ ਦੇ ਇਕ ਪੈਨਲ ਵਲੋਂ ਵੀ ਸ਼ੈਰੀਡਨ ਜੇਲ੍ਹ 'ਚ ਬੰਦ ਸਾਰੇ 123 ਕੈਦੀਆਂ ਨਾਲ ਗੱਲਬਾਤ ਕੀਤੀ। ਇਹ ਵੀ ਪਤਾ ਲੱਗਾ ਹੈ ਕਿ ਅਮਰੀਕਾ ਦੀ ਸਰਹੱਦ ਟੱਪ ਕੇ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਦਾਖ਼ਲ ਵਿਅਕਤੀਆਂ ਨੂੰ ਇਮੀਗ੍ਰੇਸ਼ਨ ਡਿਟੈਨਸ਼ਨ ਸੈਂਟਰਾਂ 'ਚ ਰੱਖਿਆ ਜਾਂਦਾ ਹੈ, ਜਦੋਂ ਕਿ ਇਨ੍ਹਾਂ 123 ਵਿਅਕਤੀਆਂ ਨੂੰ ਫੈਡਰਲ ਜੇਲ੍ਹ 'ਚ ਰੱਖਿਆ ਹੋਇਆ ਹੈ, ਜਿੱਥੇ ਅਪਰਾਧਕ ਕੈਦੀ ਰੱਖੇ




ਜਾਂਦੇ ਹਨ। ਉਨ੍ਹਾਂ ਨਾਲ ਇਨ੍ਹਾਂ ਨੂੰ ਰੱਖਿਆ ਗਿਆ ਹੈ ਜੋ ਗ਼ੈਰ-ਕਾਨੂੰਨੀ ਹੈ। ਇਕ-ਇਕ ਕੋਠੜੀ 'ਚ ਤਿੰਨ-ਤਿੰਨ ਵਿਅਕਤੀਆਂ ਨੂੰ ਰੱਖਿਆ ਹੋਇਆ ਹੈ ਤੇ ਇਨ੍ਹਾਂ ਨੂੰ ਕੋਠੜੀ ਤੋਂ ਬਾਹਰ ਬਹੁਤ ਘੱਟ ਸਮੇਂ ਲਈ ਕੱਢਿਆ ਜਾਂਦਾ ਹੈ। ਇਹ ਵੀ ਪਤਾ ਲੱਗਾ ਹੈ ਕਿ ਸਾਰੇ 123 ਕੈਦੀ ਪੂਰੀ ਤਰ੍ਹਾਂ ਠੀਕ ਹਨ ਤੇ ਖਾਣਾ ਵੀ ਮਿਲ ਰਿਹਾ ਹੈ। ਪਹਿਲਾਂ ਖਾਣਾ ਠੀਕ ਨਾ ਹੋਣ ਦੀ ਸ਼ਿਕਾਇਤ ਜੇਲ੍ਹ ਸੁਪਰਡੈਂਟ ਨੂੰ ਇਨ੍ਹਾਂ ਨੇ ਕੀਤੀ ਸੀ ਪਰ ਇਹ ਤੁਰੰਤ ਠੀਕ ਕਰ ਦਿੱਤਾ ਗਿਆ। ਵਕੀਲਾਂ ਤੇ ਸੈਨੇਟਰਾਂ ਦੇ ਅੰਦਰ ਜਾਣ ਤੋਂ ਬਾਅਦ ਇਹ ਗੱਲ ਵੀ ਪਤਾ ਲੱਗੀ ਹੈ ਕਿ ਜਿਹੜੇ 52 ਦੇ ਕਰੀਬ ਭਾਰਤੀ-ਪੰਜਾਬੀ ਲੜਕੇ ਹਨ, ਇਹ ਨਹੀਂ ਚਾਹੁੰਦੇ ਕਿ ਭਾਰਤੀ ਦੂਤ ਘਰ ਦੇ ਅਧਿਕਾਰੀ ਉਨ੍ਹਾਂ ਨੂੰ ਮਿਲਣ। ਹੁਣ ਇੱਥੋਂ ਦੀਆਂ ਸਮਾਜ ਸੇਵੀ ਸੰਸਥਾਵਾਂ ਜਿਨ੍ਹਾਂ 'ਚ ਵੱਖ-ਵੱਖ ਭਾਈਚਾਰੇ ਦੇ ਨੁਮਾਇੰਦੇ ਸ਼ਾਮਿਲ ਹਨ ਤੇ ਪੰਜਾਬੀ ਭਾਈਚਾਰੇ ਵਲੋਂ ਸਾਊਥ ਵੈਸਟ ਸਿੱਖ ਭਾਈਚਾਰੇ ਦੇ ਮੁੱਖ ਬੁਲਾਰੇ ਪਵਨੀਤ ਸਿੰਘ ਵੀ ਸ਼ਾਮਿਲ ਹਨ। ਇਹ ਮੰਗ ਕਰ ਰਹੇ ਹਨ ਕਿ ਇਨ੍ਹਾਂ ਸਾਰੇ ਕੈਦੀਆਂ ਨੂੰ ਤੁਰੰਤ ਇੱਥੋਂ ਤਬਦੀਲ ਕੀਤਾ ਜਾਵੇ ਤੇ ਇਨ੍ਹਾਂ ਨੂੰ ਬਾਕੀ ਸਰਹੱਦ ਟੱਪਣ ਵਾਲੇ ਕੈਦੀਆਂ ਵਾਂਗ ਜ਼ਮਾਨਤ ਭਰ ਕੇ ਬਾਹਰ ਕੱਢਿਆ ਜਾਵੇ ਤਾਂ ਜੋ ਉਹ ਆਪਣਾ ਵਕੀਲ ਕਰ ਕੇ ਕੇਸ ਲੜ ਸਕਣ। ਹੁਣ ਇਹ ਆਸ ਬੱਝਦੀ ਨਜ਼ਰ ਆ ਰਹੀ ਹੈ ਕਿ ਸ਼ਾਇਦ ਜਲਦੀ ਹੀ ਇਨ੍ਹਾਂ ਨੂੰ ਜ਼ਮਾਨਤ ਭਰ ਕੇ ਬਾਹਰ ਕੱਢ ਦਿੱਤਾ ਜਾਵੇ। ਇਸ ਬਾਰੇ ਆਉਣ ਵਾਲੇ ਦਿਨਾਂ 'ਚ ਸਥਿਤੀ ਸਾਫ਼ ਹੋਵੇਗੀ।

# ਸੁਰਿੰਦਰ ਕੁਮਾਰ ਬੱਧਣ ਨਹੀਂ ਰਹੇ, ਅੰਤਿਮ ਸੰਸਕਾਰ 7 ਜੁਲਾਈ ਨੂੰ



**ਫਰਿਜਨੋ–** ਸੁਰਿੰਦਰ ਕੁਮਾਰ ਬੱਧਣ ਜੋ ਮਿਤੀ 27, 2018 ਦਿਨ ਵੀਰਵਾਰ ਨੂੰ ਅਚਾਨਕ ਹਾਰਟ ਅਟੈਕ ਆਣ ਨਾਲ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ 'ਚ ਜਾ ਵਿਰਾਜੇ ਹਨ। ਇਸ ਖਬਰ ਨਾਲ ਪੂਰੀ ਕਮਿਊਨਿਟੀ ਚ ਸੋਗ ਦੀ ਲਹਿਰ ਫੈਲ ਗਈ, ਉਹਨਾਂ ਦੀ ਉਮਰ 70 ਸਾਲ ਸੀ। ਉਹਨਾਂ ਦੇ ਸਰੀਰ ਨੂੰ ਵਿਦਾਇਗੀ ਜੁਲਾਈ 7, 2018 ਦਿਨ ਸ਼ਨੀਵਾਰ ਨੂੰ Shant Bhavan Punjabi Funeral Home & Cremation 4800 E. Clayton Ave Fowler CA 93625 (559) 240 6863 ਵਿਖੇ 11am to 1Pm ਦਿੱਤੀ ਜਾਵੇਗੀ। ਉਪਰੰਤ ਉਹਨਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਸਹਿਜ ਪਾਠ ਦੇ ਭੋਗ Guru Ravidass Gurughar 5025 S. Cherry Ave Fresno CA 93706 (559) 486-3091 ਵਿਖੇ ਪਾਏ ਜਾਣਗੇ। ਸਭ ਸੰਗਤ ਨੂੰ ਉਹਨਾਂ ਦੀ ਅੰਤਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਬੇਨਤੀ ਹੈ ਜੀਓ। ਅਫਸੋਸ ਲਈ ਉਹਨਾਂ ਦੇ ਪੁੱਤਰ ਅਨਿਲ ਬੱਧਣ (559) 274 2440 ਅਤੇ ਸੁਨੀਲ ਬੱਧਣ (559) 400 5104 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗ੍ਰਿਫਤਾਰ ਪੰਜਾਬੀਆਂ ਨੂੰ ਆਪਣੇ ਸਿਆਸੀ ਸ਼ਰਨ ਦੇ ਕੇਸ ਵਾਪਿਸ ਲੈਣ ਲਈ ਮਜਬੂਰ ਨਾ ਕੀਤਾ ਜਾਵੇ – ਬਹਾਦਰ ਸਿੰਘ

ਪੋਰਟਲੈਂਡ, 1 ਜੁਲਾਈ — ਸਿੱਖ ਸੇਵਾ ਫਾਊਂਡੇਸ਼ਨ ਅਤੇ ਗਦਰ ਮੈਮੋਰੀਅਲ ਫਾਊਂਡੇਸ਼ਨ ਦੇ ਇਕ ਉੱਚ-ਪੱਧਰੀ ਵਫ਼ਦ ਨੇ ਨਾਪਾ ਸਟੇਟ ਦੇ ਚੇਅਰਮੈਨ ਸ. ਬਹਾਦਰ ਸਿੰਘ ਦੀ ਅਗਵਾਈ ਵਿਚ ਸੈਨੇਟਰ ਰੌਨ ਵਾਈਡਨ ਨਾਲ ਲੱਗਭਗ ਇਕ ਘੰਟਾ ਮੀਟਿੰਗ ਕੀਤੀ। ਮੀਟਿੰਗ ਵਿਚ ਔਰੀਗਨ ਜੇਲ੍ਹ 'ਚ ਬੰਦ 52 ਪੰਜਾਬੀ ਨੌਜਵਾਨਾਂ ਅਤੇ ਓਟੇਰੋ ਪ੍ਰਾਸੈਸਿੰਗ ਸੈਂਟਰ 'ਚ ਬੰਦ 70 ਪੰਜਾਬੀ ਨੌਜਵਾਨਾਂ ਦੀ ਰਿਹਾਈ ਦਾ ਮਾਮਲਾ ਵਿਚਾਰਿਆ ਗਿਆ। ਅੱਜ ਇਮੀਗ੍ਰੇਸ਼ਨ ਅਤੇ ਰਫ਼ਿਊਜੀ ਕਮਿਊਨਟੀ ਈਵੈਂਟ ਮੌਕੇ ਵੱਖ-ਵੱਖ ਕਮਿਊਨਟੀਆਂ ਦੇ ਪ੍ਰਤੀਨਿਧਾਂ ਨੇ ਵੀ ਆਪਣੇ ਲੋਕਾਂ ਦੀਆਂ ਦਰਪੇਸ਼ ਸਮਾਜਿਕ ਤੇ ਰਾਜਨੀਤਿਕ ਬੇਇਨਸਾਫ਼ੀਆਂ ਦੇ ਮਾਮਲਿਆਂ ਦੀ ਚਰਚਾ ਕੀਤੀ। ਸੈਨੇਟਰ ਵਾਈਡਨ ਨੇ ਵੀ ਇਨ੍ਹਾਂ ਪ੍ਰਤੀਨਿਧਾਂ ਨਾਲ ਅਜਿਹੇ ਮਾਮਲਿਆਂ 'ਤੇ ਚਿੰਤਾ ਪ੍ਰਗਟਾਈ ਅਤੇ ਭਰੋਸਾ ਦਿੱਤਾ ਕਿ ਇਸ ਸਬੰਧ 'ਚ ਉਨ੍ਹਾਂ ਦੀ ਲੜਾਈ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਬਹੁਤੇ ਕਾਨੂੰਨਘਾੜੇ ਇਸ ਮਾਮਲੇ ਤੋਂ ਜਾਣੂ ਹਨ ਪਰ ਇਸ ਪਾਸੇ ਧਿਆਨ ਨਹੀਂ ਦੇ ਰਹੇ। ਨਾਪਾ ਔਰਗੇਨ ਸਟੇਟ ਦੇ ਚੇਅਰਮੈਨ ਬਹਾਦਰ ਸਿੰਘ ਨੇ ਕਿਹਾ ਕਿ ਕਈ ਕੈਦੀ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਵੀ ਆਪਣੇ ਵਕੀਲਾਂ ਨੂੰ ਨਿੱਜੀ ਤੌਰ 'ਤੇ ਜਾਂ ਉਨ੍ਹਾਂ ਦੁਆਰਾ ਸਥਾਪਤ ਕੀਤੀਆਂ



ਹੌਟਲਾਈਨਾਂ ਰਾਹੀਂ ਪਹੁੰਚ ਕਰਨ ਤੋਂ ਅਸਮਰਥ ਹਨ। ਉਨ੍ਹਾਂ ਇਹ ਵੀ ਕਿਹਾ ਕਿ ਜੇਲ੍ਹ ਅਧਿਕਾਰੀ ਅਜਿਹੀਆਂ ਸਥਿਤੀਆਂ ਪੈਦਾ ਕਰ ਕੇ ਕੈਦੀਆਂ ਨੂੰ ਕਾਨੂੰਨੀ ਪ੍ਰਤੀਨਿਧਾਂ ਨਾਲ ਜਾਂ ਇਸ ਤੋਂ ਬਿਨਾਂ ਸ਼ਰਨ ਦੇ ਕੇਸ ਵਾਪਸ ਲੈਣ ਲਈ ਮਜ਼ਬੂਰ ਕਰ ਰਹੇ ਹਨ। ਉਨ੍ਹਾਂ ਨੇ ਅੱਗੇ ਕਿਹਾ ਕਿ ਮੌਜੂਦਾ ਰਾਸ਼ਟਰਪਤੀ ਦੇ ਅਹੁਦਾ ਸੰਭਾਲਣ ਤੋਂ ਬਾਅਦ ਅਮਰੀਕਾ ਵਿਚ ਨਸਲੀ ਅਪਰਾਧ ਵੱਧ ਰਹੇ ਹਨ। ਸਿੱਖ ਭਾਈਚਾਰਾ 9/11 ਦੇ ਬਾਅਦ ਸਭ ਤੋਂ ਵੱਡਾ ਪੀੜਤ ਹੈ। ਹੁਣ ਸਿੱਖ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਸਕੂਲਾਂ ਵਿਚ ਭੇਜਣ ਤੋਂ ਡਰਦੇ ਹਨ ਕਿਉਂਕਿ ਉਨ੍ਹਾਂ ਦੇ ਲੰਮੇ ਵਾਲ ਹਨ। ਉਨ੍ਹਾਂ ਨੇ ਪ੍ਰਵਾਸੀਆਂ ਦੀਆਂ ਹੋਰ ਚਿੰਤਾਵਾਂ ਨੂੰ ਵੀ ਸਾਂਝਾ ਕੀਤਾ, ਜੋ ਆਪਣੇ ਵਰਕ ਪਰਮਿਟ ਦੇ ਨਵੀਨੀਕਰਨ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਅੱਗੇ ਵਿਸਥਾਰ ਨਾਲ ਦੱਸਿਆ ਕੇ ਇਹ ਲੋਕ ਇਸ ਗੱਲ ਨੂੰ ਲੈ ਕੇ ਡਰੇ ਹੋਏ ਹਨ ਕਿ ਉਨ੍ਹਾਂ ਨੂੰ ਅਮਰੀਕਾ ਵਿਚ ਕੰਮ ਕਰਨ ਦੇ ਅਧਿਕਾਰ ਨੂੰ ਵਧਾਉਣ ਦੀ ਆਗਿਆ ਨਹੀਂ ਮਿਲੇਗੀ।

ਸੰਤ ਹਨੂਮਾਨ ਸਿੰਘ ਖ਼ਾਲਸਾ ਨੇ ਅਮਰੀਕਾ ਵਿਚ ਧਾਰਮਿਕ ਆਜ਼ਾਦੀ ਬਾਰੇ ਗੱਲ ਕੀਤੀ ਅਤੇ ਇਸ ਨੂੰ ਮੌਜੂਦਾ ਸਿਆਸੀ ਤੇ ਸਮਾਜਿਕ ਦ੍ਰਿਸ਼ ਨਾਲ ਜੋੜਿਆ। ਨਾਪਾ ਆਗੂ ਗੁਰਜੀਤ ਸਿੰਘ ਰੰਕਾ, ਨਵਨੀਤ ਕੌਰ ਅਤੇ ਓਰੇਗਨ ਦੇ ਇਤਿਹਾਸਕਾਰ ਜੋਹਾਣਾ ਓਗਡਨ ਵੀ ਇਸ ਮੌਕੇ 'ਤੇ ਮੌਜੂਦ ਸਨ।

**–(ਰਾਜ ਗੋਗਨਾ)**


## Matrimonials

Punjabi (Ramdasia Sikh) Clean shave boy age 27 yrs.
5' 7" In San Jose, California. BA Degree in Accounting.
Working in a corporate office as a Sr. Accountant.
We are looking for a girl in a Sikh family. Caste: No Bar
Contact: 408.528.4489 Email: tsumman@yahoo.com

----------------

Parents seek suitable medico match for their Dentist Doctor daughter, US Citizen, 34 yrs, 5'-4", attractive, never married, family oriented. Caste no bar. Call or text,
Ph: 916-254-6378 or E-mail:psmiles1212@gmail.com


# ਨਿਊਯਾਰਕ ਦੇ ਟਾਈਮਜ਼ ਸੁਕੇਅਰ ਵਿਖੇ ਸਿੱਖਾਂ ਵੱਲੋਂ ਭਾਰੀ ਰੋਸ ਰੈਲੀ




**ਨਿਊਯਾਰਕ (ਹੁਸਨ ਲੜੋਆ ਬੰਗਾ)–** ਇੱਥੇ 1984 ਵਿੱਚ ਭਾਰਤ ਦੀ ਫ਼ੌਜੀ ਵਲੋਂ ਦਰਬਾਰ ਸਾਹਿਬ ਤੇ ਕੀਤੇ ਗਏ ਹਮਲੇ ਦੀ 34ਵੀ ਵਰ੍ਹੇ-ਗੰਢ ਮੌਕੇ ਈਸਟ ਕੋਸਟ ਸਿੱਖ ਕੋਆਰਡੇਸ਼ਨ ਕਮੇਟੀ, ਸਿੱਖ ਕਲਚਰਲ ਸੁਸਾਇਟੀ ਅਤੇ ਟਰਾਈ ਸਟੇਟ ਦੀਆਂ ਪੰਥਕ ਜਥੇਬੰਦੀਆਂ ਵੱਲੋਂ ਸਥਿਤ ਟਾਈਮਜ਼ ਸਕੁਏਅਰਜ਼ ਵਿਖੇ ਜ਼ੋਰਦਾਰ ਰੋਸ ਰੈਲੀ ਕੀਤੀ ਗਈ। ਇੱਥੇ ਇਸ ਰੈਲੀ ਵਿੱਚ ਨਿਊਯਾਰਕ, ਨਿਊ ਜਰਸੀ, ਪਿਸਲੀਆ, ਕੈਕਟੀਕਟ, ਰਿਜੀਆ ਅਤੇ ਫਿਲਾਡਲਫੀਆ ਤੋਂ ਸਿੱਖ ਸੰਗਤਾਂ ਨੇ ਸ਼ਮੂਲੀਅਤ ਕੀਤੀ ਉੱਥੇ ਇਹ ਰੋਸ ਰੈਲੀ ਆਏ ਸੈਲਨੀਆਂ ਲਈ ਖਿੱਚ ਦਾ ਕੇਂਦਰ ਰਹੀ। ਈਸਟ ਕੋਸਟ ਸਿੱਖ ਕੋਆਰਡੇਸ਼ਨ ਕਮੇਟੀ ਦੇ ਬੁਲਾਰੇ ਸ. ਹਰਜਿੰਦਰ ਸਿੰਘ ਨੇ ਪਰੈਸ ਦੇ ਨਾਂਅ ਸੰਦੇਸ਼ ਪੜਦਿਆਂ ਕਿਹਾ ਕਿ 1984 ਦੇ ਘੱਲੂਘਾਰੇ ਅਤੇ ਸਿੱਖ ਨਸਲਕੁਸ਼ੀ ਨੇ ਖਾਲਿਸਤਾਨ ਦੀ ਨੀਂਹ ਰੱਖ ਦਿੱਤੀ ਸੀ ਅਤੇ ਪਿਛਲੇ 34 ਸਾਲਾਂ ਤੋਂ ਹੁਕੂਮਤ ਵਲੋ ਸਿੱਖਾਂ ਤੇ ਹਮਲੇ ਨਿਰੰਤਰ ਜਾਰੀ ਹਨ। 2015 ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਵਾਂ ਦੀ ਸ਼ੁਰੂਆਤ ਹੋਈ ਅਤੇ ਅੱਜ ਵੀ ਜਾਰੀ ਹੈ।

# ਪੰਜਾਬ ਦੀ ਨਸ਼ਾ ਵਿਰੋਧੀ ਲਹਿਰ

ਪੰਜਾਬ ਵਿਚ ਅੱਜਕਲ੍ਹ ਨਸ਼ਿਆਂ ਦੇ ਖਿਲਾਫ ਇਕ ਜ਼ੋਰਦਾਰ ਲਹਿਰ ਚੱਲ ਰਹੀ ਹੈ। ਇਹ ਲਹਿਰ ਸੋਸ਼ਲ ਮੀਡੀਆ ਤੋਂ ਆਰੰਭ ਹੋ ਕੇ ਹੁਣ ਜਨਤਕ ਹਲਕਿਆਂ ਵਿਚ ਆ ਚੁੱਕੀ ਹੈ। ਹਰ ਰੋਜ਼ ਮੀਡੀਆ ਨਸ਼ਿਆਂ ਕਾਰਨ ਮਰ ਰਹੇ ਨੌਜਵਾਨਾਂ ਬਾਰੇ ਖੁੱਲ੍ਹ ਕੇ ਦੱਸ ਰਿਹਾ ਹੈ। ਸਮਾਜ ਦੇ ਸਾਰੇ ਤਬਕਿਆਂ ਦੇ ਲੋਕ ਸੜਕਾਂ 'ਤੇ ਉਤਰ ਆਏ ਹਨ। ਬੁੱਧੀਜੀਵੀ, ਕਲਾਕਾਰ, ਖਿਡਾਰੀ, ਆਮ ਨਾਗਰਿਕ ਸਾਰੇ ਇਸ ਲਹਿਰ ਦਾ ਹਿੱਸਾ ਬਣ ਰਹੇ ਹਨ। ਸਰਕਾਰ ਦੇ ਵੀ ਬਹੁਤ ਸਾਰੇ ਅਧਿਕਾਰੀ ਇਸ ਲਹਿਰ ਦਾ ਖੁੱਲ੍ਹੇਆਮ ਸਮਰਥਨ ਕਰ ਰਹੇ ਹਨ। ਇਸ ਲੋਕ ਮੁਹਿੰਮ ਤੋਂ ਡਰਦਿਆਂ ਪੰਜਾਬ ਸਰਕਾਰ ਦੀ ਸੋਮਵਾਰ ਨੂੰ ਇਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿਚ ਨਸ਼ਾ ਸਮਗਲਰਾਂ ਨੂੰ ਮੌਤ ਦੀ ਸਜ਼ਾ ਦੇਣ ਲਈ ਕਾਨੂੰਨ 'ਚ ਸੋਧ ਕਰਨ ਵਾਸਤੇ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜਣ ਦਾ ਫੈਸਲਾ ਕੀਤਾ ਗਿਆ। ਮੁੱਖ ਮੰਤਰੀ ਦੀ ਅਗਵਾਈ ਵਿਚ ਕੈਬਨਿਟ ਸਬ-ਕਮੇਟੀ ਦਾ ਗਠਨ ਵੀ ਕੀਤਾ ਗਿਆ ਜੋ ਇਸ ਮੁੱਦੇ 'ਤੇ ਹਰ ਹਫਤੇ ਸਮੀਖਿਆ ਕਰੇਗੀ।ਗ੍ਰਹਿ ਸਕੱਤਰ ਦੀ ਅਗਵਾਈ ਵਿਚ ਇਕ ਸਪੈਸ਼ਲ ਵਰਕਿੰਗ ਗਰੁੱਪ ਦਾ ਗਠਨ ਵੀ ਕੀਤਾ ਗਿਆ ਹੈ। ਪੁਲਿਸ ਦੇ ਦਾਗੀ ਅਧਿਕਾਰੀਆਂ ਖਿਲਾਫ ਸਖਤ ਕਾਰਵਾਈ ਕਰਨ ਦਾ ਫੈਸਲਾ ਕੀਤਾ ਗਿਆ। ਇਸ ਦੌਰਾਨ ਮੋਗਾ ਦੇ ਐਸ. ਐਸੀ ਪੀ. ਦੀ ਬਦਲੀ ਕਰ ਦਿੱਤੀ ਅਤੇ ਇਕ ਡੀ. ਐਸ. ਪੀ. ਤੇ ਹੈਡ ਕਾਂਸਟੇਬਲ ਨੂੰ ਬਰਖਾਸਤ ਕਰ ਦਿੱਤਾ ਗਿਆ। ਦੂਜੇ ਪਾਸੇ ਸੋਮਵਾਰ ਨੂੰ ਹੀ ਤਿੰਨ ਹੋਰ ਨੌਜਵਾਨ ਨਸ਼ੇ ਦੀ ਓਵਰਡੋਜ਼ ਦੇ ਕਾਰਨ ਮਾਰੇ ਗਏ। ਅਗਲੇ ਦਿਨ ਫਿਰ ਚਾਰ ਨੌਜਵਾਨਾਂ ਦੀ ਮੌਤ ਹੋ ਗਈ। ਇਸੇ ਤਰ੍ਹਾਂ ਇਕ ਮਹੀਨੇ ਵਿਚ ਨਸ਼ੇ ਦੇ ਕਾਰਨ ਮਰਨ ਵਾਲਿਆਂ ਦੀ ਗਿਣਤੀ 34 ਤੱਕ ਪਹੁੰਚ ਗਈ। ਨਸ਼ਿਆਂ ਕਾਰਨ ਹੋ ਰਹੀਆਂ ਇਹ ਮੌਤਾਂ ਪੰਜਾਬ ਦੀ ਲੋਕ ਲਹਿਰ ਨੂੰ ਹੋਰ ਪ੍ਰਚੰਡ ਕਰ ਰਹੀਆਂ ਹਨ।

ਹਾਲਾਂਕਿ ਪੰਜਾਬ ਸਰਕਾਰ ਲੋਕ ਲਹਿਰ ਦੇ ਕਾਰਨ ਚੌਕਸ ਹੋ ਗਈ ਹੈ ਪਰ ਫਾਂਸੀ ਦੀ ਸਜ਼ਾ ਵਰਗੀ ਵਿਵਸਥਾ ਵੀ ਇਸ ਸਮੱਸਿਆ ਦਾ ਹੱਲ ਨੀਂ ਕੱਢ ਸਕਦੀ, ਕਿਉਂਕਿ ਪਹਿਲਾਂ ਹੀ ਪੰਜਾਬ ਵਿਚ ਨਸ਼ਿਆਂ ਸਬੰਧੀ ਸਖਤ ਕਾਨੂੰਨ ਲਾਗੂ ਹੈ। ਸੁਣਿਆ ਜਾਂਦਾ ਹੈ ਕਿ ਪੰਜਾਬ ਵਿਚ ਨਸ਼ਾ ਸਪਲਾਈ ਇਕ ਵਪਾਰ ਬਣ ਚੁੱਕਾ ਹੈ ਅਤੇ ਇਸ ਵਿਚ ਪ੍ਰਸ਼ਾਸਨ ਅਤੇ ਨਸ਼ਾ ਸਮਗਲਰਾਂ ਦੀ ਮਿਲੀ-ਭੁਗਤ ਵੀ ਸਮੱਸਿਆ ਵਧਾ ਰਹੀ ਹੈ। ਪੰਜਾਬ ਵਿਚ ਸਿਰਫ ਸਿੰਥੈਟਿਕ ਨਸ਼ਿਆਂ ਕਾਰਨ ਨਹੀਂ ਬਲਕਿ ਸ਼ਰਾਬ ਦੇ ਕਾਰਨ ਵੀ ਸੈਂਕੜੇ ਲੋਕੀ ਹਰ ਮਹੀਨੇ ਮਾਰੇ ਜਾ ਰਹੇ ਹਨ। ਸ਼ਰਾਬ ਪੰਜਾਬ ਵਿਚ ਬਹੁਤ ਮਹਿੰਗੀ ਹੋਣ ਕਾਰਨ ਲੋਕੀ ਸਸਤੀ ਅਤੇ ਨਕਲੀ ਸ਼ਰਾਬ ਪੀ ਰਹੇ ਹਨ। ਸ਼ਰਾਬ ਦਾ ਵੀ ਇਕ ਵੱਡਾ ਮਾਫੀਆ ਪੰਜਾਬ ਵਿਚ ਬਣ ਚੁੱਕਾ ਹੈ, ਜੋ ਕਿਹਾ ਜਾਂਦਾ ਹੈ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਆਪਣਾ ਕੰਮ ਚਲਾਈ ਜਾਂਦਾ ਹੈ। ਇਸ ਸਮੱਸਿਆ ਦਾ ਕੋਈ ਸਥਾਈ ਹੱਲ ਫਿਲਹਾਲ ਨਜ਼ਰ ਨਹੀਂ ਆ ਰਿਹਾ ਹੈ। ਨਸ਼ੇ ਪੰਜਾਬ ਵਿਚ ਸ਼ੁਰੂ ਤੋਂ ਹਨ ਪਰ ਪਹਿਲਾਂ ਲੋਕੀ ਜ਼ਿਆਦਾਤਰ ਅਫੀਮ, ਡੋਡੇ ਆਦਿ ਖਾਂਦੇ ਸਨ। ਜਦੋਂ ਤੋਂ ਇਹਨਾਂ ਵਿਰੁੱਧ ਸਖਤੀ ਆਰੰਭ ਹੋਈ ਹੈ ਪੰਜਾਬ ਵਿਚ ਤਰ੍ਹਾਂ-ਤਰ੍ਹਾਂ ਦੇ ਹੋਰ ਨਸ਼ੇ ਵੇਖਣ ਨੂੰ ਮਿਲ ਰਹੇ ਹਨ। ਇਸ ਕਰਕੇ ਸਰਕਾਰ ਦੀ ਸਮੁੱਚੀ ਨਸ਼ਾ ਵਿਰੋਧੀ ਮੁਹਿੰਮ ਦੀ ਮੁੜ ਸਮੀਖਿਆ ਦੀ ਲੋੜ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

(ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-70

## ਗੁਰਬਾਣੀ ਚਾਨਣ ਚ ਹੁਕਮ ਤੇ ਹੁਕਮਨਾਮਾ



ਅਵਤਾਰ ਸਿੰਘ ਮਿਸ਼ਨਰੀ
510-432-5827

ਹੁਕਮ-ਇਹ ਅਰਬੀ ਭਾਸ਼ਾ ਦਾ ਲਫਜ਼ ਹੈ ਜਿਸ ਦੇ ਅਰਥ ਆਦੇਸ਼ ਜਾਂ ਨਿਰਣੈ ਹਨ (ਪਰਸ਼ੀਅਨ ਇੰਗਲਿਸ਼ ਡਿਕਸ਼ਨਰੀ) ਗੁਰਮਤਿ ਅਨੁਸਾਰ ਹੁਕਮ ਲਫਜ਼ ਤੋਂ ਭਾਵ ਕਰਤਾਰੀ ਵਿਧਾਨ ਹੈ ਜਿਸ ਅਧੀਨ ਸਾਰੇ ਸੰਸਾਰ ਦਾ ਪਸਾਰਾ ਹੈ। ਸੰਸਾਰ ਤੇ ਸਭ ਖੰਡਾਂ-ਬ੍ਰਹਮੰਡਾਂ, ਲੋਕਾਂ-ਪ੍ਰਲੋਕਾਂ ਵਿਚਲੇ ਸਾਰ ਜੀਵ-ਜੰਤ ਉਸ ਹੁਕਮੀ ਦੇ ਸਰਬਿਆਪੀ ਵਿਧਾਨ ਦੇ ਅਧੀਨ ਹਨ। ਉਨਾਂ ਦਾ ਜਨਮ ਵਿਕਾਸ ਅਤੇ ਵਿਨਾਸ ਸਭ ਕੁਝ ਸਰਬ ਸ਼ਕਤੀਮਾਨ ਪ੍ਰਮਾਤਮਾਂ ਪਰ ਨਿਰਭਰ ਕਰਦਾ ਹੈ। ਦੂਰ ਦ੍ਰਿਸ਼ਟੀ ਨਾਲ ਪਤਾ ਲਗਦਾ ਹੈ ਕਿ ਕਰਤੇ ਦੇ ਹੁਕਮ ਚ ਹੀ ਸੰਸਾਰ ਦੇ ਸਾਰੇ ਕਾਰਜ ਹੋ ਰਹੇ ਹਨ-

ਏਕੋ ਹੁਕਮੁ ਵਰਤੈ ਸਭ ਲੋਈ॥(੨੨੩) ਪ੍ਰਭੂ ਹੁਕਮ ਸਰਬ ਸ੍ਰੇਸ਼ਟ ਹੈ, ਉਸ ਬਾਰੇ ਸਾਡੀ ਸਿਆਣਪ ਕੰਮ ਨਹੀਂ ਆਉਂਦੀ-ਸਿਆਣਪ ਕਾਹੂ ਕਾਮਿ ਨ ਆਤ॥ ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ॥(੪੯੬) ਇਹ ਕਹਿਣ ਸੁਣਨ ਦਾ ਵਿਸ਼ਾ ਨਹੀਂ ਸਗੋਂ ਅੰਤਰ ਅਤਾਮੇ ਅਨਭਵ ਹੁੰਦਾ ਹੈ-ਹੁਕਮ ਨ ਜਾਪੀ ਕੇਤੜਾ ਕਹਿ ਨ ਸਕੀਜੈ ਕਾਰ॥ਆਖਹਿ ਥਕਹਿ ਆਖਿ ਆਖਿ ਕਰਿ ਸਿਫਤੀ ਵੀਚਾਰ॥(੧੨੪੧) ਪ੍ਰਭੂ ਦੀ ਸਿਫਤ ਤੇ ਨਾਮ ਜਪਣਾ ਹੀ ਹੁਕਮ ਹੈ-ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥(੭੨) ਹੁਕਮ ਅਟੱਲ ਹੈ ਜੋ ਮੇਟਿਆ ਨਹੀ ਜਾ ਸਕਦਾ-ਹੁਕਮੁ ਨ ਜਾਈ ਮੇਟਿਆ..॥(੧੦੯੧) ਕੋਈ ਵੀ ਜੀਵ ਹੁਕਮ ਤੋਂ ਬਾਹਰ ਨਹੀਂ-ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨਾ ਕੋਇ॥(ਜਪੁਜੀ) ਕਰਮ ਮਨੁੱਖਾ ਜੀਵਨ ਦਾ ਅਧਾਰ ਤੇ ਫਲ ਹਨ-ਫਲ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ॥(੪੬੮) ਉਹ ਸਿਆਣਾ ਤੇ ਇਜ਼ਤਵਾਲਾ ਹੈ ਜਿਸ ਨੂੰ ਹੁਕਮ ਚੰਗਾ ਲਗੇ-ਸੋ ਸਿਆਣਾ ਸੋ ਪਤਿਵੰਤਾ ਹੁਕਮ ਲਗੈ ਜਿਸੁ ਮੀਠਾ ਜੀਉ॥(੧੦੮) ਪਰ ਵਿਰਲੇ ਗੁਰਮੁਖ ਨੂੰ ਹੀ ਹੁਕਮ ਦੀ ਸੋਝੀ ਹੁੰਦੀ ਹੈ-ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ॥(੧੪੪)

ਹੁਕਮ ਪਛਾਨਣਾ ਹੀ ਨੈਤਿਕ ਅਧਿਆਤਮਿਕ ਪ੍ਰਾਪਤੀ ਤੇ ਹੁਕਮ ਬੁੱਝਣ ਲਈ ਜੀਵ ਨੂੰ ਆਤਮਾਂ ਦੇ ਧੁਰ ਅੰਦਰਲੇ ਕੇਂਦਰ ਵੱਲ ਜਾਣਾ ਪੈਂਦਾ ਅਤੇ ਇਸ ਦੀ ਸਮਝ ਗੁਰੂ ਸ਼ਬਦ ਰਾਹੀਂ ਹੁੰਦੀ ਹੈ-ਗੁਰ ਕੈ ਸ਼ਬਦਿ ਹੁਕਮੁ ਪਛਾਣੁ॥(੨੨੩) ਇਸ ਹੁਕਮ ਨੂੰ ਸਮਝਣਵਾਲਾ ਹੀ ਹਉਮੈਂ ਦੀ ਵਿਕਾਰੀ ਅਵੱਸਥਾ ਤੋਂ ਮਕਤਿ ਹੋ ਸਕਦਾ ਹੈ। ਪ੍ਰਭੂ ਹੁਕਮ ਨੂੰ ਜੀਵਨ ਅਧਾਰ ਬਨਾਉਣ ਵਾਲਾ ਸੁਖੀ ਰਹਿੰਦਾ ਹੈ-ਹੁਕਮੁ ਮੰਨਿ ਸੁਖ ਪਾਇਆ ਪ੍ਰੇਮ ਸੁਹਾਗਣਿ ਹੋਇ॥(੫੧੦) ਹੁਕਮ ਨਾ ਸਮਝਣ ਵਾਲੇ ਹੀ ਦੁੱਖੀ ਤੇ ਖੁਆਰ ਹੁੰਦੇ ਹਨ। ਇਸ ਲਈ ਮਨ-ਮਤਿ ਨੂੰ ਤਿਆਗ ਕੇ ਹੁਕਮ ਨੂੰ ਸਮਝਣਾ ਚਾਹੀਦਾ ਹੈ-ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਏ ਰੇ॥(੨੦੯) ਭਾਣਾ ਜਾਂ ਹੁਕਮ ਮੰਨਣ ਤੋਂ ਭਾਵ ਪ੍ਰਭੂ ਇਛਾ ਚ ਪ੍ਰਸੰਨਚਿਤ ਰਹਿਣਾ-ਜੋ ਤੁਧੁ ਭਾਵੈ ਸੋ ਪਰਵਾਣੁ॥ਤੇਰੇ ਭਾਣੇ ਨੋ ਕੁਰਬਾਣੁ॥(੬੭੬)

ਭਾ. ਕਾਨ੍ਹ ਸਿੰਘ ਨਾਭਾ ਅਨੁਸਾਰ ਭਾਣਾ ਕਰਤਾਰ ਦਾ ਹੁਕਮ ਹੈ ਵਾਸਤਵ ਵਿੱਚ ਭਾਣਾ, ਹੁਕਮ ਅਤੇ ਰਜ਼ਾ ਇੱਕ ਹੀ ਹਨ ਪਰ ਇਨ੍ਹਾਂ ਦੀ ਅਵੱਸਥਾ ਵੱਖ ਵੱਖ ਹੈ। ਭਾਣਾ ਉਸ ਦੀ ਮੌਜ ਤੇ ਖੁਸ਼ੀ ਹੈ ਇਹ ਖੁਸ਼ੀ ਜਾਂ ਇਛਾ ਹੁਕਮ ਚ ਰੂਪਮਾਨ ਹੁੰਦੀ ਹੈ। ਇਸ ਲਈ ਪ੍ਰਭੂ ਹੁਕਮ ਨੂੰ ਭਾਣਾ ਮੰਨ ਸਵੀਕਾਰਨਾ ਚਹੀਦਾ ਹੈ। ਪ੍ਰਭੂ ਮਿਲਣ ਦੀ ਨਿਸ਼ਾਨੀ ਹੁਕਮ ਪਛਾਨਣਾ ਤੇ ਭਾਣੇ ਚ ਅਨੰਦ ਮਾਨਣਾ ਹੈ-ਪ੍ਰਭ ਮਿਲਣੈ ਕੀ ਇਹ ਨੀਸਾਣੀ॥ ਮਨਿ ਇਕੋ ਸਚਾ ਹੁਕਮੁ ਪਛਾਣੀ॥(੧੦੬) ਸੋ ਉਸ ਦੇ ਹੁਕਮ, ਭਾਣੇ, ਰਜ਼ਾ ਚ ਚੱਲਣਾ ਹੀ ਗਿਆਨ, ਧਿਆਨ, ਜਪ, ਤਪ ਤੇ ਪੂਜਾ ਹੈ-ਸੋ ਗਿਆਨੁ ਧਿਆਨੁ ਜੋ ਤੁਧੁ ਭਾਈ॥ ਸੋਈ ਜਪੁ ਜੋ ਪ੍ਰਭ ਜੀਉ ਭਾਵੈ, ਭਾਣੈ ਪੂਰ ਗਿਆਨਾ ਜੀਉ॥(੧੦੦)

**ਹੁਕਮਨਾਮਾ-** ਡਾ. ਦਿਲਗੀਰ ਜੀ ਲਿਖਦੇ ਹਨ ਕਿ ਹੁਕਮਨਾਮੇ ਦਾ ਅਰਥ ਹੁਕਮ ਵਾਲੀ ਚਿੱਠੀ। ਸਿੱਖ ਤਵਾਰੀਖ ਚ ਹੁਕਮਨਾਮੇ ਉਹ ਖਤ ਹਨ ਜੋ ਗੁਰੂ ਸਹਿਬਾਨ ਨੇ ਕਿਸੇ ਸਿੱਖ ਜਾਂ ਸੰਗਤ ਨੂੰ ਲਿਖੇ ਹਨ। ਸਿੱਖ ਇਨਾਂ ਦਾ ਬਹੁਤ ਅਦਬ ਕਰਦੇ ਅਤੇ ਇਨ੍ਹਾਂ ਨੂੰ ਯਾਦਗਾਰ ਵਜੋਂ ਸੰਭਾਲ ਕੇ ਰੱਖਦੇ ਹਨ। ਇਨ੍ਹਾਂ ਖਤਾਂ ਨੂੰ ਵਸੂਲ ਕਰਨ ਵਾਲੇ ਸਿੱਖ ਆਪਣੇ ਆਪ ਨੂੰ ਬਹੁਤ ਅਹਿਮ ਸਮਝ ਮਾਣ ਮਹਿਸੂਸ ਕਰਦੇ ਸਨ। ਬਹੁਤੇ ਹੁਕਮਨਾਮੇ ਕਿਤਾਬਾਂ ਚ ਛਪ ਚੁੱਕੇ ਹਨ( ਗੰਡਾ ਸਿੰਘ ਤੇ ਸ਼ਮਸ਼ੇਰ ਸਿੰਘ ਅਸ਼ੋਕ ਦੀਆਂ ਕਿਤਾਬਾਂ) ਗੁਰੂ ਸਹਿਬਾਨਾਂ ਤੋਂ ਇਲਾਵਾ ਕੁਝ ਚਿੱਠੀਆਂ ਗੁਰੂ ਗੋਬਿੰਦ ਸਿੰਘ ਜੀ ਦੀ ਪਤਨੀ ਅਤੇ ਬਾਬਾ ਬੰਦਾ ਸਿੰਘ ਦੀਆਂ ਲਿਖੀਆਂ ਹੋਈਆਂ ਵੀ ਕਹੀਆਂ ਜਾਂਦੀਆਂ ਹਨ ਪਰ ਗਹੁ ਨਾਲ ਵਾਚਿਆਂ ਇਨਾਂ ਚੋਂ ਬਹੁਤੀਆਂ ਨਕਲੀ ਹਨ।ਪਿਛਲੇ ਕੁਝ ਦਹਾਕਿਆਂ ਤੋਂ ਅਕਾਲ ਤਖਤ ਦੇ ਮੁੱਖ ਸੇਵਾਦਾਰ (ਜਿਸ ਨੂੰ ਗਲਤ ਤੌਰ ਤੇ ਜਥੇਦਾਰ ਕਹਿਣ ਲੱਗ ਪਏ ਹਨ) ਵੱਲੋਂ ਜਾਰੀ ਕੀਤੇ ਖਤ ਤੇ ਬਿਆਨਾਂ ਨੂੰ ਵੀ ਅਖੌਤੀ ਹੁਕਮਨਾਮਾ ਹੋਣ ਦਾ ਦਾਹਵਾ ਕੀਤਾ ਜਾਂਦਾ ਹੈ। ਅਸਲ ਚ ੧੮ਵੀਂ ਸਦੀ ਦੌਰਾਨ ਸਿੱਖ ਆਪਣਾ ਫੈਸਲਾ ਗੁਰਮਤਾ ਕਰਨ ਦੇ ਤਰੀਕੇ ਨਾਲ ਕਰਦੇ ਸਨ। ਪਾਸ ਹੋਣ ਤੇ ਇਸ ਗੁਰਮਤੇ ਨੂੰ ਅਕਾਲ ਤਖਤ ਤੋਂ ਹੁਕਮਨਾਮੇ ਵਜੋਂ ਜਾਰੀ ਕੀਤਾ ਜਾਂਦਾ ਸੀ। ਇਸ ਅਸਲ ਚ ਸਰਬੱਤ ਖਾਲਸੇ ਦਾ ਗੁਰਮਤਾ ਹੁੰਦਾ ਸੀ ਨਾ ਕਿ ਅਕਾਲ ਤਖਤ ਸਾਹਿਬ ਦਾ। ਪੰਜ ਪਿਆਰੇ ਜਾਂ ਅਕਾਲ ਤਖਤ ਦਾ ਮੁੱਖ ਸੇਵਾਦਾਰ ਆਪਣੀ ਮਰਜੀ ਨਾਲ ਅਖੌਤੀ ਹੁਕਮਨਾਮੇ ਜਾਰੀ ਨਹੀਂ ਕਰ ਸਕਦੇ ਸਨ। ਸੰਨ ੧੯੭੯ ਤੋਂ ਅਕਾਲ ਤਖਤ ਸਾਹਿਬ ਦੇ ਸੇਵਾਦਾਰਾਂ ਨੇ ਅਨੇਕਾਂ ਹੀ ਬਹਿਸ ਗੋਚਰੇ ਅਖੌਤੀ ਹੁਕਮਨਾਮੇ ਜਾਰੀ ਕੀਤੇ ਹਨ। ਇਸ ਹਰਕਤ ਨੇ ਸਿੱਖ ਪੰਥ ਅਤੇ ਇਸ ਤਖਤ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ।

**ਨੋਟ-** ਜਦ ਦਾ ਸ਼੍ਰੋਮਣੀ ਕਮੇਟੀ ਤੇ ਬਾਦਲਾਂ ਦਾ ਕਬਜਾ ਹੋਇਆ ਹੈ, ਇਨ੍ਹਾਂ ਦੀ ਜੇਬ ਦੀ ਚਿੱਠੀ ਨਾਲ ਨਿਕੰਮੇ ਜਥੇਦਾਰ ਪੁਜਾਰੀ ਥਾਪੇ ਜਾਂਦੇ ਤੇ ਫਿਰ ਉਨ੍ਹਾਂ ਤੋਂ ਆਪਣੇ ਵਿਰੋਧੀਆਂ ਨੂੰ ਚਿਤ ਕਰਨ ਵਾਸਤੇ ਪੰਥ ਚੋਂ ਛੇਕਣ ਜਾਂ ਸਜਾ ਦੇਣ ਦੇ ਅਖੌਤੀ ਹੁਕਮਨਾਮੇ ਕਢਵਾਏ ਜਾਂਦੇ ਹਨ। ਹੁਣ ਤਾਂ (ੂ) ਦੀ ਪਿਛਲੱਗ ਭਾਜਪਾ ਤੇ ਭਾਜਪਾ ਦੇ ਝੋਲੀ ਚੁੱਕ ਬਾਦਲ ਅਤੇ ਅਖੌਤੀ ਸਾਧ ਡੇਰੇ ਤੇ ਧੁੰਮੇ ਵਰਗੀਆਂ ਸੰਪ੍ਰਦਾਵਾਂ ਗੁਰੂ ਗ੍ਰੰਥ ਸਾਹਿਬ ਦੇ ਤੱਤ ਗੁਰਮਤਿ ਦੇ ਪ੍ਰਚਾਰਕਾਂ ਤੇ ਲਿਖਾਰੀਆਂ ਵਿਰੁੱਧ ਕਿੜਾਂ ਕੱਢਦੇ ਕੂੜਨਾਮੇ ਕਢਵਾ-ਕਢਵਾ ਛੇਕੀ ਜਾ ਰਹੇ ਤੇ ਸਿੱਖ ਧਰਮ ਵਿਰੋਧੀ ਗ੍ਰੰਥਾਂ, ਸੰਤਾਂ ਤੇ ਪ੍ਰਚਾਰਕਾਂ ਦਾ ਸਨਮਾਨ ਕੀਤਾ ਜਾਂਦਾ ਹੈ। ਅੱਜ ਇਹ ਭੂਤਰਿਆ ਟੋਲਾ ਪ੍ਰਚਾਰਕਾਂ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਵੀ ਦੇ ਰਿਹਾ ਹੈ।ਇਸ ਸੰਪ੍ਰਦਾਈ ਟੋਲੇ ਨੇ ਭਾਈ ਰਣਜੀਤ ਸਿੰਘ ਜੋ ਸੰਤ ਤੋਂ ਭਾਈ ਬਣੇ ਹਨ ਤੇ ਹਮਲਾ ਕਰਕੇ ਉਸ ਦਾ ਸਾਥੀ ਭਾ. ਭੂਪਿੰਦਰ ਸਿੰਘ ਮਾਰ ਵੀ ਦਿੱਤਾ ਹੈ ਪਰ ਸਰਕਾਰੀ ਤੇ ਸੰਪ੍ਰਦਾਈ ਜਫੇਮਾਰਾਂ ਵੱਲੋਂ ਇਨ੍ਹਾਂ ਗੁੰਡੇ ਕਾਤਲਾਂ ਵਿਰੁੱਧ ਇੱਕ ਵੀ ਹੁਕਮਨਾਮਾਂ ਜਾਂ ਆਦੇਸ਼ ਜਾਰੀ ਨਹੀਂ ਕੀਤਾ ਗਿਆ। ਅਸਲ ਚ ਸਿੱਖ ਲਈ ਗੁਰੂ ਗ੍ਰੰਥ ਸਾਹਿਬ ਜੀ ਦਾ ਹਰੇਕ ਸ਼ਬਦ ਉਪਦੇਸ਼ ਹੀ ਅਸਲ ਹੁਕਮਨਾਮਾ ਹੈ ਜਿਸ ਨਾਲੋਂ ਤੋੜ ਕੇ ਪਾਰਟੀਬਾਜ ਬੰਦਿਆਂ ਦੇ ਨਾਜ਼ੀ ਫੁਰਮਾਨਾਂ ਨੂੰ ਧੱਕੇਸ਼ਾਹੀ ਨਾਲ ਹੁਕਮਨਾਮੇ ਕਿਹਾ ਜਾਣ ਲੱਗ ਪਿਆ ਹੈ ਜੋ ਕੌਮ ਚ ਫੁੱਟ ਪਾਉਣ ਤੇ ਭਰਾਮਾਰੂ ਜੰਗ ਦਾ ਵੱਡਾ ਕਾਰਨ ਬਣ ਰਹੇ ਹਨ।

ਅੱਜ ਸਮੁੱਚੇ ਸਿੱਖਾਂ ਨੂੰ ਪਾਰਟੀਬਾਜ, ਲਾਲਚੀ ਤੇ ਚਲਾਕ ਧਰਮ ਤੇ ਰਾਜਨੀਤਕ ਲੀਡਰਾਂ ਦੀਆਂ ਕੋਝੀਆਂ ਚਾਲਾਂ ਤੋਂ ਉਪਰ ਉਠ ਆਪਸ ਚ ਮਿਲ ਕੇ ਚੱਲਣਾ ਚਾਹੀਦਾ ਹੈ। ਉਹ ਤਦ ਹੀ ਹੋ ਸਕਦਾ ਹੈ ਜੇ ਕੇਵਲ ਤੇ ਕੇਵਲ ਗੁਰਤਾ ਪ੍ਰਾਪਤ ਗੁਰੂ ਗ੍ਰੰਥ ਸਾਹਿਬ ਦੇ ਇਲਾਹੀ ਹੁਕਮਾਂ ਨੂੰ ਹੀ ਮੰਨਿਆਂ ਜਾਵੇ-ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥੧॥ (੧੧੮੫)

# 786 ਨੰਬਰਾਂ ਵਾਲੇ ਨੋਟ ਇਕੱਠੇ ਕਰਨ ਵਾਲਾ 'ਨਰਿੰਦਰਪਾਲ ਸਿੰਘ'



ਤਸਵਿੰਦਰ ਸਿੰਘ ਬੜੈਚ
91-98763-22677

ਖੂਬਸੂਰਤ ਸ਼ਹਿਰ ਚੰਡੀਗੜ੍ਹ 'ਚ ਰਹਿੰਦੇ 63 ਸਾਲਾ ਨਰਿੰਦਰਪਾਲ ਸਿੰਘ ਦਾ ਅਵੱਲਾ ਸ਼ੌਂਕ ਉਹ ਕਰੰਸੀ ਨੋਟ ਇਕੱਠੇ ਕਰਨਾ ਹੈ, ਜਿਨ੍ਹਾਂ 'ਤੇ ਅੱਗੇ ਅਤੇ ਪਿੱਛੇ 786 ਨੰਬਰ ਹੈ, ਜਿਵੇਂ 0786786, 7860786 ਆਦਿ। ਮੁਸਲਿਮ ਭਾਈਚਾਰੇ ਵਿਚ 786 ਅੰਕ ਦੀ ਬੜੀ ਮਾਨਤਾ ਹੈ। 786 ਅੰਕ ਦੀ ਲੋਕਪ੍ਰਿਯਤਾ ਇੰਨੀ ਵੱਧ ਗਈ ਹੈ ਕਿ ਮੁਸਲਮਾਨਾਂ ਦੇ ਨਾਲ-ਨਾਲ ਇਸ ਅੰਕ ਨੂੰ ਹੋਰ ਧਰਮਾਂ ਦੇ ਲੋਕ ਵੀ ਸੁਭ ਮੰਨਣ ਲੱਗੇ ਹਨ। ਜੇ ਗੱਲ ਨਰਿੰਦਰਪਾਲ ਸਿੰਘ ਵੱਲੋਂ ਇਕੱਠੇ ਕੀਤੇ ਹੋਏ 786 ਨੰਬਰਾਂ ਵਾਲੇ ਨੋਟਾਂ ਦੀ ਕਰੀਏ ਤਾਂ ਉਸ ਕੋਲ 2000, 500, 100, 50, 20, 10, 5, 2, 1 ਦੇ ਭਾਰਤੀ ਨੋਟ ਅਤੇ ਨਿਊਜ਼ੀਲੈਂਡ, ਆਸਟ੍ਰੇਲੀਆ, ਕਨੇਡਾ, ਅਮਰੀਕਾ, ਇਟਲੀ, ਭੂਟਾਨ, ਨੇਪਾਲ, ਪਾਕਿਸਤਾਨ, ਬੰਗਲਾਦੇਸ ਆਦਿ ਦੇਸ਼ਾਂ ਦੀ 786 ਨੰਬਰਾਂ ਵਾਲੀ ਵਿਦੇਸੀ ਕਰੰਸੀ ਵੀ ਸਾਂਭੀ ਹੋਈ ਹੈ। ਨਰਿੰਦਰਪਾਲ ਸਿੰਘ 786 ਅੰਕ ਦਾ ਐਨਾ ਸੈਦਾਈ ਹੈ ਕਿ ਉਨ੍ਹਾਂ ਨੇ ਆਪਣੀ ਕਾਰ ਤੇ ਮੋਬਾਈਲ ਦਾ ਨੰਬਰ (ਪਿਛਲੇ ਤਿੰਨ ਅੱਖਰ) ਵੀ 786 ਲਿਆ ਹੋਇਆ ਹੈ। ਇਸ ਤੋਂ ਇਲਾਵਾ, 3 ਅਪ੍ਰੈਲ 1954 ਨੂੰ ਪਿਤਾ ਦਰਸ਼ਨ ਸਿੰਘ ਅਤੇ ਮਾਤਾ ਹਰਬੰਸ ਕੌਰ ਦੇ ਘਰ ਜਨਮੇ ਨਰਿੰਦਰਪਾਲ ਸਿੰਘ ਕੋਲ ਭਾਰਤ ਦੇ 5 ਰੁਪਏ ਦੇ ਸਿੱਕੇ ਦੀਆਂ 50 ਕਿਸਮਾਂ, 1 ਰੁਪਏ ਦੀਆਂ 33 ਕਿਸਮਾਂ, 10 ਪੈਸੇ ਦੀਆਂ 11 ਕਿਸਮਾਂ, 5 ਪੈਸੇ ਦੀਆਂ 8 ਕਿਸਮਾਂ, 25 ਪੈਸੇ ਦੀਆਂ 20 ਕਿਸਮਾਂ ਵੀ ਇਕੱਠੀਆਂ ਕੀਤੀਆਂ ਹੋਈਆਂ ਹਨ। ਉਸ ਕੋਲ ਮੌਲਾਨਾ ਅਬਦੁਲ ਕਲਾਮ, ਡਾ.ਸਿਆਮਾ ਪ੍ਰਸ਼ਾਦ ਮੁਖਰਜੀ, 9 ਵੀਂ ਏਸ਼ੀਅਨ ਗੇਮ, ਸੁਤੰਤਰਤਾ ਦੀ 50 ਵੀਂ ਵਰ੍ਹੇਗੰਢ, ਮਦਰ ਟਰੇਸਾ, ਜਹਾਜ ਮਹਿਕਮੇ ਦੀ 100 ਵੀਂ ਵਰ੍ਹੇਗੰਢ, ਵਿਸ਼ਵ ਫੂਡ ਅਤੇ ਵਾਤਾਵਰਨ ਦਿਵਸ, 25 ਵੀਂ ਸੁਤੰਤਰਤਾ ਜੈਅੰਤੀ, ਭਾਰਤੀ ਰਿਜ਼ਰਵ ਬੈਂਕ ਗੋਲਡਨ ਜੁਬਲੀ, ਖਾਲਸਾ ਸਤਾ-ਬਦੀ ਦੇ 300 ਸਾਲ ਮੁਕੰਮਲ ਹੋਣ ਆਦਿ ਵਿਸ਼ੇਸ ਮੌਕਿਆ ਤੇ ਜਾਰੀ ਕੀਤੇ ਸਿੱਕੇ ਵੀ ਇਕੱਤਰ ਕੀਤੇ ਹੋਏ ਹਨ। ਇਨ੍ਹਾਂ ਤੋਂ ਇਲਾਵਾ ਉਸ ਕੋਲ ਬਿਨ੍ਹਾਂ ਨੰਬਰਾਂ ਵਾਲੇ ਨੋਟ, ਅਧੂਰੇ ਨੰਬਰਾਂ ਵਾਲੇ ਨੋਟ, ਸਟਾਰ ਵਾਲੇ 500 ਦੇ ਨੋਟ, ਕਟਿੰਗ ਤੋਂ ਰਹਿ ਚੁੱਕੇ ਨੋਟ, ਜੋ ਪ੍ਰਕਾਸ਼ਨ ਦੌਰਾਨ ਤਕਨੀਕੀ ਗਲਤੀਆਂ ਨਾਲ ਬਾਹਰ ਆ ਕੇ ਵੰਡੇ ਗਏ, ਵੱਖ-ਵੱਖ ਨੰਬਰਾਂ ਵਾਲੇ ਜਿਵੇਂ 1, 2, 3, 4, 5, 6 ਨੋਟ ਵੀ ਸਾਂਭੇ ਪਏ ਹਨ। ਜਦ ਕਿ ਨੋਟਾਂ 'ਤੇ ਸਾਰੇ ਅੰਕ ਇਕੋ ਹੀ ( ਜਿਵੇਂ 111111) ਦੇ ਇਕ, ਦੋ, ਪੰਜ, ਦਸ, ਵੀਹ, ਪੰਜਾਹ, ਇਕ ਸੌ ਅਤੇ ਪੰਜ ਸੌ ਰੁਪਏ ਦੇ ਨੋਟ ਵੀ ਖਿੱਚ ਦਾ ਕੇਂਦਰ ਹਨ। ਉਹ ਕਰੀਬ 28 ਸਾਲਾਂ ਤੋਂ ਬੜੀ ਮਿਹਨਤ ਤੇ ਲਗਨ ਨਾਲ ਅਜਿਹੇ ਨੋਟ ਤੇ ਸਿੱਕੇ ਇਕੱਠੇ ਕਰਦਾ ਆ ਰਿਹਾ ਹੈ। ਨਰਿੰਦਰਪਾਲ ਸਿੰਘ ਨੇ ਪਿਛਲੇ 28 ਸਾਲਾਂ 'ਚ ਲਗਭਗ 15 ਲੱਖ ਰੁਪਏ ਦੇ, ਜਿਨ੍ਹਾਂ ਵਿਚ 2000, 500, 100, 50, 20, 5, 2, 1 ਦੇ ਭਾਰਤੀ ਨੋਟ , ਸਿੱਕੇ ਅਤੇ ਵਿਦੇਸ਼ੀ ਕਰੰਸੀ ਸਾਮਲ ਹਨ, ਇਕੱਠੇ ਕਰ ਲਏ ਹਨ । ਨੋਟਾਂ ਅਤੇ ਸਿੱਕਿਆਂ ਦੇ ਮਾਮਲੇ ਵਿਚ ਸ਼ਾਇਦ ਹੀ ਭਾਰਤ ਵਿਚ ਕੋਈ ਅਜਿਹਾ ਵਿਆਕਤੀ ਹੋਵੇ ਜਿਸ ਕੋਲ ਏਨੀ ਵੱਡੀ ਮਾਤਰਾ ਵਿਚ ਨੋਟ ਅਤੇ ਸਿੱਕੇ ਮੌਜੂਦ ਹੋਣ। ਚੰਡੀਗੜ੍ਹ ਦੇ ਸੈਕਟਰ 51 ਦੀ ਬੀ. ਐਸ. ਐਨ. ਐਲ. ਕਲੌਨੀ 'ਚ ਆਪਣੇ ਪਰਿਵਾਰ ਸਮੇਤ



(ਬਾਕੀ ਸਫਾ 22 'ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# 2019 ਲੋਕ ਸਭਾ ਚੋਣਾਂ ਦੀ ਤਿਆਰੀ ਜਮੀਨੀ ਪੱਧਰ ਤੇ ਕਰਨ ਦੀ ਲੋੜ- ਘੁੜਿਆਲ

**ਜਲੰਧਰ (ਬਿਊਰੋ)–** ਬਹੁਜਨ ਸਮਾਜ ਪਾਰਟੀ ਦੇ ਸਰਗਰਮ ਵਰਕਰਾਂ ਦੀ ਮਿਹਨਤ ਸਦਕਾ ਬਸਪਾ ਪੂਰੇ ਦੇਸ਼ ਵਿੱਚ ਆਪਣੀ ਕਾਬਲਿਅਤ ਦਾ ਲੋਹਾ ਮਨਵਾ ਰਹੀ ਹੈ। ਦੇਸ਼ ਅੰਦਰ ਬਸਪਾ ਦੀ ਸਰਕਾਰ ਨਾ ਹੋਣ ਦੇ ਬਾਬਜੂਦ ਸਮਾਜ ਨਾਲ ਹੋ ਰਹੀਆਂ ਧੱਕੇਸ਼ਾਹੀਆਂ, ਅਤਿੱਆਚਾਰਾਂ, ਜਬਰ ਜੁਲਮਾਂ ਦਾ ਜਬਾਬ ਬਸਪਾ ਦੇ ਜੁਝਾਰੂ ਵਰਕਰਾਂ ਨੇ ਹਮੇਸ਼ਾ ਸ਼ੰਘਰਸ਼ ਕਰਕੇ ਦਿੱਤਾ ਹੈ। ਜਿਸ ਕਰਕੇ ਅੱਜ ਬਹੁਜਨ ਸਮਾਜ ਪਾਰਟੀ ਲੋਕਾਂ ਦੀ ਪਹਿਲੀ ਪਸੰਦ ਬਣ ਚੁੱਕੀ ਹੈ। ਬਸਪਾ ਹੁਣ ਤੋਂ 2019 ਲੋਕ ਸਭਾ ਚੋਣਾਂ ਦੀ ਤਿਆਰੀ ਵਿੱਚ ਜੁੱਟ ਗਈ ਹੈ । ਇਸੇ ਲੜੀ ਤਹਿਤ ਬਸਪਾ ਦੀ ਵਿਧਾਨ ਸਭਾ ਹਲਕਾ ਆਦਮਪੁਰ ਅਧੀਨ ਪੈਂਦੇ ਪਿੰਡ ਮਾਣਕੋ ਵਿਖੇ ਸੰਧੂ ਧਰਮਸ਼ਾਲਾ ਵਿੱਚ ਮੀਟਿੰਗ ਕੀਤੀ ਗਈ, ਜਿਸ ਦਾ ਪ੍ਰਬੰਧ ਹਰਵਿੰਦਰ ਸਿੰਘ ਬਿੰਦਾ,ਭੁਪਿੰਦਰ ਸਿੰਘ ਭੋਲਾ, ਮਨੋਜ ਕੁਮਾਰ ਅਤੇ ਸਾਹਿਲ ਸੰਧੂ ਨੇ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਕੀਤਾ। ਮੀਟਿੰਗ ਵਿੱਚ ਬਹੁਜਨ ਸਮਾਜ ਪਾਰਟੀ ਦੇ ਜਨਰਲ ਸੱਕਤਰ ਕੁਲਵੀਰ ਸਿੰਘ ਘੁੜਿਆਲ ਅਤੇ ਕਮਲਜੀਤ ਸਿੰਘ ਮਾਣਕੋ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਮੌਕੇ ਗੁਰਪਾਲ ਸਿੰਘ, ਸੂਬੇਦਾਰ ਜੋਗਿੰਦਰ ਸਿੰਘ, ਗੁਰਚਰਨ ਸਿੰਘ ਜਖਮੀ ਅਤੇ ਜਨਰਲ ਸਕੱਤਰ ਕਮਲਜੀਤ ਸਿੰਘ ਮਾਣਕੋ ਨੇ ਸਾਥੀਆਂ ਨਾਲ ਵਿਚਾਰ ਸਾਂਝੇ ਕਰਦਿਆਂ 2019 ਵਿੱਚ ਭੈਣ ਮਾਇਆਵਤੀ



ਜੀ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਕਿਹਾ। ਇਸ ਤੋਂ ਬਾਅਦ ਜਨਰਲ ਸਕੱਤਰ ਕੁਲਵੀਰ ਸਿੰਘ ਘੁੜਿਆਲ ਨੇ ਮੁੱਖ ਬੁਲਾਰੇ ਦੇ ਤੌਰ ਤੇ ਬੋਲਦਿਆਂ ਕਿਹਾ ਕਿ ਸਰਕਾਰ ਬਣਾਉਣ ਵਿੱਚ ਨੌਜਵਾਨ, ਔਰਤਾਂ ਅਤੇ ਬਜੁਰਗ ਅਹਿਮ ਰੋਲ ਅਦਾ ਕਰਦੇ ਹਨ ਪਰ ਅੱਜ ਤੱਕ ਕਿਸੇ ਵੀ ਸਰਕਾਰ ਨੇ ਨੌਜਵਾਨਾਂ ਦੇ ਭਵਿੱਖ ਵਲ,ਔਰਤਾਂ ਦੀ ਦੁਰਦਸ਼ਾ ਵਲ ਅਤੇ ਬਜੁਰਗਾਂ ਦੇ ਬੁਢਾਪੇ ਵਲ ਧਿਆਨ ਨਹੀਂ ਦਿੱਤਾ, ਇਸ ਕਰਕੇ ਜਿਹੜੀ ਸਰਕਾਰ ਤੁਹਾਡੇ ਬਾਰੇ ਚਿੰਤਤ ਨਾ ਹੋਵੇ, ਤੁਹਾਨੂੰ ਬਦਲ ਦੇਣੀ ਚਾਹੀਦੀ ਹੈ। 2019 ਲੋਕ ਸਭਾ ਚੋਣਾਂ ਦੀ ਤਿਆਰੀ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਕੁਲਵੀਰ ਸਿੰਘ ਘੁੜਿਆਲ ਨੇ ਕਿਹਾ ਕਿ ਬਹੁਜਨ ਸਮਾਜ ਦੇ ਹੱਥ ਪਹਿਲੀ ਵਾਰ ਵੱਡਾ ਮੌਕਾ ਹੱਥ ਲੱਗਾ ਹੈ ਕਿ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਪ੍ਰਧਾਨ ਮੰਤਰੀ ਦੀ ਕੁਰਸੀ ਤੇ ਬੈਠਣ ਦੇ ਦਾਅਵੇਦਾਰ ਬਣ ਚੁੱਕ ਹਨ , ਇਸ ਕਰਕੇ ਸਾਨੂੰ ਇਹ ਮੌਕਾ ਗਵਾਉਣਾ ਨਹੀਂ ਚਾਹੀਦਾ, 2019 ਲੋਕਸਭਾ ਚੋਣਾਂ ਦੀ ਤਿਆਰੀ ਅੱਜ ਸਾਨੂੰ ਜਮੀਨੀ ਪੱਧਰ ਤੇ ਕਰਨ ਦੀ ਲੋੜ ਹੈ। ਇਸ ਮੌਕੇ ਬਸਪਾ ਲੀਡਰਸ਼ਿਪ ਨੇ ਪਿੰਡ ਦੇ ਪੁਰਾਣੇ ਪਾਰਟੀ ਵਰਕਰ ਸਾਥੀ ਗੁਰਪਾਲ ਸਿੰਘ ਅਤੇ ਮੋਹਨ ਸਿੰਘ ਦਾ ਸਨਮਾਨ ਕੀਤਾ । ਇਸ ਮੌਕੇ ਕੁਝ ਹੋਰ ਸਨਮਾਨ ਕੀਤੇ ਗਏ ਜਿਹਨਾਂ ਵਿੱਚ ਸੁਰਜੀਤ ਰਾਮ ਚੁਖਿਆਰਾ, ਦੇਵ ਰਾਜ ਚੁਖਿਆਰਾ, ਗੁਰਚਰਨ ਸਿੰਘ ਜਖਮੀ ਅਤੇ ਨੌਜਵਾਨ ਸਾਥੀ ਹਰਵਿੰਦਰ, ਭੁਪਿੰਦਰ, ਕੁਲਦੀਪ, ਸੁਲਿੰਦਰ, ਨਰਿੰਦਰ, ਸਾਹਿਲ, ਮਨੋਜ, ਮਨਪ੍ਰੀਤ, ਆਕਾਸ਼, ਰਿੰਕੂ, ਨੰਦਵੀਰ, ਗੁਰਪ੍ਰੀਤ, ਦਿਲਬਾਗ ਸ਼ਾਮਿਲ ਹਨ। ਇੱਕ ਵਿਸ਼ੇਸ਼ ਸਨਮਾਨ ਬਸਪਾ ਲੀਡਰਸ਼ਿਪ ਨੇ ਰਾਜ ਕੁਮਾਰ ਜਲਭੇ ਦਾ ਕੀਤਾ ਗਿਆ, ਜਿਸ ਨੌਜਵਾਨ ਨੇ ਸ਼ੋਸ਼ਲ ਮੀਡੀਆ ਤੋਂ ਪੋਸਟ ਪੜ ਕੇ ਮੀਟਿੰਗ ਵਿੱਚ ਆਪਣੀ ਹਾਜਰੀ ਲਵਾਈ। ਮੀਟਿੰਗ ਦੌਰਾਨ ਨੌਜਵਾਨ ਸਾਥੀਆਂ ਨੇ ਵਿਸ਼ਵਾਸ਼ ਦਵਾਇਆ ਕਿ ਉਹ ਬਸਪਾ ਦੀ ਅਗਲੇਰੀ ਮੀਟਿੰਗ ਵਿੱਚ ਜਿੰਮੇਵਾਰੀ ਲੈ ਕੇ ਆਪਣੀ ਮਾਂ ਪਾਰਟੀ ਬਸਪਾ ਦੀ ਸੇਵਾ ਕਰਨਗੇ।

# ਪੰਜਾਬ ਦੇ ਲੋਕ ਨਸ਼ਿਆਂ ਖ਼ਿਲਾਫ਼ ਇਕੱਠੇ ਹੋਣ

**ਸਿਆਟਲ (ਹਰਮਨਪ੍ਰੀਤ ਸਿੰਘ)–**ਸਿਆਟਲ ਦੇ ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਬੀਤੇ ਦਿਨ ਇੱਥੇ ਪੰਜਾਬੀ ਬਜ਼ੁਰਗਾਂ (ਸੀਨੀਅਰ ਸਿਟੀਜ਼ਨਜ਼) ਦੀ ਇਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿਚ ਬੀਤੇ ਕੁਝ ਸਮੇਂ ਤੋਂ ਪੰਜਾਬ ਵਿਚ ਨਸ਼ੇ ਨਾਲ ਹੋ ਰਹੀਆਂ ਲਗਾਤਾਰ ਮੌਤਾਂ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਡੂੰਘੀ ਚਿੰਤਾ ਪ੍ਰਗਟ ਕੀਤੀ ਗਈ । ਕਾਫ਼ੀ ਲੰਮੇ ਸਮੇਂ ਤੋਂ ਪੰਜਾਬ ਤੋਂ ਇੱਥੇ ਅਮਰੀਕਾ ਆ ਗਏ ਬਜ਼ੁਰਗਾਂ ਨੇ ਮੀਟਿੰਗ ਦੌਰਾਨ ਕਿਹਾ ਕਿ ਇਸ ਨਸ਼ੇ ਨੇ ਸਾਡੀ ਆਉਣ ਵਾਲੀ ਪੀੜ੍ਹੀ 'ਤੇ ਸਵਾਲੀਆ ਚਿੰਨ੍ਹ ਖੜ੍ਹੇ ਕਰ ਦਿੱਤੇ ਹਨ । ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਆਪਣੇ ਪਿੰਡਾਂ 'ਚ ਖ਼ੁਦ ਨਸ਼ਾ ਤਸਕਰਾਂ ਖ਼ਿਲਾਫ਼ ਇਕੱਠੇ ਹੋਣਾ ਪੈਣਾ ਹੈ ਕਿਉਂਕਿ ਸਰਕਾਰਾਂ ਅਤੇ ਪੁਲਿਸ ਨਸ਼ਿਆਂ ਨੂੰ ਰੋਕਣ 'ਚ ਪੂਰੀ ਤਰ੍ਹਾਂ ਫ਼ੇਲ੍ਹ ਹੋ ਚੁੱਕੀਆਂ ਹਨ, ਇਸ ਲਈ ਉਨ੍ਹਾਂ ਨੂੰ ਖ਼ੁਦ ਨਸ਼ੇ ਵੇਚਣ



ਵਾਲਿਆਂ ਨੂੰ ਫੜਨਾ ਚਾਹੀਦਾ ਹੈ । ਇਸੇ ਦੌਰਾਨ ਬੀਤੇ ਦਿਨੀ ਅਫ਼ਗਾਨਿਸਤਾਨ ਵਿਚ ਅੱਤਵਾਦੀ ਹਮਲੇ ਵਿਚ ਮਾਰੇ ਗਏ ਸਿੱਖਾਂ ਨੂੰ ਸ਼ਰਧਾਂਜਲੀ ਵੀ ਦਿੱਤੀ ਗਈ । ਇਸ ਮੌਕੇ ਹੋਰਨਾਂ ਤੋਂ ਇਲਾਵਾ ਵਾਸਦੇਵ ਸਿੰਘ ਪ੍ਰਹਾਰ, ਹਰਨਾਮ ਸਿੰਘ, ਕਰਨੈਲ ਸਿੰਘ ਕੈਲ, ਬੂਟਾ ਸਿੰਘ, ਸਤਵੰਤ ਸਿੰਘ, ਉਜਾਗਰ ਸਿੰਘ, ਹਰਚੰਦ ਸਿੰਘ, ਜੋਗਿੰਦਰ ਸਿੰਘ, ਚਮਕੌਰ ਸਿੰਘ, ਬਹਾਦਰ ਸਿੰਘ, ਮੁਰਬਨ, ਨਿਰਮਲ ਸਿੰਘ, ਸੋਹਣ ਸਿੰਘ, ਅਵਤਾਰ ਸਿੰਘ ਧਾਲੀਵਾਲ, ਕਰਨੈਲ ਸਿੰਘ ਚੂਹੜਚੱਕ, ਸੁਖਦੇਵ ਸਿੰਘ ਧਾਲੀਵਾਲ, ਅਜ-ਾਇਬ ਸਿੰਘ ਤੇ ਹੋਰ

# ਪੀਸੀਏ ਮੈਂਬਰ ਪਰਮੋਧ ਲੋਈ ਨੂੰ ਸਦਮਾ, ਜੀਜੇ ਦਾ ਦਿਹਾਂਤ

**ਫਰਿਜ਼ਨੋ (ਕੈਲੇਫੋਰ-ਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਪੰਜਾਬੀ ਕਲਚਰਲ ਐਸੋਸੀਏਸ਼ਨ ਦੇ ਮੋਢੀ ਮੈਂਬਰ ਪਰਮੋਧ ਲੋਈ ਨੂੰ ਪਿਛਲੇ ਦਿਨੀਂ ਉਸ ਵਕਤ ਭਾਰੀ ਸਦਮਾਂ ਲੱਗਾ ਜਦੋਂ ਉਨ੍ਹਾਂ ਦੇ ਜੀਜਾ ਜੀ ਸੁਰਿੰਦਰ ਕੁਮਾਰ ਬੰਧਨ (70) ਫਰਿਜ਼ਨੋ 'ਚ ਆਪਣੇ ਗ੍ਰਹਿ ਵਿਖੇ ਦਿਲ ਦਾ ਦੌਰਾ ਪੈਣ ਕਰਕੇ ਅਚਾਨਕ ਪ੍ਰਲੋਕ ਸਧਾਰ ਗਏ। ਉਹਨਾਂ ਦੀ ਦੇਹ ਦਾ ਅੰਤਿਮ ਸੰਸਕਾਰ 7 ਜੁਲਾਈ ਦਿਨ ਸਨੀਵਾਰ ਨੂੰ ਸ਼ਾਂਤ ਭਵਨ ਫਿਊਨਰਲ ਹੋਮ ਵਿਖੇ ਦੁਪਹਿਰ 11 ਤੋਂ 1



ਵਜੇ ਦਰਮਿਆਨ ਹੋਵੇਗਾ, ਫਿਊਨਰਲ ਹੋਮ ਦਾ ਪਤਾ 4800 E Clayton Ave Fowler, CA 93625 ਉਪਰੰਤ ਭੋਗ ਸ੍ਰੀ ਗੁਰੂ ਰਵਿਦਾਸ ਟੈਂਪਲ ਚੈਰੀ ਰੋਡ ਫਰਿਜ਼ਨੋ ਵਿਖੇ ਪਵੇਗਾ। ਦੁੱਖ ਸਾਂਝਾ ਕਰਨ ਲਈ ਪਰਮੋਧ ਲੋਈ ਨਾਲ (559) 903-5667 ਤੇ ਸੰਪਰਕ ਕਰ ਸਕਦੇ ਹੋਂ।

# ਬੁਰਾੜੀ ਕਾਂਡ: ਅੱਠ ਮ੍ਰਿਤਕਾਂ ਦਾ ਹੋਇਆ ਪੋਸਟਮਾਰਟਮ

**ਨਵੀਂ ਦਿੱਲੀ–** ਉੱਤਰੀ ਦਿੱਲੀ ਦੇ ਬੁਰਾੜੀ ਇਲਾਕੇ ਵਿੱਚ ਇੱਕ ਪਰਿਵਾਰ ਦੇ ਗਿਆਰਾਂ ਜੀਆਂ ਦੀ ਭੇਤਭਰੀ ਹਾਲਤ ਵਿੱਚ ਹੋਈ ਮੌਤ ਦਾ ਰਹੱਸ ਅਜੇ ਬਰਕਰਾਰ ਹੈ।

ਇਸ ਦੌਰਾਨ ਅੱਜ ਪਰਿਵਾਰ ਦੇ ਅੱਠ ਜੀਆਂ ਦੀਆਂ ਲਾਸ਼ਾਂ ਦੀ ਪੋਸਟਮਾਰਟਮ ਰਿਪੋਰਟ ਆ ਗਈ ਹੈ ਜਿਸ 'ਚ ਮੌਤਾਂ ਤੋਂ ਪਹਿਲਾਂ ਇਨ੍ਹਾਂ ਨਾਲ ਕਿਸੇ ਪ੍ਰਕਾਰ ਦੀ ਕੁੱਟਮਾਰ ਦਾ ਕੋਈ ਨਿਸ਼ਾਨ ਸਾਹਮਣੇ ਨਹੀਂ ਆਇਆ। ਬਾਕੀਆਂ ਦੀ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ। ਇਸ ਦੌਰਾਨ ਪੀੜਤਾਂ ਦੇ ਰਿਸ਼ਤੇਦਾਰਾਂ ਨੇ ਕਿਹਾ ਹੈ ਕਿ ਇਨਾਂ ਨੇ ਖ਼ੁਦਕੁਸ਼ੀ ਨਹੀ ਕੀਤੀ, ਇਨ੍ਹਾਂ ਨੂੰ ਮਾਰਿਆ ਗਿਆ ਹੈ।

# ਸਵੀਡਨ 24 ਸਾਲਾਂ ਬਾਅਦ ਕੁਆਰਟਰ ਫਾਈਨਲ 'ਚ

ਸੇਂਟ ਪੀਟਰਸਬਰਗ–ਫੀਫਾ ਵਿਸ਼ਵ ਕੱਪ 2018 ਦੇ ਖੇਡੇ ਗਏ ਇਕ ਪ੍ਰੀ-ਕੁਆਰਟਰ ਫਾਈਨਲ ਮੈਚ 'ਚ ਸਵੀਡਨ ਨੇ ਦਰਜਾਬੰਦੀ 'ਚੋਂ ਆਪਣੇ ਤੋਂ ਉੱਪਰ ਦੀ ਸਵਿਟਜ਼ਰਲੈਂਡ ਦੀ ਟੀਮ ਨੂੰ 1-0 ਨਾਲ ਹਰਾ ਕੇ ਕੁਆਰਟਰ ਫਾਈਨਲ 'ਚ ਜਗ੍ਹਾ ਬਣਾ ਲਈ । ਸਵੀਡਨ ਨੇ 24 ਸਾਲ ਬਾਅਦ ਕੁਆਰਟਰ ਫਾਈਨਲ 'ਚ ਪ੍ਰਵੇਸ਼ ਕੀਤਾ ਹੈ । ਸਾਲ 1994 ਦੇ ਫੀਫਾ ਵਿਸ਼ਵ ਕੱਪ 'ਚ ਸਵੀਡਨ ਦੀ ਟੀਮ ਤੀਸਰੇ ਸਥਾਨ 'ਤੇ ਰਹੀ ਸੀ । ਮੈਚ ਦਾ ਇਕਮਾਤਰ ਗੋਲ ਸਵੀਡਨ ਦੇ ਐਮਿਲ ਫੋਰਸ-ਬਰਗ ਨੇ 66ਵੇਂ ਮਿੰਟ 'ਚ ਕੀਤਾ । ਦੋਵਾਂ ਟੀਮਾਂ ਵਿਚਾਲੇ ਸੰਘਰਸ਼ਪੂਰਨ ਮੁਕਾਬਲਾ ਹੋਇਆ ਪਰ ਬਾਜ਼ੀ ਸਵੀਡਨ ਮਾਰ ਗਿਆ । ਮੈਚ ਦੌਰਾਨ ਸਵਿਟਜ਼ਰਲੈਂਡ ਨੇ ਵਿਰੋਧੀ ਟੀਮ 'ਤੇ ਕਈ ਹਮਲੇ ਕੀਤੇ ਪਰ ਆਖਰੀ ਮੌਕੇ 'ਤੇ ਖਿਡਾਰੀਆਂ 'ਚ ਤਾਲਮੇਲ ਦੀ ਘਾਟ ਨਾਲ ਉਹ ਗੋਲ ਕਰਨ 'ਚ ਅਸਫ਼ਲ ਰਹੇ । ਮੈਚ ਦੇ ਪਹਿਲੇ ਅੱਧ ਤੱਕ ਦੋਵੇਂ ਟੀਮਾਂ ਕੋਈ ਗੋਲ ਨਹੀਂ ਕਰ ਸਕੀਆਂ ਸੀ । ਮੈਚ ਦੇ ਦੂਸਰੇ ਅੱਧ 'ਚ 66ਵੇਂ ਮਿੰਟ 'ਚ ਸਵੀਡਨ ਦੇ ਐਮਿਲ ਫੋਰਸ-ਬਰਗ ਨੇ ਗੋਲ ਕਰਕੇ ਸਵੀਡਨ ਨੂੰ 1-0 ਨਾਲ ਬੜਤ ਦਿਵਾ ਦਿੱਤੀ ਜੋ ਮੈਚ ਦੇ ਅੰਤ ਤੱਕ ਕਾਇਮ ਰਹੀ । ਉਸ ਨੇ ਵਿਰੋਧੀ ਟੀਮ ਦੀ ਡੀ ਦੇ ਬਾਹਰ ਤੋਂ ਬਿਹਤਰੀਨ ਕਿੱਕ ਲਗਾਉਂਦਿਆਂ ਗੋਲ ਕੀਤਾ । ਇਸ ਗੋਲ ਨੂੰ ਉਤਾਰਨ ਲਈ ਸਵਿਟਜ਼ਲੈਂਡ ਨੇ ਲਗਾਤਾਰ ਹਮਲੇ ਬੋਲੇ । ਆਖਰੀ ਮਿੰਟਾਂ 'ਚ ਸਵਿਟਜ਼ਰਲੈਂਡ ਨੂੰ ਕਾਰਨਰ ਮਿਲਿਆ ਸ਼ਕੀਰੀ ਦੇ ਕ੍ਰਾਸ 'ਤੇ ਐਮਬੋਲੋ ਨੇ ਹੈਡਰ ਲਗਾਇਆ ਪਰ ਫੋਰਸਬਰਗ ਨੇ ਬਚਾਅ ਕਰਕੇ ਖ਼ਤਰਾ ਟਾਲ ਦਿੱਤਾ । ਮੈਚ ਭਾਵੇਂ ਸਵੀਡਨ ਨੇ ਜਿੱਤਿਆ ਪਰ ਮੈਚ ਦੌਰਾਨ 66 ਫ਼ੀਸਦੀ ਸਮੇਂ ਫੁੱਟਬਾਲ 'ਤੇ ਸਵਿਟਜ਼ਰੈਂਡ ਦੇ ਖਿਡਾਰੀਆਂ ਦਾ ਕਬਜ਼ਾ ਰਿਹਾ ।

# ਗਊ ਰੱਖਿਆ ਦੇ ਨਾਂਅ 'ਤੇ ਹਿੰਸਾ ਬਰਦਾਸ਼ਤ ਨਹੀ-ਸੁਪਰੀਮ ਕੋਰਟ

**(ਸਫਾ 1 ਦੀ ਬਾਕੀ)**

ਆਰ. ਚਾਰਜਸ਼ੀਟ ਅਤੇ ਜਾਂਚ ਅਧਿਕਾਰੀਆਂ ਦੀ ਨਿਯੁਕਤੀ ਵਰਗੇ ਕਦਮ ਸ਼ਾਮਿਲ ਹਨ। ਸੀਨੀਅਰ ਵਕੀਲ ਇੰਦਰਾ ਜੈਸਿੰਘ ਨੇ ਅਦਾਲਤ ਨੂੰ ਦੱਸਿਆ ਗੈਰ-ਸਮਾਜਿਕ ਅਨਸਰਾਂ ਦਾ ਮਨੋਬਲ ਇੰਨਾ ਜ਼ਿਆਦਾ ਵਧ ਗਿਆ ਹੈ ਕਿ ਉਹ ਗਊ ਤੋਂ ਅੱਗੇ ਜਾ ਕੇ ਬੱਚਾ ਚੋਰੀ ਦਾ ਦੋਸ਼ ਲਗਾ ਕੇ ਖ਼ੁਦ ਹੀ ਕਾਨੂੰਨ ਹੱਥਾਂ ਵਿਚ ਲੈ ਕੇ ਲੋਕਾਂ ਨੂੰ ਮਾਰ ਰਹੇ ਹਨ।

ਜਿਸ ਤਰ੍ਹਾਂ ਮਹਾਰਾਸ਼ਟਰ ਵਿਚ ਵਾਪਰਿਆ ਹੈ। ਇੰਦਰਾ ਜੈਸਿੰਘ ਨੇ ਕਿਹਾ ਕਿ ਧਰਮ, ਜਾਤ ਅਤੇ ਲਿੰਗ ਦੇ ਆਧਾਰ 'ਤੇ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ , ਜਿਸ 'ਤੇ ਚੀਫ ਜਸਟਿਸ ਨੇ ਕਿਹਾ ਕਿ ਇਹ ਉਚਿਤ ਨਹੀਂ ਕਿਉਂਕਿ ਪੀੜਤ ਸਿਰਫ਼ ਪੀੜਤ ਹੁੰਦਾ ਹੈ ਉਸ ਨੂੰ ਵੱਖਰੇ ਤਰੀਕੇ ਨਾਲ ਨਹੀਂ ਵੇਖਿਆ ਜਾ ਸਕਦਾ।

******

# ਜਲਾਲਾਬਾਦ ਕਾਂਡ: ਅਫ਼ਗਾਨ ਸਿੱਖਾਂ 'ਚ ਸਖ਼ਤ ਰੋਸ

**(ਸਫਾ 1 ਦੀ ਬਾਕੀ)**

ਕਰੀਬ 300 ਸਿੱਖ ਪਰਿਵਾਰ ਇਸ ਵੇਲੇ ਅਫ਼ਗਾਨਿਸਤਾਨ ਵਿੱਚ ਰਹਿ ਰਹੇ ਹਨ। ਜਦਕਿ ਕੁਝ ਹੋਰ ਸਿੱਖ, ਜਿਨ੍ਹਾਂ ਦੇ ਇੱਥੇ ਕਾਰੋਬਾਰ ਹਨ ਤੇ ਭਾਰਤ ਵਿੱਚ ਉਨ੍ਹਾਂ ਦਾ ਕੋਈ ਸਕਾ-ਸਬੰਧੀ ਨਹੀਂ ਹੈ, ਅਫ਼ਗਾਨ ਧਰਤੀ ਛੱਡਣ ਤੋਂ ਇਨਕਾਰੀ ਹਨ।

ਕਾਬੁਲ ਵਿੱਚ ਇਕ ਸਿੱਖ ਦੁਕਾਨਦਾਰ ਸੰਦੀਪ ਸਿੰਘ ਨੇ ਕਿਹਾ ਕਿ ਉਹ ਡਰਪੋਕ ਨਹੀਂ ਹਨ ਤੇ ਅਫ਼ਗਾਨਿਸਤਾਨ ਉਨ੍ਹਾਂ ਦਾ ਮੁਲਕ ਹੈ। ਆਤਮਘਾਤੀ ਹਮਲੇ ਵਿੱਚ ਮਾਰੇ ਗਏ ਦੋਸਤਾਂ-ਰਿਸ਼ਤੇਦਾਰਾਂ ਦੇ ਸਸਕਾਰ ਮੌਕੇ ਇਕੱਠੇ ਹੋਏ ਅਫ਼ਗਾਨਿਸਤਾਨ ਦੇ ਸਿੱਖ ਤੇ ਹਿੰਦੂ ਭਾਈਚਾਰੇ ਨੇ ਅੱਜ ਰਲੇ-ਮਿਲੇ ਜਜ਼ਬਾਤਾਂ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਕੁਝ ਨੇ ਰਾਸ਼ਟਰਪਤੀ ਅਸ਼ਰਫ਼ ਗ਼ਨੀ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਤੇ ਸਰਕਾਰ ਦੀ ਕਰੜੀ ਨਿਖੇਧੀ ਕੀਤੀ। ਹਮਲੇ ਦਾ ਸ਼ਿਕਾਰ ਹੋਏ ਅਤੇ ਅਸੈਂਬਲੀ ਚੋਣਾਂ ਲਈ ਸਿੱਖ ਉਮੀਦਵਾਰ ਅਵਤਾਰ ਸਿੰਘ ਦੇ ਪੁੱਤਰ ਨਰਿੰਦਰ ਸਿੰਘ ਨੇ ਕਿਹਾ ਕਿ ਇਸ ਹਮਲੇ ਵਿੱਚ ਉਨ੍ਹਾਂ ਦੇ ਬਹੁਤ ਸਾਰੇ ਬਜ਼ੁਰਗਾਂ ਨੂੰ ਜਾਨ ਗੁਆਉਣੀ ਪਈ ਹੈ ਤੇ ਉਹ ਇਸ ਮੁਲਕ ਨੂੰ ਜਾਨੋਂ ਵੱਧ ਪਿਆਰ ਕਰਦੇ ਸਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸੁਰੱਖਿਆ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਤੇ ਬਹੁਤਾ ਭਾਈਚਾਰਾ ਦੇਸ਼ ਛੱਡ ਗਿਆ। ਜ਼ਿਆਦਾਤਰ ਸਿੱਖ ਭਾਇ-ੀਚਾਰਾ ਜਲਾਲਾਬਾਦ ਤੋਂ ਇਲਾਵਾ ਦੱਖਣ ਪੂਰਬੀ ਸ਼ਹਿਰ ਗ਼ਜ਼ਨੀ ਤੇ ਰਾਜਧਾਨੀ ਕਾਬੁਲ ਵਿੱਚ ਵਸਿਆ ਹੋਇਆ ਹੈ।

### ਇਸਲਾਮਿਕ ਸਟੇਟ ਨੇ ਲਈ ਹਮਲੇ ਦੀ ਜ਼ਿੰਮੇਵਾਰੀ

ਕਾਬੁਲ: ਅਫ਼ਗਾਨਿਸਤਾਨ ਵਿੱਚ ਐਤਵਾਰ ਨੂੰ ਘੱਟ ਗਿਣਤੀ ਸਿੱਖ ਤੇ ਹਿੰਦੂ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਆਤਮਘਾਤੀ ਹਮਲੇ ਦੀ ਜ਼ਿੰਮੇਵਾਰੀ ਇਸਲਾਮਿਕ ਸਟੇਟ ਨੇ ਲਈ ਹੈ। ਇਸ ਹਮਲੇ ਵਿੱਚ 19 ਵਿਅਕਤੀ ਮਾਰੇ ਗਏ ਸਨ। ਅੱਜ ਰਿਲੀਜ਼ ਕੀਤੇ ਇਕ ਬਿਆਨ 'ਚ ਆਈਐੱਸ ਨੇ ਕਿਹਾ ਹੈ ਕਿ ਉਨ੍ਹਾਂ 'ਇਕ ਤੋਂ ਵੱਧ ਦੇਵਤਿਆਂ ਦੀ ਪੂਜਾ ਕਰਨ ਵਾਲੇ' ਵਿਅਕਤੀਆਂ ਦੇ ਗਰੁੱਪ ਉਤੇ ਇਹ ਹਮਲਾ ਕੀਤਾ ਹੈ।

### ਦੋ ਦਹਾਕਿਆਂ ਤੋਂ ਨਹੀਂ ਮਿਲੀ ਅਫ਼ਗਾਨ ਸਿੱਖਾਂ ਨੂੰ ਭਾਰਤੀ ਨਾਗਰਿਕਤਾ

ਅਫ਼ਗਾਨਿਸਤਾਨ ਵਿੱਚ ਐਤਵਾਰ ਨੂੰ ਹੋਏ ਆਤਮਘਾਤੀ ਬੰਬ ਧਮਾਕਿਆਂ ਵਿੱਚ ਮਾਰੇ ਗਏ ਸਿੱਖ ਤੇ ਹਿੰਦੂ ਭਾਈਚਾਰੇ ਦੇ ਲੋਕਾਂ ਦੇ ਇੱਥੇ ਰਹਿੰਦੇ ਦੋਸਤ-ਰਿਸ਼ਤੇਦਾਰ ਵੀ ਡੂੰਘੇ ਸਦਮੇ ਵਿੱਚ ਹਨ। ਅੰਮ੍ਰਿਤਸਰ ਨਾਲ ਸਬੰਧਤ ਵਪਾਰੀ ਸਿੰਧੀ ਸਰਨ ਸਿੰਘ ਜੋ ਮੂਲ ਰੂਪ ਵਿੱਚ ਪਾਕਿਸਤਾਨ ਨਾਲ ਸਬੰਧਤ ਹਨ, ਨੇ ਗੱਲਬਾਤ ਕਰਦਿਆਂ ਦੱਸਿਆ ਕਿ ਸਿਰਫ਼ 30-40 ਸਿੱਖ ਪਰਿਵਾਰ ਹੀ ਹੁਣ ਜਲਾਲਬਾਦ ਸ਼ਹਿਰ ਵਿੱਚ ਰਹਿ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਉਹ ਲੋਕ ਹਨ ਜੋ ਆਰਥਿਕ ਤੌਰ 'ਤੇ ਕਮਜ਼ੋਰ ਹਨ ਜਾਂ ਫਿਰ ਉੱਥੇ ਸਥਿਤ ਗੁਰੂ ਨਾਨਕ ਦੇਵ ਦੀ ਚਰਨ ਛੋਹ ਪ੍ਰਾਪਤ ਗੁਰਦੁਆਰੇ ਦੇ ਰੱਖ-ਰਖਾਅ ਲਈ ਰੁਕ ਗਏ ਹਨ। ਇਸ ਆਤਮਘਾਤੀ ਹਮਲੇ ਵਿੱਚ ਜਾਨ ਗੁਆਉਣ ਵਾਲਿਆਂ ਵਿੱਚ ਸਰਨ ਸਿੰਘ ਦੇ ਦੋਸਤ ਤੇ ਰਿਸ਼ਤੇਦਾਰ ਵੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਅਫ਼ਗਾਨ ਸਿੱਖ ਭਾਰਤ ਆਉਣਾ ਤਾਂ ਚਾਹੁੰਦੇ ਹਨ ਪਰ ਲਗਭਗ ਵੀਹ ਸਾਲ ਪਹਿਲਾਂ ਪਰਵਾਸ ਕਰਕੇ ਭਾਰਤ ਆਏ ਆਪਣੇ ਭਾਈਚਾਰੇ ਦੇ ਹੋਰਨਾਂ ਵਿਅਕਤੀਆਂ ਨੂੰ ਹਾਲੇ ਤੱਕ ਨਾਗਰਿਕਤਾ ਨਾ ਮਿਲਣ ਕਰਕੇ ਦਰਪੇਸ਼ ਮੁਸ਼ਕਲਾਂ ਤੋਂ ਘਬਰਾ ਕੇ ਅਜਿਹਾ ਕਰਨ ਤੋਂ ਪਾਸਾ ਵੱਟ ਗਏ ਹਨ।

ਉਨ੍ਹਾਂ ਕਿਹਾ ਕਿ ਚਾਹੇ ਵੀਜ਼ਾ ਨਵਿਆ ਦਿੱਤਾ ਜਾਂਦਾ ਹੈ ਪਰ ਇਸ ਸਬੰਧੀ ਪ੍ਰਕਿਰਿਆ ਬੜੀ ਗੁੰਝਲਦਾਰ ਹੈ। ਅੰਮ੍ਰਿਤਸਰ ਵਸੇ ਇਕ ਹੋਰ ਅਫ਼ਗਾਨ ਸਿੱਖ ਸੂਰਬੀਰ ਸਿੰਘ ਨੇ ਕਿਹਾ ਕਿ ਮਾਰੇ ਗਏ ਬਹੁਤੇ ਸਿੱਖਾਂ ਦੇ ਰਿਸ਼ਤੇਦਾਰ ਦਿੱਲੀ ਵਿੱਚ ਰਹਿ ਰਹੇ ਹਨ ਤੇ ਨਿੱਕੇ ਮੋਟੇ ਕਾਰੋਬਾਰ ਕਰਕੇ ਗੁਜ਼ਾਰਾ ਕਰ ਰਹੇ ਹਨ। ਪਰ ਇਸ ਦੌਰਾਨ ਉਹ ਆਪਣੀ ਪਿੱਛੇ ਰਹਿ ਗਈ ਸੰਪਤੀ ਦੇਖਣ ਲਈ ਅਫ਼ਗਾਨਿਸਤਾਨ ਜਾਂਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਤਾਲਿਬਾਨ ਦੇ ਡਰ ਕਾਰਨ ਉੱਥੇ ਹਿੰਦੂ ਤੇ ਸਿੱਖ ਔਰਤਾਂ ਗਲੀਆਂ 'ਚ ਖੁੱਲ੍ਹੇਆਮ ਘੁੰਮਣ ਬਾਰੇ ਸੋਚ ਤੱਕ ਨਹੀਂ ਸਕਦੀਆਂ ਤੇ ਪੁਰਸ਼ ਵੀ ਜਲਦੀ ਘਰ ਮੁੜ ਆਉਂਦੇ ਹਨ।

# ਚੁੰਬਰ ਭਾਈਚਾਰੇ ਦਾ ਸਲਾਨਾ ਜੋੜ ਮੇਲਾ ਸ਼ਰਧਾ ਨਾਲ ਸਮਾਪਤ




**ਹੁਸ਼ਿਆਰਪੁਰ–** ਚੁੰਬਰ ਭਾਈਚਾਰੇ ਦਾ ਸਲਾਨਾ ਜੋੜ ਮੇਲਾ ਅੱਜ ਪਿੰਡ ਫਰਾਲਾ ਵਿਖੇ ਧੂਮਧਾਮ ਨਾਲ ਕਰਵਾਇਆ ਗਿਆ। ਇਸ ਮੇਲੇ ਦੀਆਂ ਧਾਰਮਿਕ ਰਸਮਾਂ ਨੂੰ ਬੀਬੀ ਤਾਰੋ ਜੀ ਸਾਬਰ, ਮਸਤ ਹਿੰਮਤ ਰਾਏ ਦੁੱਧਾਧਾਰੀ, ਸੰਤ ਕ੍ਰਿਸ਼ਨ ਨਾਥ ਚਹੇੜੂ, ਸੰਤ ਪ੍ਰੇਮ ਦਾਸ ਫਰਾਲਾ ਸਮੇਤ ਕਈ ਹੋਰ ਮਾਪੁਰਸ਼ਾਂ ਨੇ ਅਦਾ ਕੀਤਾ। ਇਸ ਮੌਕੇ ਪ੍ਰਧਾਨ ਇੰਦਰਜੀਤ ਕਾਲਾ, ਕੁਲਵਿੰਦਰ ਪਾਲ, ਡਾ. ਲਹਿੰਬਰ ਕੁਮਾਰ, ਰੌਸ਼ਨ ਲਾਲ ਕੁਲਥਮ, ਬਲਵੀਰ ਰਾਮ ਲਾਧੜਾ, ਕੈਸ਼ੀਅਰ ਕੁਲਵਿੰਦਰ ਪਾਲ ਸੰਘੇ ਜਗੀਰ, ਹੈਪੀ ਫਰਾਲਾ, ਭਜਨ ਦਾਸ ਪੰਡੋਰੀ, ਲਾਡੀ, ਥਾਬਲਕੇ, ਲਹਿੰਬਰ ਰਾਮ ਸੰਘੇ ਜਗੀਰ, ਪੰਮਾ ਬਘੋਰਾ, ਹਰਭਜਨ ਸਿੰਘ ਫਿਲੌਰ, ਸੁਰਿੰਦਰ ਪਾਲ ਨੰਬਰਦਾਰ, ਮਹਿੰਦਰ ਸਿੰਘ ਸਫ਼ੀਪੁਰ, ਸਰਪੰਚ ਜੀਤ ਰਾਮ ਫਰਾਲਾ, ਨਰਿੰਦਰ ਮਿੱਠਾਪੁਰ, ਕੁਲਵਿੰਦਰ ਮਿੱਠਾਪੁਰ, ਮੋਹਨ ਲਾਲ ਕੁਲਥਮ, ਨੰਬਰਦਾਰ ਆਰ ਪੀ ਸਿੰਘ, ਪ੍ਰਗਟ ਚੁੰਬਰ, ਜਸਵੀਰ ਚੁੰਬਰ, ਮੈਨੇਜਰ ਐਲ ਐਲ ਚੁੰਬਰ ਸਮੇਤ ਕਈ ਹੋਰਾਂ ਨੇ ਮਹਾਂਪੁਰਸ਼ਾਂ ਅਤੇ ਕਲਾਕਾਰਾਂ ਦਾ ਸਨਮਾਨ ਕੀਤਾ। ਇਸ ਮੌਕੇ ਸਜਾਈ ਗਈ ਸਟੇਜ ਤੇ ਗਾਇਕ ਮਲਕੀਤ ਬੰਬੇਲੀ, ਕੁਲਦੀਪ ਚੁੰਬਰ, ਗਾਇਕਾ ਰਾਜ ਗੁਲਜ਼ਾਰ, ਪੰਮਾ ਕੁਲਥਮ, ਰਿੱਕੀ ਮਨ, ਮੁਖਤਿਆਰ ਚੁੰਬਰ, ਗੁਰਮੀਤ ਸੈਦੋਕੇ, ਪ੍ਰੀਤ ਬਲਿਹਾਰ, ਰੇਖਾ, ਅਮਰਜੀਤ ਸਮੇਤ ਕਈ ਹੋਰਾਂ ਨੇ ਸੰਗਤ ਨੂੰ ਸਤਿਗੁਰਾਂ ਦੀ ਮਹਿਮਾ ਸਰਵਣ ਕਰਵਾਈ।

ਸਟੇਜ ਦਾ ਸੰਚਾਲਨ ਕੁਲਦੀਪ ਚੁੰਬਰ ਵਲੋਂ ਕੀਤਾ ਗਿਆ। ਪ੍ਰਬੰਧਕ ਕਮੇਟੀ ਵਲੋਂ ਸਹਿਯੋਗੀ ਸੇਵਾਦਾਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਸਮਰਾਲਾ ਵਿਚ ਟੁੱਟੀਆਂ ਸੜਕਾਂ ਦੇ ਵਿਰੋਧ ’ਚ ਮੁਕੰਮਲ ’ਚੱਕਾ ਜਾਮ’

**ਸਮਰਾਲਾ–** ਹਲਕਾ ਸਮਰਾਲਾ ਦੀਆਂ ਟੁੱਟੀਆਂ ਸੜਕਾਂ ਤੋਂ ਪ੍ਰੇਸ਼ਾਨ ਹੋਈਆਂ ਸਮਰਾਲਾ ਇਲਾਕੇ ਦੀਆ ਸਮੂਹਿਕ ਜਥੇਬੰਦੀਆਂ ਦੀ ਇੱਕ ਹੰਗਾਮੀ ਮੀਟਿੰਗ ਸਥਾਨਕ ਮੇਨ ਚੌਂਕ ਸਥਿੱਤ ਗੁਰਦੁਆਰਾ ਸਾਹਿਬ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸਮਰਾਲਾ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਚੇਅਰਮੈਨ ਐਡਵੋਕੇਟ ਗਗਨਦੀਪ ਸ਼ਰਮਾ ਨੇ ਕਿਹਾ ਕਿ ਪਹਿਲਾਂ ਤਾਂ ਸਥਾਨਕ ਪ੍ਰਸ਼ਾਸਨ ਵੱਲੋਂ ਲੋਕਾਂ ਦੇ ਸੰਘਰਸ਼ ਨੂੰ ਡਰਾਮਾ ਕਹਿ ਕੇ ਆਪਣਾ ਵਿਰੋਧੀ ਬਣਾਇਆ ਗਿਆ ਸੀ ਅਤੇ ਹੁਣ ਲੋਕਾਂ ਵੱਲੋਂ ਪ੍ਰਸ਼ਾਸਨ ਨੂੰ ਵਾਰ-ਵਾਰ ਮਿਲਣ ਲਈ ਕਹਿਣ ਦੇ ਬਾਵਜੂਦ ਵੀ ਟਾਲ-ਮਟੋਲ ਵਾਲਾ ਰਵੱਈਆ ਹੀ ਚੱਲ ਰਿਹਾ ਹੈ, ਉਨ੍ਹਾਂ ਦੇ ਦੁੱਖ ਦਰਦ ਦੀ ਕਿਸੇ ਵੀ ਅਧਿਕਾਰੀ ਨੂੰ ਕੋਈ ਚਿੰਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਹੁਣ ਸਮਾਜਸੇਵੀ ਜਥੇਬੰਦੀਆਂ ਪ੍ਰਸ਼ਾਸਨ ਨੂੰ ਮਿਲਣ ਲਈ ਉਨ੍ਹਾਂ ਦੇ ਦਫ਼ਤਰ ਨਹੀਂ ਜਾਣਗੀਆਂ, ਸਗੋਂ ਹੁਣ ਸਾਰੀਆਂ ਜਥੇਬੰਦੀਆਂ ਇੱਕ ਮੰਚ ’ਤੇ ਇਕੱਠੀਆਂ ਹੋ ਕੇ ਸਮਰਾਲਾ ਦੇ ਮੇਨ ਚੌਂਕ ਨੂੰ ਘੇਰਨਗੀਆਂ, ਜਿੱਥੇ ਪ੍ਰਸ਼ਾਸਨਿਕ ਅਧਿਕਾਰੀ ਖੁਦ ਪਹੁੰਚਣਗੇ ਅਤੇ ਲੋਕਾਂ ਦੇ ਸਵਾਲਾਂ ਦੇ ਜਵਾਬ ਦੇਣਗੇ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਬੰਧ ’ਚ ਸਮਰਾਲਾ ਇਲਾਕੇ ਦੀਆਂ ਸਮਾਜਿਕ, ਧਾਰਮਿਕ, ਸਪੋਰਟਸ ਅਤੇ ਰਾਜਨੀਤਿਕ ਜਥੇਬੰਦੀਆਂ ਦੇ ਆਗੂ ਵੱਡੀ ਗਿਣਤੀ ’ਚ 29 ਜੂਨ ਦਿਨ ਸ਼ੁਕਰਵਾਰ ਨੂੰ ਸਵੇਰੇ 11 ਵਜੇ ਸਥਾਨਕ ਚੰਡੀਗੜ੍ਹ ਰੋਡ ਸਥਿੱਤ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਖੇ ਇਕੱਠੀਆਂ ਹੋਣਗੀਆਂ, ਜਿੱਥੋਂ ਚੱਲ ਕੇ ਉਹ ਵੱਖ-ਵੱਖ ਬਾਜ਼ਾਰਾਂ ’ਚੋਂ ਰੋਸ ਮਾਰਚ ਕਰਦੀਆਂ ਹੋਈਆਂ ਸਮਰਾਲਾ ਦੇ ਮੁੱਖ ਚੌਂਕ ਵਿਚ ਆ ਕੇ ਧਰਨੇ ’ਤੇ ਬੈਠ ਜਾਣਗੀਆਂ। ਉਨ੍ਹਾਂ ਦੱਸਿਆ ਕਿ ਲੁਧਿਆਣਾ-ਚੰਡੀਗੜ੍ਹ ਅਤੇ ਖੰਨਾ-ਨਵਾਂਸ਼ਹਿਰ



ਮਾਰਗ ਨੂੰ ਮੁਕੰਮਲ ਰੂਪ ’ਚ ਬੰਦ ਕਰਕੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਜਾਵੇਗੀ ਅਤੇ ਵੱਖ-ਵੱਖ ਆਗੂਆਂ ਵੱਲੋਂ ਸੰਬੋਧਨ ਕਰਕੇ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਦੇ ਚਿੱਠੇ ਲੋਕਾਂ ਅੱਗੇ ਖੋਲ੍ਹੇ ਜਾਣਗੇ।

ਇਸ ਮੌਕੇ ਸੁਦੇਸ਼ ਸ਼ਰਮਾ, ਜਥੇ: ਅਮਰਜੀਤ ਸਿੰਘ ਬਾਲਿਓਂ, ਨਿਰਮਲ ਸਿੰਘ, ਰਾਜਵਿੰਦਰ ਸਮਰਾਲਾ, ਸੰਤੋਖ ਸਿੰਘ ਨਾਗਰਾ, ਪਰਮਜੀਤ ਸਿੰਘ ਖੜਕ ਵੱਲੋਂ ਵੀ ਸਰਕਾਰ ਵਿਰੁੱਧ ਆਪਣੀ ਭੜਾਸ ਕੱਢਦੇ ਹੋਏ ਕਿਹਾ ਗਿਆ ਕਿ ਬੇਸ਼ੱਕ ਪਿਛਲੀ ਅਕਾਲੀ-ਭਾਜਪਾ ਸਰਕਾਰ ਸਮੇਂ ਵੀ ਸੜਕਾਂ ਦਾ ਇਹੀ ਹਾਲ ਸੀ, ਪ੍ਰੰਤੂ ਕਰੀਬ ਸਵਾ ਸਾਲ ਬੀਤ ਜਾਣ ਮਗਰੋਂ ਮੌਜੂਦਾ ਪੰਜਾਬ ਸਰਕਾਰ ਨੇ ਵੀ ਸੜਕਾਂ ਦੇ ਨਵੀਨੀਕਰਨ ਸਬੰਧੀ ਕੋਈ ਫਲੀ ਨਹੀਂ ਭੰਨੀ, ਬੱਸ ਰਾਜਨੀਤਿਕ ਆਗੂਆਂ ਵੱਲੋਂ ਅਖ਼ਬਾਰਾਂ ’ਚ ਬਿਆਨਬਾਜ਼ੀਆਂ ਦਾ ਦੌਰ ਹੀ ਚੱਲ ਰਿਹਾ ਹੈ। ਉਨ੍ਹਾਂ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਹ ਸੜਕਾਂ ਦੀ ਖਸਤਾ ਹਾਲਤ ਤੋਂ ਦੁਖੀ ਹਨ ਤਾਂ ਉਹ ਇਸ ਰੋਸ ਮਾਰਚ ਅਤੇ ਚੱਕਾ ਜਾਮ ਵਿਚ ਪਹੁੰਚ ਕੇ ਲੋਕ ਸੰਘਰਸ਼ ਦਾ ਹਿੱਸਾ ਬਣਨ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸ਼ਿਵ ਕੁਮਾਰ ਸ਼ਿਵਲੀ, ਇੰਦਰੇਸ਼ ਜੈਦਕਾ, ਗੁਰਪ੍ਰੀਤ ਸਿੰਘ ਬੇਦੀ, ਸ਼ੰਕਰ ਕਲਿਆਣ, ਬਾਬਾ ਹਰਨੇਕ ਸਿੰਘ, ਇੰਦਰਜੀਤ ਸਿੰਘ ਕੰਗ, ਭੂਸ਼ਨ ਬਾਂਸਲ, ਮਨਦੀਪ ਸਿੰਘ, ਸਤੀਸ਼ ਕੁਮਾਰ, ਸਰਵਣ ਸਿੰਘ, ਹਰਪ੍ਰੀਤ ਸਿੰਘ ਬਾਲਿਓਂ, ਪਰਮਜੀਤ ਸਿੰਘ ਨੀਲੋਂ, ਫਤਹਿ ਸਿੰਘ, ਕੁਲਵੀਰ ਸਿੰਘ ਮੁਸ਼ਕਾਬਾਦ, ਅਵਤਾਰ ਸਿੰਘ ਸਾਬਕਾ ਸਰਪੰਚ, ਵਿਨੈ ਕੁਮਾਰ, ਸੁਨੀਲ ਵਰਮਾ, ਰੋਹਿਤ ਗਰਗ, ਨਿਰਭੈ ਸਿੰਘ, ਪ੍ਰਦੀਪ ਸਿੰਘ ਬਲਾਲਾ, ਸੰਦੀਪ ਸਮਰਾਲਾ, ਗੁਰਮੀਤ ਸਿੰਘ, ਦਰਸ਼ਨ ਸਿੰਘ ਬੌਂਦਲੀ ਸਮੇਤ ਅਨੇਕਾਂ ਸਮਾਜਸੇਵੀਆਂ ਨੇ ਸ਼ਿਰਕਤ ਕੀਤੀ।

**ਲੋਕਾਂ ਨੂੰ ਬਦਲਵੇਂ ਰਸਤਿਆਂ ਤੋਂ ਆਉਣ ਦੀ ਅਪੀਲ**

ਸਮਰਾਲਾ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਚੇਅਰਮੈਨ ਐਡਵੋਕੇਟ ਗਗਨਦੀਪ ਸ਼ਰਮਾ ਨੇ ਕਿਹਾ ਕਿ ਸਾਡਾ ਆਮ ਲੋਕਾਂ ਨੂੰ ਪ੍ਰੇਸ਼ਾਨ ਕਰਨ ਦਾ ਕੋਈ ਵੀ ਮੰਨਸ਼ਾ ਨਹੀਂ ਹੈ, ਪ੍ਰੰਤੂ ਇਸ ਸੰਘਰਸ਼ ਤੋਂ ਬਿਨ੍ਹਾਂ ਹੋਰ ਕੋਈ ਚਾਰਾ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸੜਕਾਂ ਦੀ ਮਾੜੀ ਦਸ਼ਾ ਸੁਧਾਰਨ ਲਈ ਅੱਜ ਕੀਤੇ ਜਾ ਰਹੇ ਰੋਸ ਮਾਰਚ ਅਤੇ ਚੱਕਾ ਜਾਮ ਕਾਰਨ ਲੁਧਿਆਣਾ-ਚੰਡੀਗੜ੍ਹ ਅਤੇ ਖੰਨਾ-ਨਵਾਂਸ਼ਹਿਰ ਮਾਰਗ ਮੁਕੰਮਲ ਰੂਪ ’ਚ ਬੰਦ ਰੱਖੇ ਜਾਣਗੇ।

ਉਨ੍ਹਾਂ ਆਉਣ-ਜਾਣ ਵਾਲੇ ਰਾਹਗੀਰਾ ਨੂੰ ਅਪੀਲ ਕੀਤੀ ਕਿ ਉਹ ਅੱਜ ਆਪਣੇ ਬਦਲਵਿਆਂ ਰਸਤਿਆਂ ਰਾਹੀਂ ਹੀ ਆਪਣੀ ਮੰਜ਼ਿਲ ਵੱਲ ਰਵਾਨਗੀ ਕਰਨ, ਕਿਉਂਕਿ ਇਨ੍ਹਾਂ ਸੜਕਾਂ ਨੂੰ ਮੁਕੰਮਲ ਰੂਪ ’ਚ ਬੰਦ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਿਰਫ਼ ਐਂਬੂਲੈਂਸਾਂ ਨੂੰ ਹੀ ਐਮਰਜੈਂਸੀ ਹਾਲਾਤਾਂ ਵਿਚ ਨਿਕਲਣ ਦਿੱਤਾ ਜਾਵੇਗਾ।

# “ਦੀ ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੁਸਾਇਟੀ ਲਿਮਟਿਡ” ਦੇ ਅਹੁਦੇਦਾਰਾਂ ਦੀ ਹੋਈ ਚੋਣ

**ਫਗਵਾੜਾ–** ਪੰਜਾਬ ਦੇ ਲੇਖਕਾਂ ਦੀ ਸਹਿਕਾਰੀ ਸੁਸਾਇਟੀ "ਦੀ ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੁਸਾਇਟੀ ਲਿਮਟਿਡ” ਦੀ ਬੀਤੇ ਦਿਨੀਂ ਲੁਧਿਆਣਾ



ਵਿਖੇ ਚੁਣੇ ਡਾਇਰੈਕਟਰਾਂ ਵਿਚੋਂ ਡਾ: ਬਿਕਰਮ ਸਿੰਘ ਘੁੰਮਣ ਪ੍ਰਧਾਨ, ਬ੍ਰਹਮ ਜਗਦੀਸ਼ ਸਿੰਘ ਮੀਤ ਪ੍ਰਧਾਨ, ਡਾ: ਚਰਨਜੀਤ ਸਿੰਘ ਗੁੰਮਟਾਲਾ ਮੈਨੇਜਿੰਗ ਡਾਇਰੈਕਟਰ, ਗੁਰਮੀਤ ਸਿੰਘ ਪਲਾਹੀ ਸਕੱਤਰ ਜਨਰਲ, ਅਤੇ ਅੰਮ੍ਰਿਤ ਲਾਲ ਮੰਨਣ ਪ੍ਰੈੱਸ ਸਕੱਤਰ ਚੁਣੇ ਗਏ। ਡਾਇਰੈਕਟਰਾਂ ਦੀ ਹੋਈ ਮੀਟਿੰਗ ਵਿੱਚ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਛਾਪਣ, ਪੰਜਾਬ ਵਿੱਚ ਵੱਧ ਤੋਂ ਵੱਧ ਲਾਇਬ੍ਰੇਰੀਆਂ ਖੋਲ੍ਹਣ ਦਾ ਫੈਸਲਾ ਕੀਤਾ। ਡਾਇਰੈਕਟਰਾਂ ਨੇ ਮੰਗ ਕੀਤੀ ਕਿ ਪੰਜਾਬੀ ਨੂੰ ਪੰਜਾਬ ਦੇ ਦਫਤਰਾਂ, ਚੰਡੀਗੜ੍ਹ ਅਤੇ ਪੰਜਾਬ ਦੀਆਂ ਅਦਾਲਤਾਂ ਵਿੱਚ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ। ਸੁਸਾਇਟੀ ਦੇ ਅਹੁਦੇਦਾਰਾਂ ਨੇ ਪੰਜਾਬ ਦੇ ਲੋਕਾਂ ਨੂੰ ਪੰਜਾਬੀ ਬੋਲੀ ਨੂੰ ਆਪਣੀ ਕਾਰੋਬਾਰੀ ਬੋਲੀ ਬਨਾਉਣ ਦੀ ਅਪੀਲ ਕੀਤੀ। ਮੀਟਿੰਗ ਵਿੱਚ ਬਿਕਰਮ ਸਿੰਘ ਘੁੰਮਣ, ਬ੍ਰਹਮ ਜਗਦੀਸ਼ ਸਿੰਘ, ਗੁਰਮੀਤ ਸਿੰਘ ਪਲਾਹੀ,ਪ੍ਰੇਮ ਸਿੰਘ, ਡਾ: ਬ੍ਰਿਜਪਾਲ ਸਿੰਘ, ਅੰਮ੍ਰਿਤ ਲਾਲ ਮੰਨਣ, ਜਸਬੀਰ ਕੌਰ, ਸੁਰਿੰਦਰਪਾਲ ਮੰਡਲ, ਹਰਜਿੰਦਰ ਸਿੰਘ ਸੂਰੇਵਾਲੀਆ, ਡਾ: ਬੂਟਾ ਸਿੰਘ ਬਰਾੜ, ਡਾ: ਜੀਤ ਸਿੰਘ ਜੋਸ਼ੀ ਹਾਜ਼ਰ ਹੋਏ।

# ਗੁਰਦੁਆਰਾ ਗੋਬਿੰਦਗੜ੍ਹ ਵਿਖੇ ਪ੍ਰਕਾਸ਼ ਪੁਰਬ ਮਨਾਇਆ

**ਮੋਗਾ–** ਮੋਗਾ ਸ਼ਹਿਰ ਦੀ ਚੜ੍ਹਿੱਕ ਰੋਡ’ਤੇ ਸਥਿਤ ਗੁਰਦੁਆਰਾ ਗੋਬਿੰਦਗੜ੍ਹ ਸਾਹਿਬ ਵਿਖੇ ਛੇਵੇਂਪਾਤਸ਼ਾਹ ਮੀਰੀ-ਪੀਰੀਦੇ ਮਾਲਕ ਧੰਨ ਸ੍ਰੀ ਗੁਰੂ ਹਰਿ-ਗੋਬਿੰਦ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਸ਼ਰਧਾ, ਪਿਆਰ ਸਹਿਤ ਮਨਾਇਆ ਗਿਆ। ਗੁਰਬਾਣੀ



ਪਾਠਦੇ ਭੋਗ ਉਪਰੰਤ ਭਾਈ ਹਰਮਨਦੀਪ ਸਿੰਘ ਸ਼ਾਨ ਤੇ ਸਤਿ ਸੰਗਤ ਸਭਾ ਬੀਬੀਆਂ ਦੇ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ। ਉਪਰੰਤ ਡਾ. ਸੰਤ ਬਾਬਾ ਗੁਰਨਾਮ ਸਿੰਘ ਜੀ ਡਰੌਲੀ ਭਾਈ ਕਾਰ ਸੇਵਾ ਵਾਲੇ ਤੇ ਭਾਈ ਪਿਆਰਾ ਸਿੰਘ ਵੱਲੋਂ ਗੁਰ ਇਤਿਹਾਸ, ਕਥਾ ਵਿਚਾਰਾਂ ਸਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਪਰੰਤ ਡਾ. ਸੰਤ ਬਾਬਾ ਗੁਰਨਾਮ ਸਿੰਘ ਜੀ, ਜਥੇਦਾਰ ਮੋਹਨ ਸਿੰਘ ਮੋਗਾ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਸਥਾਨਕ ਸੰਗਤਾਂ ’ਚੋਂ ਲੜੀਵਾਰ ਗੁਰਬਾਣੀ ਪਾਠ ਕਰਨ ਵਾਲੀਆਂ ਬੀਬੀਆਂ ਦੇ ਜਥੇ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਦੀ ਬਖਸ਼ਿਸ਼ ਨਾਲ ਸਨਮਾਨਿਤ ਕੀਤਾ ਗਿਆ। ਅਖੀਰ ਮਿੱਠੇ ਪ੍ਰਸ਼ਾਦੇ ਦਾ ਲੰਗਰ ਵਰਤਾਇਆ ਗਿਆ।

**ਰਿਪੋਰਟ– ਡਾ. ਬਲਰਾਜ ਸਿੰਘ (ਘੱਲ ਕਲਾਂ)**

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com,
www.ambedkartimes.com

# ਅੱਜ ਦੇ ਹਲਾਤਾਂ ਨੂੰ ਬਿਆਨ ਕਰਦੀ ਟੈਲੀ ਫ਼ਿਲਮ “ਵਿਸਵਾਸ਼ਘਾਤ” ਰਿਲੀਜ਼

**ਬਠਿੰਡਾ (ਗੁਰਬਾਜ ਗਿੱਲ)–** ਅਜੋਕੀ ਜ਼ਿੰਦਗੀ ਵਿੱਚ ਚੱਲ ਰਹੇ ਹਲਾਤਾਂ ਨੂੰ ਬਿਆਨਦੀ ਟੈਲੀ ਫ਼ਿਲਮ "ਵਿਸਵਾਸ਼ਘਾਤ" ਜੇ.ਐਨ.ਐਸ.ਐਸ ਰਿਕਰਡਜ਼ ਕੰਪਨੀ ਵੱਲੋਂ ਬੜੇ ਵੱਡੇ ਪੱਧਰ 'ਤੇ ਰਿਲੀਜ਼ ਕੀਤੀ। ਇਸ ਫ਼ਿਲਮ ਦੇ ਡਾਇਰੈਕਟਰ ਲਾਡੀ ਫਾਜਿਲਕਾ ਦੀ ਨਿਰਦੇਸ਼ਨਾ ਹੇਠ ਬਣੀ ਇਸ ਫ਼ਿਲਮ ਵਿੱਚ ਬੋਬੀ ਸੇਖੋਂ, ਪਰਮਜੀਤ ਕੌਰ, ਸੀਰਤ ਭੁੱਲਰ, ਅੰਗਰੇਜ ਸਿੰਘ, ਜੱਸੀ ਜਾਨ, ਬੀ. ਸਿੰਘ ਕੁਹਾਰ, ਕਮਲ, ਜਸਮੀਤ ਸਿੱਧੂ, ਮਨਿੰਦਰ ਸਿੱਧੂ, ਗੁਰਜਿੰਦਰ ਢਿੱਲੋਂ, ਗੁਰਦਿੱਤ ਬਰਾੜ, ਕੁਲਵੀਰ ਮੰਨੂ, ਬਿੰਦੂ ਭੁੱਲਰ, ਰਾਜਿੰਦਰ ਰਾਏ, ਨਵਦੀਪ ਕੰਧਵਾਲੀਆ ਤੇ ਲਾਡੀ ਫਾਜਿਲਕਾ ਆਦਿ ਕਲਾਕਾਰਾਂ ਨੇ ਕੰਮ ਕੀਤਾ ਹੈ। ਪ੍ਰੋਡਿਊਸਰ




ਨਵਦੀਪ ਕੰਧਵਾਲੀਆ ਅਤੇ ਲਾਡੀ ਫਾਜਿਲਕਾ ਦੀ ਇਸ ਫ਼ਿਲਮ ਦੇ ਕੈਮਰਾਮੈਨ ਰਿੰਕੂ ਬੱਧਣ ਨੇ ਫ਼ਿਲਮ ਦੇ ਹਰ ਸ਼ੀਨ ਨੂੰ ਬੜੇ ਵਧੀਆ ਤਰੀਕੇ ਨਾਲ ਫ਼ਿਲਮਾਇਆ ਹੈ। ਕੋਰਿਉਗ੍ਰਾਫਰ ਹੈਰੀ ਵਰਮਾ ਨੇ ਵੀ ਆਪਣਾ ਕੰਮ ਬਾਖੂਬੀ ਨਿਭਾਇਆ। ਲੇਖਕ ਨਵਦੀਪ ਕੰਧਵਾਲੀਆ ਦੀ ਲਿਖੀ ਇਸ ਫ਼ਿਲਮ ਦੇ ਗੀਤ ਨੂੰ ਗਾਇਕ ਮਨਿੰਦਰ ਖਾਜੂਵਾਲਾ ਨੇ ਆਪਣੀ ਬੁਲੰਦ ਅਵਾਜ਼ ਚ' ਗਾਇਆ ਹੈ। ਸੱਤਪਾਲ ਸਿੰਘ ਕਾਮਰੇਡ, ਗੁਲਾਬ ਸਿੱਧੂ ਅਤੇ ਗੁਰਚਰਨ ਗਿੱਲ ਦੇ ਅਥਾਹ ਸਹਿਯੋਗ ਨਾਲ ਬਣੀ ਇਸ ਫ਼ਿਲਮ ਨੂੰ ਕੰਪਨੀ ਦੇ ਯੂ-ਟਿਊਬ ਚੈਨਲ 'ਤੇ ਭਰਵਾਂ ਹੁੰਗਾਰਾ ਮਿਲ ਰਿਹਾ।

### ਯੂਨੀਵਰਸਲ ਸਾਹਿਤਕ ਸੰਸਥਾ ਪਿੰਡ ਕੜਿਆਲ ਦੀ ਚੌਥੀ ਕਾਨਫਰੰਸ

# ਕਵਿਤਾ, ਗੀਤ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ



**ਬਠਿੰਡਾ (ਗੁਰਬਾਜ ਗਿੱਲ)–** ਸਾਹਿਤਕ ਗਤੀਵਿਧੀਆ ਨੂੰ ਬੜਾਵਾ ਦੇਣ ਲਈ ਯੂਨੀਵਰਸਲ ਸਾਹਿਤਕ ਸੰਸਥਾ ਪਿੰਡ ਕੜਿਆਲ ਦੀ ਚੌਥੀ ਕਾਨਫਰੰਸ ਨੈਸ਼ਨਲ ਕਨਵੈਂਟ ਸਕੂਲ ਸ੍ਰੀ ਅੰਮ੍ਰਿਤਸਰ ਸਾਹਿਬ ਰੋਡ ਮੋਗਾ ਵਿਖੇ ਆਯੋਜਿਤ ਕੀਤੀ ਗਈ, ਜਿਸ ਵਿੱਚ ਕਵਿਤਾ, ਗੀਤ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਕਵਿਤਾ ਮੁਕਾਬਲੇ ਵਿੱਚ ਦਸ ਪ੍ਰਤੀਯੋਗੀ, ਗੀਤ ਮੁਕਾਬਲੇ ਵਿੱਚ ਵੀ ਦਸ ਪ੍ਰਤੀਯੋਗੀ ਅਤੇ ਭਾਸ਼ਣ ਮੁਕਾਬਲੇ ਵਿੱਚ ਪੰਜ ਪ੍ਰਤੀਯੋਗੀਆਂ ਨੇ ਹਿੱਸਾ ਲਿਆ। ਕਵਿਤਾ ਮੁਕਾਬਲੇ ਵਿੱਚੋਂ ਅਕਰਮ ਖਾਨ ਧੂੜਕੋਟ, ਗੀਤ ਮੁਕਾਬਲੇ ਵਿੱਚੋਂ ਲੈਵੀਸ਼ ਅਤੇ ਭਾਸ਼ਣ ਮੁਕਾਬਲੇ ਵਿੱਚੋਂ ਕਿਰਨਪ੍ਰੀਤ ਕੌਰ ਨੇ ਪਹਿਲਾ ਸਥਾਨ ਹਾਸਿਲ ਕੀਤਾ। ਇਹਨਾਂ ਜੇਤੂਆਂ ਨੂੰ ਸੰਸਥਾ ਦੀ ਸਮੁੱਚੀ ਟੀਮ ਅਤੇ ਖਾਸ ਤੌਰ 'ਤੇ ਪਹੁੰਚੇ ਹੋਏ ਸ. ਗੁਰਦੇਵ ਸਿੰਘ ਬੀ. ਏ. ਵੱਲੋਂ ਇਨਾਮ ਤਕਸੀਮ ਕੀਤੇ ਗਏ। ਇਸ ਪ੍ਰੋਗਰਾਮ ਵਿੱਚ ਉੱਘੀ ਕਹਾਣੀਕਾਰਾਂ ਪਵਿੱਤਰ ਕੌਰ ਮਾਟੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ, ਜਿੰਨ੍ਹਾਂ ਦਾ ਸੰਸਥਾ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਜੱਜ ਸਾਹਿਬਾਨ ਦੀ ਭੂਮਿਕਾ ਜਸਵੰਤ ਕੜਿਆਲ, ਮੈਡਮ ਹਰਲੀਨ ਕੌਰ ਅਤੇ ਲੇਖਿਕਾ ਬੇਅੰਤ ਕੌਰ ਗਿੱਲ ਨੇ ਬਾਖੂਬੀ ਨਿਭਾਈ। ਯੂਨੀਵਰਸਲ ਸਾਹਿਤਕ ਸੰਸਥਾ ਵੱਲੋਂ ਕਰਵਾਈ ਇਸ ਕਾਨਫਰੰਸ ਵਿੱਚ ਜਸਪ੍ਰੀਤ ਪੂਰਬਾ, ਗਗਨਦੀਪ ਸੌਂਦ, ਅਮਨਦੀਪ ਸਿੰਘ, ਗਗਨਦੀਪ ਪੂਰਬਾ, ਗੁਰਬਿੰਦਰ ਸਿੰਘ, ਕਮਲਜੀਤ ਕੌਰ ਜੀਰਾ, ਹਰਸਦੀਪ ਸਿੰਘ, ਗੁਰਬਿੰਦਰ ਬਰਾੜ, ਨਮਨਦੀਪ ਕੌਰ, ਗੁਰਬਿੰਦਰ ਸਿੰਘ, ਸੋਨੀ ਮੋਗਾ, ਇਸ਼ਕਾ ਬਾਂਸਲ, ਤਰਨਪ੍ਰੀਤ ਕੌਰ ਸੇਖੋਂ ਅਤੇ ਹਰਸ਼ਨ ਬਰਾੜ ਆਦਿ ਹਾਜ਼ਰ ਸਨ। ਇਸ ਪ੍ਰੋਗਰਾਮ ਦੌਰਾਨ ਹਰਕੀਰਤ ਸਿੰਘ ਸੇਖੋਂ ਅਤੇ ਗੁਰਮੀਤ ਰੱਖਰਾ ਕੜਿਆਲ ਨੇ ਸਟੇਜ ਸੰਚਾਲਨ ਕੀਤਾ।

# ਘਰ ਘਰ ਵਿੱਚ ਹਰਿਆਲੀ ਸਕੀਮ ਨੂੰ ਲੋਕਾਂ ਵੱਲੋਂ ਮਿਲਿਆ ਹੁੰਗਾਰਾ

**ਅਲਾਵਲਪੁਰ (ਮਦਨ ਬੰਗੜ)–** ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਦਿਸ਼ਾ ਨਿਰਦੇਸ਼ਾਂ ਹੇਠ ਤੰਦਰੁਸਤ ਪੰਜਾਬ ਅਤੇ ਘਰ ਘਰ ਹਰਿਆਲੀ ਸਕੀਮ ਤਹਿਤ ਵਣ ਵਿਭਾਗ ਜਲੰਧਰ ਵੱਲੋਂ ਰੇਂਜ ਅਫਸਰ ਅਮਰਜੀਤ ਸਿੰਘ



ਬਾਜਵਾ, ਪੁਨੀਤ ਕੁਮਾਰ ਵਣ ਬੀਟ ਅਫਸਰ ,ਕੁਲਵਿੰਦਰ ਸਿੰਘ ਵੱਲੋਂ ਸਰਕਾਰੀ ਨਰਸਰੀ ਮਕਸੂਦਾਂ ਵਿਖੇ ਘਰ ਘਰ ਹਰਿਆਲੀ ਸਕੀਮ ਤਹਿਤ ਫੁੱਲਦਾਰ ਫਲਦਾਰ ਅਤੇ ਛਾਂਦਾਰ ਪੌਦੇ ਵੰਡੇ ਗਏ ਇਸ ਮੌਕੇ ਉਨ੍ਹਾਂ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਇਨ੍ਹਾਂ ਦੀ ਦੇਖ ਭਾਲ ਸਬੰਧੀ ਜਾਗਰੂਕ ਵੀ ਕੀਤਾ ਗਿਆ ਅਤੇ ਪੰਜਾਬ ਸਰਕਾਰ ਵਣ ਵਿਭਾਗ ਵੱਲੋਂ ਇੰਟਰਨੈੱਟ ਤੇ ਆਈ ਹਰਿਆਲੀ ਐਪ ਡਾਊਨਲੋਡ ਕਰਕੇ ਉਸ ਉੱਪਰ ਆਪਣੇ ਲਈ ਮਨ ਭਾਉਂਦੇ ਰੁੱਖਾਂ ਦੀ ਪ੍ਰਾਪਤੀ ਲਈ ਵੀ ਲੋਕਾਂ ਨੂੰ ਜਾਗਰੂਕ ਕੀਤਾ ਇਸ ਸਕੀਮ ਤਹਿਤ ਪੌਦੇ ਪ੍ਰਾਪਤ ਕਰਨ ਸਮੇਂ ਅਵਤਾਰ ਸਿੰਘ ਰੇਰੂ ਡਾ ਰਘਵੀਰ ਸਿੰਘ ਜਲੰਧਰ ਮਨਮੋਹਨ ਸਿੰਘ ਰਮਨੀਕ ਐਵੇਨਿਊ ਕਾਲੋਨੀ ਬਾਈਪਾਸ ਜਲੰਧਰ ਸੰਜੀਵ ਕੁਮਾਰ ਬਸਤੀ ਸ਼ੇਖ, ਉਦੇ ,ਚਿਰਾਗ ਅਤੇ ਭਾਰੀ ਗਿਣਤੀ ਵਿੱਚ ਰੁੱਖਾਂ ਨੂੰ ਪ੍ਰਾਪਤ ਕਰਨ ਲਈ ਪਹੁੰਚੇ ਲੋਕਾਂ ਵਿੱਚ ਘਰ ਘਰ ਹਰਿਆਲੀ ਸਕੀਮ ਪ੍ਰਤੀ ਕਾਫ਼ੀ ਉਤਸ਼ਾਹ ਪਾਇਆ ਗਿਆ ਅਤੇ ਪੌਦੇ ਪ੍ਰਾਪਤ ਕਰਨ ਵਾਲੇ ਲੋਕਾਂ ਨੇ ਕਿਹਾ ਕਿ ਉਹ ਇਸ ਸਕੀਮ ਤਹਿਤ ਆਪਣੇ ਆਲੇ ਦੁਆਲੇ ਰੁੱਖ ਲਗਾਉਣਗੇ ਅਤੇ ਉਨ੍ਹਾਂ ਦੀ ਦੇਖ ਭਾਲ ਵੀ ਕਰਨਗੇ ਇਸ ਮੌਕੇ ਸ਼ਹੀਦ ਭਗਤ ਸਿੰਘ ਸੋਸ਼ਲ ਵੈੱਲਫੇਅਰ ਸੁਸਾਇਟੀ ਸਿਕੰਦਰਪੁਰ ਦੇ ਮਦਨ ਬੰਗੜ ਅਤੇ ਸਤੀਸ਼ ਕੁਮਾਰ ਵੀ ਪੌਦਿਆਂ ਦੀ ਪ੍ਰਾਪਤੀ ਲਈ ਉਚੇਚੇ ਤੌਰ ਤੇ ਪਹੁੰਚੇ ਇਸ ਮੌਕੇ ਉਨ੍ਹਾਂ ਕਿਹਾ ਕਿ ਰੁੱਖ ਅਤੇ ਮਨੁੱਖ ਦਾ ਸਦੀਆਂ ਪੁਰਾਣਾ ਰਿਸ਼ਤਾ ਹੈ ਦੋਹਾਂ ਦਾ ਇੱਕ ਦੂਜੇ ਤੋਂ ਬਿਨਾਂ ਜਿਊਣਾ ਬਹੁਤ ਮੁਸ਼ਕਿਲ ਹੈ ਇਸ ਲਈ ਮਨੁੱਖ ਆਪਣੀ ਸਲਾਮਤੀ ਲਈ ਰੁੱਖ ਜਰੂਰ ਲਗਾਵੇ।

# ਐਨ ਆਰ ਆਈ ਸਪੋਰਟਸ ਕਲੱਬ ਵੱਲੋਂ ਲੀਗ ਮੈਚ ਸੈਵਨ ਸਾਈਡ ਨਾਈਟ ਟੂਰਨਾਮੈਂਟ 15 ਤੋਂ ਸ਼ੁਰੂ



**ਅਲਾਵਲਪੁਰ (ਮਦਨ ਬੰਗੜ)–** ਨਜ਼ਦੀਕੀ ਪਿੰਡ ਦੋਲੀਕੇ ਸੁੰਦਰਪੁਰ ਵਿਖੇ ਐਨ ਆਰ ਆਈ ਸਪੋਰਟਸ ਕਲੱਬ ਅਤੇ ਸਮੂਹ ਨਗਰ ਦੇ ਸਹਿਯੋਗ ਨਾਲ ਲੀਗ ਮੈਚ ਸੈਵਨ ਸਾਈਡ ਨਾਈਟ ਟੂਰਨਾਮੈਂਟ 15 ਜੁਲਾਈ ਤੋਂ ਸ਼ੁਰੂ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਚਰਨਜੀਤ ਸਿੰਘ ਮੱਦੀ ਨੇ ਦੱਸਿਆ ਕਿ ਇਸ ਟੂਰਨਾਮੈਂਟ ਨੂੰ ਕਰਵਾਉਣ ਲਈ ਐਨਆਰਆਈ ਸਪੋਰਟਸ ਕਲੱਬ ਦੇ ਸਰਬਜੀਤ ਸਿੰਘ ਨੰਬਰ ਗੁਰਦੇਵ ਸਿੰਘ ਦੇਬਾ ਜਸਵੀਰ ਸਿੰਘ ਸ਼ੀਰਾ ਗੁਰਦਿਆਲ ਸਿੰਘ ਦਿਆਲਾ ਗੁਰਮੇਲ ਸਿੰਘ ਅਤੇ ਪ੍ਰਸਿੱਧ ਗਾਇਕ ਐਚ ਐਸ ਭਜਨ ਦਾ ਵਿਸ਼ੇਸ਼ ਸਹਿਯੋਗ ਨਾਲ ਆਯੋਜਿਤ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਇਲਾਕੇ ਭਰ ਦੀਆਂ 24 ਸਿਰਕੱਢ ਟੀਮਾਂ ਇਸ ਨਾਈਟ ਟੂਰਨਾਮੈਂਟ ਦੇ ਲੀਗ ਮੈਚਾਂ ਵਿੱਚ ਭਾਗ ਲੈਣਗੀਆਂ ਇਸ ਟੂਰਨਾਮੈਂਟ ਸਬੰਧੀ ਖਿਡਾਰੀਆਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

*********




FARMERS
INSURANCE
Auto, Home, Business, Commercial, Rental, Workecomp, Life, Health etc.
Manjit Kaur Insurance Agency
Cell: 916-412-5222
Tel: 916-550-0318
Fax: 916-891-5109
Email: mkaur@farmersagent.com
COVERED CALIFORNIA
7651 Daly Ave, Suite Sacramento CA 95842

Buying, Selling any Kind of Real Estate or just need friendly advice call
RE/MAX
DALVIR 'DIL' NIJJAR
916-628-2210
Dil.realtor@gmail.com

Realtor, Lic # 01418648
2081 Arena Blvd. @ 100 Sacramento CA 95835



A & S
Auto Repair & Services
Specializing in Brakes & Axles
10% of any repair of $ \$75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਪੰਚਾਇਤੀ ਸੰਸਥਾਵਾਂ, ਖ਼ੁਦਮੁਖਤਿਆਰੀ ਅਤੇ ਪੇਂਡੂ ਵਿਕਾਸ

**ਮੌਜੂਦਾ ਸਮੇਂ ਪਿੰਡਾਂ ਦੇ ਵਿਕਾਸ ਕਾਰਜ ਠੱਪ ਪਏ ਹਨ। ਸਰਪੰਚਾਂ, ਜਿਹੜੇ ਪਹਿਲਾਂ ਹੀ ਤਾਕਤਾਂ ਤੋਂ ਵਿਹੂਣੇ ਹਨ, ਉੱਤੇ ਮੌਜੂਦਾ ਸਰਕਾਰ ਨੇ ਇਹ ਬੰਦਸ਼ ਲਗਾ ਕੇ, ਕਿ ਪੰਚਾਇਤੀ ਜ਼ਮੀਨ ਤੋਂ ਪ੍ਰਾਪਤ ਹੋਏ ਰੈਂਟ (ਹਾਲਾ) ਵਿੱਚੋਂ ਉਹ ਸਿਰਫ਼ ਬਿਜਲੀ ਦਾ ਬਿੱਲ ਜਾਂ ਹੋਰ ਸਧਾਰਨ ਖ਼ਰਚੇ ਕਰ ਸਕਦੇ ਹਨ, ਵਿਕਾਸ ਦਾ ਕੋਈ ਵੱਡਾ ਕੰਮ ਨਹੀਂ ਉਲੀਕ ਜਾਂ ਕਰ ਸਕਦੇ, ਅਸਲ ਅਰਥਾਂ 'ਚ ਇਹ ਸਿੱਧ ਕਰ ਦਿੱਤਾ ਹੈ ਕਿ ਸਰਕਾਰ ਪੰਚਾਇਤਾਂ ਨੂੰ ਆਜ਼ਾਦਾਨਾ ਤੌਰ 'ਤੇ ਕੰਮ ਕਰਨ ਵਾਲੀ ਸੰਸਥਾ ਹੀ ਮੰਨਣ ਲਈ ਤਿਆਰ ਨਹੀਂ ਹੈ। ਭਾਵੇਂ ਕਿ ਪੰਜਾਬ ਸਰਕਾਰ ਦੀ ਉਸ ਵੇਲੇ ਕਿਰਕਿਰੀ ਹੋ ਗਈ।**



ਗੁਰਮੀਤ ਸਿੰਘ ਪਲਾਹੀ
91-98158-02070

ਪੰਜਾਬ ਵਿੱਚ ਸਥਾਨਕ ਸਰਕਾਰਾਂ ਕਹਾਉਂਦੀਆਂ ਜ਼ਿਲ੍ਹਾ ਪ੍ਰੀਸ਼ਦਾਂ, ਬਲਾਕ ਸੰਮਤੀਆਂ ਅਤੇ ਪਿੰਡ ਪੰਚਾਇਤਾਂ ਦੀ ਚੋਣ ਜੂਨ-ਜੁਲਾਈ 2018 ਨੂੰ ਕਰਵਾਈ ਜਾਣੀ ਬਣਦੀ ਸੀ, ਪਰ ਇਹ ਚੋਣਾਂ ਕਦੋਂ ਹੋਣਗੀਆਂ, ਇਸ ਬਾਰੇ ਸਰਕਾਰੀ ਤੌਰ 'ਤੇ ਕੁਝ ਵੀ ਕਿਹਾ ਨਹੀਂ ਜਾ ਰਿਹਾ। ਹਾਂ, ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਦੇ ਕਹਿਣ ਅਨੁਸਾਰ ਚੋਣਾਂ ਸਤੰਬਰ ਦੇ ਅੱਧ ਤੱਕ ਹੋ ਸਕਣ ਦੀ ਸੰਭਾਵਨਾ ਹੈ। ਜਿਵੇਂ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਪਹਿਲੀਆਂ ਸਰਕਾਰਾਂ ਨੇ ਕੋਈ ਤਰਜੀਹ ਨਹੀਂ ਦਿੱਤੀ ਤੇ ਹੁਣ ਵਾਲੀ ਵੀ ਨਹੀਂ ਦੇ ਰਹੀ। ਇਹਨਾਂ ਸਥਾਨਕ ਸਰਕਾਰਾਂ ਦੇ ਹੱਕ ਉਹਨਾਂ ਨੇ ਅਫ਼ਸਰਸ਼ਾਹੀ ਦੀ ਝੋਲੀ ਪਾਏ ਹੋਏ ਸਨ ਅਤੇ ਹੁਣ ਵੀ ਅਫ਼ਸਰਸ਼ਾਹੀ ਹੀ ਪੰਚਾਇਤਾਂ ਚਲਾ ਰਹੀ ਹੈ। ਸਰਕਾਰ ਵੱਲੋਂ ਇਹਨਾਂ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਕਰਾਉਣ ਵੱਲ ਕੋਈ ਵਿਸ਼ੇਸ਼ ਤਵੱਜੋ ਨਹੀਂ ਦਿੱਤੀ ਜਾ ਰਹੀ।

ਮੌਜੂਦਾ ਸਮੇਂ ਪਿੰਡਾਂ ਦੇ ਵਿਕਾਸ ਕਾਰਜ ਠੱਪ ਪਏ ਹਨ। ਸਰਪੰਚਾਂ, ਜਿਹੜੇ ਪਹਿਲਾਂ ਹੀ ਤਾਕਤਾਂ ਤੋਂ ਵਿਹੂਣੇ ਹਨ, ਉੱਤੇ ਮੌਜੂਦਾ ਸਰਕਾਰ ਨੇ ਇਹ ਬੰਦਸ਼ ਲਗਾ ਕੇ, ਕਿ ਪੰਚਾਇਤੀ ਜ਼ਮੀਨ ਤੋਂ ਪ੍ਰਾਪਤ ਹੋਏ ਰੈਂਟ (ਹਾਲਾ) ਵਿੱਚੋਂ ਉਹ ਸਿਰਫ਼ ਬਿਜਲੀ ਦਾ ਬਿੱਲ ਜਾਂ ਹੋਰ ਸਧਾਰਨ ਖ਼ਰਚੇ ਕਰ ਸਕਦੇ ਹਨ, ਵਿਕਾਸ ਦਾ ਕੋਈ ਵੱਡਾ ਕੰਮ ਨਹੀਂ ਉਲੀਕ ਜਾਂ ਕਰ ਸਕਦੇ, ਅਸਲ ਅਰਥਾਂ 'ਚ ਇਹ ਸਿੱਧ ਕਰ ਦਿੱਤਾ ਹੈ ਕਿ ਸਰਕਾਰ ਪੰਚਾਇਤਾਂ ਨੂੰ ਆਜ਼ਾਦਾਨਾ ਤੌਰ 'ਤੇ ਕੰਮ ਕਰਨ ਵਾਲੀ ਸੰਸਥਾ ਹੀ ਮੰਨਣ ਲਈ ਤਿਆਰ ਨਹੀਂ ਹੈ। ਭਾਵੇਂ ਕਿ ਪੰਜਾਬ ਸਰਕਾਰ ਦੀ ਉਸ ਵੇਲੇ ਕਿਰਕਿਰੀ ਹੋ ਗਈ, ਜਦੋਂ ਇਸ ਹੁਕਮ ਨੂੰ ਕੁਝ ਸਰਪੰਚਾਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਚੈਲੰਜ ਕਰ ਦਿੱਤਾ ਅਤੇ ਅਦਾਲਤ ਵੱਲੋਂ ਸਰਕਾਰ ਦੇ ਇਸ ਹੁਕਮ ਨੂੰ ਰੱਦ ਕਰ ਦਿੱਤਾ ਗਿਆ।

ਇਥੇ ਹੀ ਬੱਸ ਨਹੀਂ, ਪੰਜਾਬ ਸਰਕਾਰ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਪਿੰਡਾਂ ਦੇ ਵਿਕਾਸ ਕਾਰਜਾਂ ਵਿੱਚ ਸ਼ਾਮਲ ਨਾਲੀਆਂ ਬਣਾਉਣ, ਗਲੀਆਂ ਪੱਕੀਆਂ ਕਰਨ ਅਤੇ ਪਾਣੀ ਦੀ ਨਿਕਾਸੀ ਵਰਗੇ ਕਾਰਜਾਂ ਨੂੰ ਹਾਲ ਦੀ ਘੜੀ ਬੰਦ ਕਰਨ ਦੇ ਹੁਕਮ ਇਹ ਕਹਿ ਕੇ ਚਾੜ੍ਹ ਦਿੱਤੇ ਹਨ ਕਿ ਇਹ ਕੰਮ ਤਾਂ ਪਿਛਲੇ 70 ਸਾਲਾਂ ਤੋਂ ਪਿੰਡਾਂ 'ਚ ਹੋ ਰਹੇ ਹਨ; ਗਲੀਆਂ-ਨਾਲੀਆਂ ਦੁਬਾਰਾ ਪੁੱਟ-ਪੁੱਟ ਕੇ ਬਣਾਈਆਂ ਜਾ ਰਹੀਆਂ ਹਨ ਅਤੇ ਇਸ ਨਾਲ ਪੈਸੇ ਵਿਅਰਥ ਜਾ ਰਹੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਕੀ ਪਿੰਡਾਂ ਦੀਆਂ ਗਲੀਆਂ ਦੀ ਮੁਰੰਮਤ ਦੀ ਲੋੜ ਨਹੀਂ ਪੈਂਦੀ? ਕੀ ਨਾਲੀਆਂ ਏਨੀਆਂ ਪੱਕੀਆਂ ਬਣਾਈਆਂ ਹੋਈਆਂ ਹਨ ਕਿ ਟੁੱਟ ਹੀ ਨਹੀਂ ਸਕਦੀਆਂ? ਜਾਂ ਕੀ ਪਿੰਡਾਂ 'ਚ ਨਵੀਆਂ ਕਲੋਨੀਆਂ ਜਾਂ ਘਰ ਨਹੀਂ ਬਣਦੇ, ਜਿਨ੍ਹਾਂ ਦੇ ਵਿਕਾਸ ਦੀ ਲੋੜ ਨਹੀਂ ਪੈਂਦੀ? ਜੇਕਰ ਪੰਜਾਬ ਸਰਕਾਰ ਇਹ ਮੰਨ ਕੇ ਤੁਰਦੀ ਹੈ ਕਿ ਪੇਂਡੂ ਲਿੰਕ ਸੜਕਾਂ ਦੀ ਮੁਰੰਮਤ ਹਰ ਪੰਜ-ਛੇ ਵਰ੍ਹੇ ਬਾਅਦ ਹੋਣੀ ਜ਼ਰੂਰੀ ਹੈ, ਤਾਂ ਕੀ ਗਲੀਆਂ-ਨਾਲੀਆਂ ਮੁਰੰਮਤ ਦੀ ਮੰਗ ਨਹੀਂ ਕਰਦੀਆਂ?

ਪੰਜਾਬ ਦੀ ਪਿਛਲੀ ਸਰਕਾਰ ਨੇ ਪਿੰਡ ਪੰਚਾਇਤਾਂ ਨੂੰ 29 ਮਹਿਕਮਿਆਂ ਦੀ ਦੇਖ-ਰੇਖ ਕਰਨ ਦੀਆਂ ਸ਼ਕਤੀਆਂ ਦਿੱਤੀਆਂ ਸਨ। ਮੁੱਖ ਤੌਰ 'ਤੇ ਪਿੰਡਾਂ ਨਾਲ ਸੰਬੰਧਤ ਸਿੱਖਿਆ ਅਤੇ ਸਿਹਤ ਸੇਵਾਵਾਂ ਪ੍ਰਦਾਨ ਕਰਨ ਸੰਬੰਧੀ ਸਕੂਲਾਂ ਅਤੇ ਪੇਂਡੂ ਸਿਹਤ ਕੇਂਦਰਾਂ ਲਈ ਪੰਚਾਇਤਾਂ ਦੀ ਦੇਖ-ਰੇਖ 'ਚ ਕਮੇਟੀਆਂ ਵੀ ਬਣਾ ਦਿੱਤੀਆਂ ਗਈਆਂ, ਪਰ ਇਹਨਾਂ ਕਮੇਟੀਆਂ ਕੋਲ ਅਧਿਕਾਰ ਕਿਹੜੇ ਹਨ? ਕੀ ਇਹ ਕਮੇਟੀਆਂ ਸਕੂਲਾਂ ਦੇ ਪ੍ਰਬੰਧ ਨੂੰ ਠੀਕ ਕਰਨ ਦਾ ਅਧਿਕਾਰ ਰੱਖਦੀਆਂ ਹਨ? ਇਹ ਕਮੇਟੀਆਂ ਅਸਲ ਵਿੱਚ ਸਕੂਲ ਦੇ ਫੁਟਕਲ ਖ਼ਰਚਿਆਂ ਦਾ ਪ੍ਰਬੰਧ ਕਰਨ ਲਈ ਬਣਾਈਆਂ ਲੱਗਦੀਆਂ ਹਨ। ਇਹ ਕਮੇਟੀਆਂ ਆਪਣੇ ਖ਼ਰਚੇ 'ਤੇ ਬੱਚਿਆਂ ਦੀ ਪੜ੍ਹਾਈ ਲਈ ਥੋੜ੍ਹੀ ਤਨਖ਼ਾਹ ਵਾਲੇ, ਘੱਟ ਪੜ੍ਹੇ ਅਧਿਆਪਕਾਂ ਦਾ ਪ੍ਰਬੰਧ ਕਰਦੀਆਂ ਹਨ; ਬਿਜਲੀ ਦਾ ਬਿੱਲ, ਸਕੂਲ ਲਈ ਟਾਟ, ਫਰਨੀਚਰ ਅਤੇ ਇਥੋਂ ਤੱਕ ਕਿ ਕਮਰਿਆਂ ਦੀ ਉਸਾਰੀ ਦਾ ਪ੍ਰਬੰਧ ਵੀ ਕਰਦੀਆਂ ਹਨ, ਕਿਉਂਕਿ ਪੇਂਡੂ ਸਕੂਲਾਂ 'ਚ ਅਧਿਆਪਕਾਂ ਦੀ ਵੱਡੀ ਘਾਟ ਹੈ। ਬੁਨਿਆਦੀ ਢਾਂਚਾ ਤਾਂ ਬਹੁਤੇ ਸਕੂਲਾਂ 'ਚ ਨਾਂਹ ਦੇ ਬਰਾਬਰ ਹੈ। ਕਮਰਿਆਂ, ਖੇਡ ਮੈਦਾਨਾਂ ਅਤੇ ਫਰਨੀਚਰ ਦੀ ਸਕੂਲਾਂ 'ਚ ਕਮੀ ਹੈ। ਇਹੋ ਹਾਲ ਪਿੰਡਾਂ ਦੀਆਂ ਡਿਸਪੈਂਸਰੀਆਂ ਦਾ ਹੈ, ਜਿੱਥੇ ਡਾਕਟਰ ਜਾਂ ਹੋਰ ਮੈਡੀਕਲ ਅਮਲਾ ਤਾਂ ਨਾ ਹੋਇਆਂ ਬਰਾਬਰ ਹੈ ਤੇ ਦਵਾਈਆਂ ਵੀ ਨਹੀਂ ਮਿਲਦੀਆਂ। ਸਿਹਤ ਕਮੇਟੀਆਂ ਦਵਾਈਆਂ ਲਈ ਧਨ ਲੋਕਾਂ ਤੋਂ ਇਕੱਠਾ ਕਰਦੀਆਂ ਹਨ। ਕਈ ਹਾਲਤਾਂ 'ਚ ਉਹ ਇਮਾਰਤਾਂ ਦੀ ਦੇਖ-ਰੇਖ ਵੀ ਕਰਦੀਆਂ ਹਨ, ਪਰ ਡਾਕਟਰੀ ਅਮਲਾ ਕਿੱਥੋਂ ਲਿਆਉਣ ਇਹ ਕਮੇਟੀਆਂ? ਕਿਹੜੇ ਅਧਿਕਾਰ ਹਨ ਇਹਨਾਂ ਕਮੇਟੀਆਂ ਨੂੰ ਇਨ੍ਹਾਂ ਸਿਹਤ ਕੇਂਦਰਾਂ ਨੂੰ ਚਲਾਉਣ ਦੇ? ਇਹ ਸਾਰੇ ਅਧਿਕਾਰ ਤਾਂ ਅਫ਼ਸਰਸ਼ਾਹੀ ਕੋਲ ਹਨ, ਉਵੇਂ ਹੀ, ਜਿਵੇਂ ਪਿੰਡ ਪੰਚਾਇਤਾਂ ਦੇ ਸਾਰੇ ਅਧਿਕਾਰ ਨਿੱਤ ਨਵੇਂ ਰੂਲਜ਼ ਬਣਾ ਕੇ ਅਫ਼ਸਰਸ਼ਾਹੀ ਨੇ ਆਪਣੇ ਹੱਥ ਲਏ ਹੋਏ ਹਨ।

ਗ੍ਰਾਮ ਪੰਚਾਇਤਾਂ ਦੇ ਕੰਮ-ਕਾਜ ਦੀ ਅਸਲ ਕਹਾਣੀ ਸਮਝਣ ਦੀ ਲੋੜ ਹੈ। ਪੰਚਾਇਤਾਂ ਲੋਕ ਚੁਣਦੇ ਹਨ। ਸਰਪੰਚ-ਪੰਚ ਮੀਟਿੰਗਾਂ ਸੱਦੇ ਜਾਣ ਤੋਂ ਲੈ ਕੇ ਪੰਚਾਇਤ ਖਾਤਿਆਂ ਵਿੱਚੋਂ ਰੁਪੱਈਆ-ਧੇਲੀ ਖ਼ਰਚਣ ਲਈ ਪੰਚਾਇਤ ਦੇ ਸੈਕਟਰੀ ਸਾਹਿਬ, ਗ੍ਰਾਮ ਸੇਵਕ ਜਾਂ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀਆਂ ਉੱਤੇ ਨਿਰਭਰ ਕਰ ਦਿੱਤੇ ਗਏ ਹਨ। ਸਧਾਰਨ ਤੋਂ ਸਧਾਰਨ ਕੰਮ ਕਰਾਉਣ ਲਈ ਸੈਕਟਰੀ ਸਾਹਿਬ ਪੰਚਾਇਤ ਦਾ ਮਤਾ ਪੁਆਉਂਦੇ ਹਨ ਅਤੇ ਸਰਪੰਚਾਂ-ਪੰਚਾਂ ਨੂੰ ਮਿਲੇ ਅਧਿਕਾਰਾਂ ਨੂੰ ਨਿਯਮਾਂ ਦੀ ਦੁਹਾਈ ਦੇ ਕੇ ਪੰਗੂ ਬਣਾ ਕੇ ਰੱਖ ਦਿੰਦੇ ਹਨ। ਬਜਾਏ ਇਸ ਦੇ ਕਿ ਸੈਕਟਰੀ ਸਾਹਿਬ, ਜਿਹੜੇ ਪੰਚਾਇਤਾਂ ਦੇ ਮੁਲਾਜ਼ਮ ਹਨ ਅਤੇ ਪੰਚਾਇਤ ਖਾਤਿਆਂ ਵਿੱਚੋਂ ਕੁੱਲ ਆਮਦਨ ਦੇ ਚੌਥੇ ਹਿੱਸੇ ਤੋਂ ਵੀ ਵੱਧ ਤਨਖ਼ਾਹਾਂ ਵਾਸਤੇ ਲੈ ਜਾਂਦੇ ਹਨ, ਪੰਚਾਇਤਾਂ ਦੀ ਮੀਟਿੰਗ ਬੁਲਵਾਉਣ, ਖ਼ਰਚਿਆਂ ਦਾ ਹਿਸਾਬ ਰੱਖਣ, ਸਰਪੰਚਾਂ ਨੂੰ ਆਪਣੇ ਦਫ਼ਤਰਾਂ ਵਿੱਚ ਸੱਦ ਕੇ ਮਤੇ ਪੁਆਉਂਦੇ ਦੇਖੇ ਗਏ ਹਨ। ਇਸੇ ਤਰ੍ਹਾਂ ਗਰਾਂਟਾਂ ਜਾਂ ਸਰਕਾਰੀ ਸਹਾਇਤਾ ਪੰਚਾਇਤਾਂ ਨੂੰ ਦੇਣ ਦੇ ਨਾਮ ਉੱਤੇ ਇਲਾਕੇ ਦੇ ਵਿਧਾਇਕ ਜਾਂ ਹਲਕਾ ਇੰਚਾਰਜ ਸਰਪੰਚਾਂ ਉੱਤੇ ਪੂਰਾ ਦਬਾਅ ਰੱਖਦੇ ਹਨ। ਇਸ ਦਬਾਅ ਅਤੇ ਸਰਕਾਰੀ ਦਖ਼ਲ ਤੋਂ ਇੰਜ ਜਾਪਣ ਲੱਗਦਾ ਹੈ ਕਿ ਪੰਚਾਇਤਾਂ ਦੇ ਸਰਪੰਚਾਂ-ਪੰਚਾਂ ਦੀ ਤਾਂ ਆਪਣੀ ਹੋਂਦ ਹੀ ਨਹੀਂ ਹੈ। ਉਹ ਸਰਕਾਰਾਂ ਦੇ ਇਸ਼ਾਰਿਆਂ ਉੱਤੇ ਕੰਮ ਕਰਨ ਵਾਲੇ ਕਾਰਕੁਨਾਂ ਦੀ ਤਰ੍ਹਾਂ ਨਜ਼ਰ ਆਉਂਦੇ ਹਨ। ਸਰਕਾਰੇ-ਦਰਬਾਰੇ, ਪੁਲਸ ਚੌਕੀ ਜਾਂ ਥਾਣੇ ਵਿੱਚ ਵੀ ਉਸ ਹਾਲਤ ਵਿੱਚ ਹੀ ਉਹਨਾਂ ਦੀ ਥੋੜ੍ਹੀ-ਬਹੁਤੀ ਪੁੱਗਤ ਹੁੰਦੀ ਹੈ, ਜੇਕਰ ਉਹ ਹਾਕਮ ਧਿਰ ਨਾਲ ਜੁੜੇ ਹੁੰਦੇ ਹਨ।

ਗੱਲ ਇਕੱਲੀ ਪੰਚਾਇਤਾਂ ਦੇ ਅਧਿਕਾਰਾਂ ਜਾਂ ਕੰਮ-ਕਾਰ ਦੀ ਹੀ ਨਹੀਂ ਹੈ, ਬਲਾਕ ਸੰਮਤੀ ਲਈ ਜਾਂ ਜ਼ਿਲ੍ਹਾ ਪ੍ਰੀਸ਼ਦ ਲਈ ਚੁਣੇ ਜਾਂਦੇ ਮੈਂਬਰਾਂ ਦੇ ਅਧਿਕਾਰਾਂ ਨੂੰ ਵੀ ਸਰਕਾਰ ਨੇ ਸਿਫ਼ਰ ਕਰ ਕੇ ਰੱਖ ਦਿੱਤਾ ਹੈ। ਇਹਨਾਂ ਮੈਂਬਰਾਂ ਦੀ ਵੁੱਕਤ ਸਿਰਫ਼ ਮੀਟਿੰਗਾਂ ਵਿੱਚ ਹਾਜ਼ਰੀ ਲਾਉਣ ਤੱਕ ਸੀਮਤ ਕਰ ਕੇ ਰੱਖ ਦਿੱਤੀ ਗਈ ਹੈ, ਜਿਸ ਦੇ ਬਦਲੇ ਉਹਨਾਂ ਨੂੰ ਨਿਗੂਣਾ ਜਿਹਾ ਭੱਤਾ ਦਿੱਤਾ ਜਾਂਦਾ ਹੈ। ਬਲਾਕ ਸੰਮਤੀ ਨੇ ਪੂਰੇ ਬਲਾਕ ਦੇ ਵਿਕਾਸ ਦਾ ਨਕਸ਼ਾ ਬਣਾਉਣਾ ਹੁੰਦਾ ਹੈ, ਜ਼ਿਲ੍ਹਾ ਪ੍ਰੀਸ਼ਦ ਨੇ ਜ਼ਿਲ੍ਹੇ ਦੇ ਵਿਕਾਸ ਦੀ ਤਸਵੀਰ ਬਣਾਉਣੀ ਹੁੰਦੀ ਹੈ, ਪਰ ਇਹ ਨਕਸ਼ੇ, ਤਸਵੀਰਾਂ ਸਰਕਾਰੀ ਅਧਿਕਾਰੀ ਬਣਾਉਂਦੇ ਹਨ, ਮੈਂਬਰਾਂ ਦੀ ਕੋਈ ਪੁੱਛ-ਗਿੱਛ ਨਹੀਂ ਹੁੰਦੀ ਤੇ ਇਹਨਾਂ ਨੂੰ ਮਿਲੇ ਫ਼ੰਡ ਜਾਰੀ ਕਰਨ ਦਾ ਅਧਿਕਾਰ ਹਾਕਮ ਧਿਰ ਦੇ ਵਿਧਾਇਕਾਂ ਜਾਂ ਹਲਕਾ ਇੰਚਾਰਜਾਂ ਦਾ ਰਹਿੰਦਾ ਹੈ, ਤਾਂ ਕਿ ਵੋਟ ਬੈਂਕ ਹਥਿਆਇਆ ਜਾ ਸਕੇ।

ਪਿੰਡਾਂ 'ਚ ਵਿਕਾਸ ਦੇ ਵੱਡੇ ਕੰਮ ਕਰਨ ਵਾਲੇ ਹਨ। ਕਦੇ ਆਰਥਿਕ ਪੱਖੋਂ ਸਮਰੱਥਾਵਾਨ ਪਿੰਡ ਅੱਜ ਕਰਜ਼ਾਈ ਹਨ। ਪਿੰਡਾਂ 'ਚ ਸਿਹਤ ਤੇ ਸਿੱਖਿਆ ਸਹੂਲਤਾਂ ਦੀ ਘਾਟ ਆਮ ਹੀ ਦਿੱਖਦੀ ਹੈ। ਪਿੰਡਾਂ ਦੀਆਂ ਸੜਕਾਂ ਦਾ ਹਾਲ ਮਾੜਾ ਹੈ। ਕਹਿਣ ਨੂੰ ਪੰਜਾਬ ਦੇ ਹਰ ਪਿੰਡ ਵਿੱਚ ਬਿਜਲੀ ਪਹੁੰਚੀ ਹੋਈ ਹੈ, ਪਰ ਇਹ ਰਹਿੰਦੀ ਕਿੱਥੇ ਹੈ? ਵੱਡੇ-ਵੱਡੇ ਬਿਜਲੀ ਕੱਟ ਪਿੰਡਾਂ ਵਾਲਿਆਂ ਦਾ ਸਰਦੀ-ਗਰਮੀ 'ਚ ਬੁਰਾ ਹਾਲ ਕਰੀ ਰੱਖਦੇ ਹਨ। ਬਿਜਲੀ ਦੇ ਟਰਾਂਸਫਾਰਮਰ ਖ਼ਰਾਬ ਹੋਣ 'ਤੇ ਕਈ-ਕਈ ਦਿਨ ਉਹਨਾਂ ਦੀ ਮੁਰੰਮਤ ਨਹੀਂ ਹੁੰਦੀ। ਕਿਸਾਨਾਂ ਨੂੰ ਆਪਣੀਆਂ ਲੋੜਾਂ-ਥੋੜਾਂ ਪੂਰੀਆਂ ਕਰਨ ਲਈ ਹੁਣ ਵੀ ਸਥਾਨਕ ਸ਼ਾਹੂਕਾਰਾਂ ਹੱਥੋਂ ਉੱਚੀਆਂ ਦਰਾਂ 'ਤੇ ਕਰਜ਼ੇ ਲੈਣੇ ਪੈਂਦੇ ਹਨ, ਕਿਉਂਕਿ ਪੇਂਡੂ ਸਹਿਕਾਰੀ ਸਭਾਵਾਂ ਕੁਝ ਤਕੜੇ ਲੋਕਾਂ ਦਾ ਹੱਥ-ਠੋਕਾ ਬਣ ਕੇ ਰਹਿ ਗਈਆਂ ਹਨ। ਇਹਨਾਂ ਸਾਰੀਆਂ ਹਾਲਤਾਂ ਨੇ ਪਿੰਡਾਂ ਦੀ ਜਿਵੇਂ ਕਮਰ ਹੀ ਤੋੜ ਕੇ ਰੱਖ ਦਿੱਤੀ ਹੈ। ਉੱਪਰੋਂ ਧੜੇਬੰਦੀਆਂ ਅਤੇ ਧੱਕੜ ਲੋਕਾਂ ਦੀ ਧੌਂਸ ਝੱਲਦੇ ਪੇਂਡੂ ਲੋਕ ਆਪਣੇ ਸਧਾਰਨ ਹੱਕਾਂ ਲਈ ਵੀ ਅਖੌਤੀ ਨੇਤਾਵਾਂ ਉੱਤੇ ਨਿਰਭਰ ਹੋਏ ਦਿਖਾਈ ਦੇਂਦੇ ਹਨ।

ਪੰਚਾਇਤੀ ਸੰਸਥਾਵਾਂ ਨੂੰ ਜੇਕਰ ਸਥਾਨਕ ਸਰਕਾਰਾਂ ਵਜੋਂ ਕੰਮ ਕਰਨ ਦੀ ਖੁੱਲ੍ਹ ਮਿਲੇ ਤਾਂ ਪਿੰਡਾਂ ਦੀ ਸਿਰਫ਼ ਆਰਥਕ ਸਥਿਤੀ ਹੀ ਨਹੀਂ ਬਦਲੇਗੀ, ਸਗੋਂ ਪਿੰਡ ਆਤਮ-ਨਿਰਭਰ ਵੀ ਹੋਣਗੇ। ਆਪਣੇ ਲਈ ਆਪ ਸਹੂਲਤਾਂ ਪੈਦਾ ਕਰਨ ਦੀਆਂ ਪੰਜਾਬ ਦੇ ਪਿੰਡਾਂ 'ਚ ਬਹੁਤ ਸਾਰੀਆਂ ਉਦਾਹਰਣਾਂ ਹਨ, ਜਿੱਥੇ ਪੇਂਡੂਆਂ ਨੇ ਆਪਣੇ ਪਿੰਡਾਂ ਦੀ ਕਾਇਆ ਕਲਪ ਕਰ ਦਿੱਤੀ। ਜਿੱਥੇ ਉਹਨਾਂ ਨੇ ਪਿੰਡਾਂ 'ਚ ਜ਼ਮੀਨਦੋਜ਼ ਸੀਵਰੇਜ, ਚੰਗੀਆਂ ਸਕੂਲੀ ਇਮਾਰਤਾਂ, ਖੇਡ ਮੈਦਾਨ, ਡਿਸਪੈਂਸਰੀਆਂ, ਸ਼ਮਸ਼ਾਨਘਾਟ, ਪਾਰਕਾਂ ਆਦਿ ਦੀ ਉਸਾਰੀ ਕਰ ਕੇ ਬੁਨਿਆਦੀ ਸਹੂਲਤਾਂ ਪੈਦਾ ਕੀਤੀਆਂ ਹਨ, ਉਥੇ ਕਿਧਰੇ-ਕਿਧਰੇ ਨੌਜਵਾਨ ਮੁੰਡੇ-ਕੁੜੀਆਂ ਲਈ ਵੋਕੇਸ਼ਨਲ ਕੋਰਸ ਚਲਾ ਕੇ ਉਹਨਾਂ ਨੂੰ ਸਵੈ-ਰੁਜ਼ਗਾਰ ਕਰਨ ਦੇ ਮੌਕੇ ਦਿੱਤੇ ਹਨ। ਉਹਨਾਂ ਵੱਲੋਂ ਸਵੈ-ਸੇਵੀ ਸੰਸਥਾਵਾਂ ਜਾਂ ਗ਼ੈਰ-ਸਰਕਾਰੀ ਸੰਸਥਾਵਾਂ ਬਣਾ ਕੇ ਕਈ ਥਾਂਵਾਂ ਉੱਤੇ ਇਹ ਕੰਮ ਪਰਵਾਸੀ ਪੰਜਾਬੀਆਂ ਦੀ ਸਹਾਇਤਾ ਨਾਲ ਕੀਤੇ ਗਏ ਹਨ।

ਭਾਵੇਂ ਸਰਕਾਰ ਵੱਲੋਂ ਵੱਖੋ-ਵੱਖਰੇ ਸਮੇਂ ਉੱਤੇ ਪਿੰਡਾਂ ਦੇ ਵਿਕਾਸ ਲਈ 'ਮਾਡਲ ਵਿਲੇਜ' ਜਿਹੀਆਂ ਕਈ ਸਕੀਮਾਂ ਘੜੀਆਂ ਗਈਆਂ, ਪਿੰਡਾਂ 'ਚ ਇੰਡਸਟਰੀਅਲ ਫੋਕਲ ਪੁਆਇੰਟ ਵੀ ਖੋਲ੍ਹੇ ਗਏ, ਪਰ ਇਹ ਸਕੀਮਾਂ ਪਿੰਡਾਂ ਦੇ ਸਮੂਹਿਕ ਵਿਕਾਸ ਲਈ ਵਰਨਣ ਯੋਗ ਭੂਮਿਕਾ ਨਹੀਂ ਨਿਭਾ ਸਕੀਆਂ। ਇਹ ਸਕੀਮਾਂ ਸਰਕਾਰੀ ਦਫ਼ਤਰਾਂ ਵਿੱਚ ਬਣੀਆਂ, ਇਹਨਾਂ ਨੂੰ ਆਮ ਲੋਕਾਂ ਦੀ ਸ਼ਮੂਲੀਅਤ ਤੋਂ ਬਿਨਾਂ ਲਾਗੂ ਕਰਨ ਦਾ ਯਤਨ ਹੋਇਆ, ਜਿਸ ਕਰ ਕੇ ਇਹ ਸਫ਼ਲ ਨਹੀਂ ਹੋ ਸਕੀਆਂ।

ਪੰਚਾਇਤੀ ਸੰਸਥਾਵਾਂ ਨੂੰ ਖ਼ੁਦਮੁਖਤਿਆਰੀ ਦਿੱਤਿਆਂ ਹੀ ਪਿੰਡਾਂ ਦੀ ਕਾਇਆ ਕਲਪ ਹੋ ਸਕਦੀ ਹੈ ਅਤੇ ਉਹਨਾਂ ਦਾ ਸਮੂਹਿਕ ਵਿਕਾਸ ਹੋ ਸਕਦਾ ਹੈ। ਜੇਕਰ ਪਿੰਡ ਨੂੰ ਇਕਾਈ ਮੰਨ ਕੇ ਸਰਕਾਰ ਹਰ ਪਿੰਡ ਦੇ ਵਿਕਾਸ ਦਾ ਖਾਕਾ ਤਿਆਰ ਕਰੇ, ਵਿਕਾਸ ਲਈ ਪਿੰਡਾਂ ਦੀ ਮੰਗ ਅਨੁਸਾਰ ਫ਼ੰਡ ਜਾਰੀ ਕਰੇ, ਤਾਂ ਇਸ ਗੱਲ ਦੀ ਸੰਭਾਵਨਾ ਹੈ ਕਿ ਸਹੀ ਪੇਂਡੂ ਵਿਕਾਸ ਵੱਲ ਅਗਲੀ ਪੁਲਾਂਘ ਪੁੱਟੀ ਜਾਏ। ਪੇਂਡੂ ਸੰਸਥਾਵਾਂ 'ਚ ਸਰਕਾਰ ਦੀ ਬੇਲੋੜੀ ਦਖ਼ਲ ਅੰਦਾਜ਼ੀ ਨੇ ਇਹਨਾਂ ਸੰਸਥਾਵਾਂ ਨੂੰ ਬਹੁਤ ਹਾਨੀ ਪਹੁੰਚਾਈ ਹੈ। ਜੇਕਰ ਪੰਚਾਇਤਾਂ ਨੂੰ ਸਥਾਨਕ ਸਰਕਾਰ ਮੰਨ ਕੇ ਪੂਰਨ ਅਧਿਕਾਰ ਦਿੱਤੇ ਜਾਣ ਤਾਂ ਪੰਜਾਬ ਦੇ ਪਿੰਡਾਂ ਦੀ ਨੁਹਾਰ ਬਦਲ ਸਕਦੀ ਹੈ, ਪਰ ਇਸ ਸਭ ਕੁਝ ਲਈ ਪੇਂਡੂਆਂ ਨੂੰ ਧੜੇਬੰਦੀ ਤੋਂ ਉੱਪਰ ਉੱਠ ਕੇ ਪੰਚਾਇਤਾਂ ਚੁਣਨੀਆਂ ਹੋਣਗੀਆਂ ਅਤੇ ਸੂਝਵਾਨ, ਪੜ੍ਹੇ-ਲਿਖੇ ਤੇ ਇਮਾਨਦਾਰ ਲੋਕਾਂ ਨੂੰ ਅੱਗੇ ਲਿਆਉਣਾ ਹੋਵੇਗਾ।

## Mr Kuldip Singh Damria Passed Away



***Funeral Services for Mr Kuldip Singh Damria – Friday July 6, 2018.***

Mr. Kuldip Singh Damria passed away on July 2, 2018 in San RamonRegional Medical Center. He was a 68 years old. He survived a massive heart attack 7+ years ago. But this time he lost the battle of his life. He was a very friendly person. He stopped and talked to everyone he saw. He is survived by his wife Mrs. Parseni Damria, 2 sons and 2 daughters. He was a younger brother of Late Mr. Sohan Singh Damria and older brother of Mr. Gurnam Damria.

**Funeral services will be on Friday July 06, 2018, from 10:00 AM to 12:00 at:**

**Hull's Chapel, 1139 Saranap Ave, Walnut Creek, CA 94565**

After the cremation, FINAL ARDAS and Guru Ka Langar will be at Sri Guru Ravidass Temple, 2150 Crestview Drive, Pittsburg CA, and Our heartfelt condolences to the Damria family. May Waheguru bless his soul and give courage to the family to bear this loss.

**Ramesh Suman (Chairman)**

**Sri Guru Ravidass Temple Pittsburg (California)**

## ਮੁੱਖ ਮੰਤਰੀ ਵਲੋਂ ਨਸ਼ਿਆਂ ਨਾਲ ਹੋਈਆਂ ਮੌਤਾਂ ਦੀ ਜਾਂਚ ਦੇ ਹੁਕਮ



**ਚੰਡੀਗੜ੍ਹ–** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹਾਲ ਹੀ 'ਚ ਨਸ਼ਿਆਂ ਨਾਲ ਹੋਈਆਂ ਮੌਤਾਂ ਦੀ ਜਾਂਚ ਦੇ ਹੁਕਮ ਦਿੱਤੇ ਹਨ। ਜਿਸ ਤੋਂ ਬਾਅਦ ਦੋਸ਼ੀਆਂ ਵਿਰੁੱਧ ਉਨ੍ਹਾਂ ਦੇ ਸਿਆਸੀ ਇਲਹਾਕ ਦਾ ਬਿਨਾਂ ਲਿਹਾਜ਼ ਕੀਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਨਸ਼ਿਆਂ ਦੀ ਵਰਤੋਂ ਨੂੰ ਇਕ ਬਿਮਾਰੀ ਦੱਸਦੇ ਅਤੇ ਇਸ ਦੇ ਇਲਾਜ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ ਮੁੱਖ ਮੰਤਰੀ ਨੇ ਨਸ਼ਿਆਂ ਦੇ ਪੀੜਤਾਂ ਦੇ ਮੁੜ ਵਸੇਬੇ ਦੀ ਲੋੜ 'ਤੇ ਜ਼ੋਰ ਦੇਣ ਦੇ ਨਾਲ-ਨਾਲ ਨਸ਼ਿਆਂ ਵਿਰੁੱਧ ਲੋਕ ਲਹਿਰ ਖੜ੍ਹੀ ਕੀਤੇ ਜਾਣ ਦੀ ਮੁਹਿੰਮ 'ਤੇ ਜ਼ੋਰ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜਾਗਰੂਕਤਾ ਕਿਸੇ ਇੱਕ ਏਜੰਸੀ ਵਲੋਂ ਪੈਦਾ ਨਹੀਂ ਕੀਤੀ ਜਾ ਸਕਦੀ। ਇਸ ਸਬੰਧੀ ਲੋਕਾਂ ਦੀ ਸ਼ਮੂਲੀਅਤ ਨਾਲ ਸਮੂਹਿਕ ਕੋਸ਼ਿਸ਼ਾਂ ਦੀ ਜ਼ਰੂਰਤ ਹੈ। ਮੁੱਖ ਮੰਤਰੀ ਨੇ ਸਮਾਜਿਕ ਕਾਰਕੁਨ ਦੇ ਇੱਕ ਗਰੁੱਪ ਨਾਲ ਵਿਚਾਰ ਚਰਚਾ ਦੌਰਾਨ ਉਪਰੋਕਤ ਵਿਚਾਰ ਪ੍ਰਗਟਾਏ। ਇਹ ਗਰੁੱਪ ਅੱਜ ਨਸ਼ਿਆਂ ਦੀ ਸਮੱਸਿਆ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਉਨ੍ਹਾਂ ਦੇ ਸਰਕਾਰੀ ਨਿਵਾਸ ਸਥਾਨ 'ਤੇ ਆਇਆ ਸੀ। ਇਸ ਗਰੁੱਪ ਨੇ ਹਾਲ ਹੀ ਵਿਚ ਇਸ ਸਮੱਸਿਆ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸੋਸ਼ਲ ਮੀਡੀਆ ਵਿਚ 'ਨਸ਼ਿਆਂ ਵਿਰੁੱਧ ਕਾਲਾ ਹਫ਼ਤਾ' ਮੁਹਿੰਮ ਸ਼ੁਰੂ ਕੀਤੀ ਹੈ। ਇਸ ਗਰੁੱਪ ਵਿਚ ਡਾਕਟਰ ਭੁਪਿੰਦਰ ਸਿੰਘ, ਹਾਕਮ ਸਿੰਘ, ਬਲਤੇਜ ਪਨੂੰ ਅਤੇ ਬਲਜਿੰਦਰ ਸਿੰਘ (ਮਿੰਟੂ) ਗੁਰੂਸਰੀਆ ਸ਼ਾਮਿਲ ਸਨ। ਮਿੰਟੂ ਖੁਦ ਕਿਸੇ ਸਮੇਂ ਨਸ਼ਿਆਂ ਤੋਂ ਪੀੜਤ ਸੀ। ਉਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਵਲੋਂ ਚੁੱਕੇ ਸਖ਼ਤ ਕਦਮਾਂ ਦਾ ਸਵਾਗਤ ਕੀਤਾ। ਮੁੱਖ ਮੰਤਰੀ ਨੇ ਦੱਸਿਆ ਕਿ ਉਹ ਨਸ਼ਿਆਂ ਵਿਰੁੱਧ ਜੰਗ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਹਰ ਸੋਮਵਾਰ ਸ਼ਾਮ ਤਿੰਨ ਵਜੇ ਮੀਟਿੰਗ ਕਰਿਆ ਕਰਨਗੇ। ਇਨ੍ਹਾਂ ਕਾਰਕੁਨਾਂ ਨੇ ਇਸ ਸਬੰਧ 'ਚ ਅਕਾਲੀਆਂ 'ਤੇ ਦੋਸ਼ ਮੜ੍ਹਿਆ ਜਿਨ੍ਹਾਂ ਨੇ ਨੌਜਵਾਨਾਂ ਦੀ ਊਰਜਾ ਨੂੰ ਸਹੀ ਪਾਸੇ ਲਾਉਣ ਲਈ ਕੁਝ ਵੀ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਨਸ਼ਈਆਂ ਲਈ ਇਕ ਹੈਲਪਲਾਈਨ ਤਿਆਰ ਕੀਤੀ ਜਾਵੇ। ਔਰਤਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ 'ਚ ਮਦਦ ਮੁਹੱਈਆ ਕਰਵਾਉਣ ਲਈ ਐਸ. ਟੀ. ਐਫ. ਵਿਚ ਇਕ ਮਹਿਲਾ ਅਫ਼ਸਰ ਤਾਇਨਾਤ ਕੀਤੇ ਜਾਣ ਦਾ ਵੀ ਸੁਝਾਅ ਦਿੱਤਾ। ਇਸ ਮੌਕੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬ੍ਰਹਮ ਮਹਿੰਦਰਾ, ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ, ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਅਤੇ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਤੇਜਵੀਰ ਸਿੰਘ ਵੀ ਹਾਜ਼ਰ ਸਨ।

### ਬਹੁਤ ਹੋ ਚੁੱਕਾ-ਕੈਪਟਨ ਵਲੋਂ ਨਸ਼ਾ ਤਸਕਰਾਂ ਨੂੰ ਚਿਤਾਵਨੀ

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਨੂੰ ਲਗਾਤਾਰ ਤਬਾਹ ਕਰਨ ਲਈ ਨਸ਼ਿਆਂ ਦੇ ਤਸਕਰਾਂ ਨੂੰ ਸਖ਼ਤ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜਾਂ ਤਾਂ ਨਸ਼ਿਆਂ ਦੀ ਤਸਕਰੀ ਛੱਡ ਦਿਓ ਨਹੀਂ ਤਾਂ ਸਖ਼ਤ ਅਤੇ ਗੰਭੀਰ ਨਤੀਜੇ ਭੁਗਤਣ ਲਈ ਤਿਆਰ ਹੋ ਜਾਵੋ। ਮੁੱਖ ਮੰਤਰੀ ਨੇ ਇਕ ਵੀਡੀਓ ਰਿਕਾਰਡਿੰਗ ਰਾਹੀਂ ਟਵੀਟ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਸਰਕਾਰ ਵਲੋਂ ਨਸ਼ਾ ਤਸਕਰਾਂ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਦੀ ਕੇਂਦਰ ਸਰਕਾਰ ਨੂੰ ਸਿਫ਼ਾਰਸ਼ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀ ਸਰਕਾਰ ਵਲੋਂ ਇਸ ਸਮੱਸਿਆ ਨਾਲ ਨਿਪਟਣ ਲਈ ਕਾਨੂੰਨ ਵਿਚ ਤਬਦੀਲੀ ਲਿਆਂਦੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ, 'ਨਸ਼ਾ ਤਸਕਰਾਂ ਨੇ ਪੰਜਾਬ ਦਾ ਬਹੁਤ ਜ਼ਿਆਦਾ ਨੁਕਸਾਨ ਕਰ ਦਿੱਤਾ ਹੈ ਅਤੇ ਮੈਂ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਅਸੀਂ ਇਸ ਨੂੰ ਲਗਾਤਾਰ ਜਾਰੀ ਰਹਿਣ ਲਈ ਆਗਿਆ ਨਹੀਂ ਦੇਵਾਂਗੇ।'' ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਤਸਕਰਾਂ ਵਿਰੁੱਧ ਸਖ਼ਤ ਸੰਭਾਵੀ ਕਾਰਵਾਈ ਕਰੇਗੀ।

# ਭਗਵਾਨ ਵਾਲਮੀਕ ਮੰਦਰ ਯੂਬਾ ਸਿਟੀ ਵਿਖੇ ਮਦਰ/ਫਾਦਰ ਡੇਅਜ਼ ਬੜੇ ਉਤਸ਼ਾਹ ਪੂਰਵਕ ਮਨਾਏ ਗਏ

## ਪਹਿਲੀ ਵਾਰ ਦੇਸ਼-ਵਿਦੇਸ਼ ਤੋਂ ਆਏ ਸ਼ਰਧਾਲੂਆਂ ਦਾ ਕੀਤਾ ਗਿਆ ਸਨਮਾਨ









ਤਸਵੀਰਾਂ ਅਤੇ ਰਿਪੋਰਟ-
ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)








**ਯੂਬਾ ਸਿਟੀ (ਬਿਊਰੋ)-** ਯੂਬਾ ਸਿਟੀ 'ਚ ਭਗਵਾਨ ਵਾਲਮੀਕ ਮੰਦਰ ਅਮਰੀਕਾ 'ਚ ਪਹਿਲਾ ਅਤੇ ਇੱਕੋ ਇਕ ਮੰਦਰ ਹੈ, ਜਿੱਥੇ ਸ਼ਰਧਾਲੂ ਹਰ ਐਤਵਾਰ ਆਪਣੇ ਕੰਮਾਂ ਕਾਰਾਂ 'ਚੋਂ ਵਕਤ ਕੱਢ ਕੇ ਇਕੱਤਰ ਹੁੰਦੇ ਹਨ, ਜਿੱਥੇ ਭਜਨ ਸੁਣਦੇ ਹਨ, ਉੱਥੇ ਆਪਣੇ ਰਿਸ਼ਤਿਆਂ/ ਯਾਰਾਂ-ਦੋਸਤਾਂ ਨੂੰ ਮਿਲ ਕੇ ਖੁਸ਼ੀ ਮਹਿਸੂਸ ਕਰਦੇ ਹਨ। ਇਸ ਮੰਦਰ ਦੀ ਪ੍ਰਬੰਧਕ ਕਮੇਟੀ ਦੀ ਖਾਸੀਅਤ ਹੈ ਕਿ ਜੇਕਰ ਕੋਈ ਦੇਸ਼/ਵਿਦੇਸ਼ ਤੋਂ ਪਹਿਲੀ ਵਾਰ ਮੰਦਰ 'ਚ ਨਤਮਸਤਕ ਹੁੰਦਾ ਹੈ ਤਾਂ ਉਸ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਜਾਂਦਾ ਹੈ।

ਇਸੇ ਤਰ੍ਹਾਂ ਆਪਣੀ ਪ੍ਰੰਪਰਾ ਨੂੰ ਬਰਕਰਾਰ ਰੱਖਦਿਆਂ ਬੀਤੇ ਦਿਨੀਂ ਮੰਦਰ ਵਿਖੇ ਮਦਰ ਅਤੇ ਫਾਦਰ ਡੇਅਜ਼ ਬਹੁਤ ਉਤਸ਼ਾਹ ਪੂਰਵਕ ਮਨਾਏ ਗਏ, ਜਿਸ ਦੌਰਾਨ ਬੱਚਿਆਂ 'ਚ ਆਪਣੇ ਮਾਤਾ-ਪਿਤਾ ਪ੍ਰਤੀ ਪਿਆਰ ਸਤਿਕਾਰ ਦੀ ਭਾਵਨਾ ਹੋਰ ਵੀ ਪ੍ਰਬੱਲ ਹੋਈ ਤੇ ਮਾਤਾ-ਪਿਤਾ ਨੂੰ ਆਪਣੇ ਬੱਚਿਆਂ ਵੱਲੋਂ ਪਿਆਰ/ਸਤਿਕਾਰ ਮਿਲਿਆ ਦੇਖ ਕੇ ਆਪਣੇ ਬੱਚਿਆਂ 'ਚ ਮਾਣ ਮਹਿਸੂਸ ਹੋਇਆ।

ਲੰਘੇ ਐਤਵਾਰ ਪਹਿਲੀ ਜੁਲਾਈ ਨੂੰ ਮੰਦਰ ਵਿਖੇ ਸਵੇਰੇ ਸ਼ੁਰੂ 'ਚ ਯੋਗ ਵਸ਼ਿਸ਼ਟ ਦੇ ਪਾਠ ਪੜ੍ਹੇ ਗਏ ਤੇ ਅਰਦਾਸ ਕੀਤੀ ਗਈ। ਇਸ ਮੌਕੇ ਮਹਾਂਰਿਸ਼ੀ ਵਾਲਮੀਕ ਸਭਾ ਦੇ ਜਨਰਲ ਸਕੱਤਰ ਸ੍ਰੀ ਪਲਵਿੰਦਰ ਸਹੋਤਾ ਨੇ ਵੱਖ-ਵੱਖ ਬੁਲਾਰਿਆਂ ਨੂੰ ਸੱਦਾ ਦਿੱਤਾ, ਜਿਹਨਾਂ ਨੇ ਭਗਵਾਨ ਵਾਲਮੀਕ ਜੀ ਦੇ ਜੀਵਨ ਤੇ ਮੌਜੂਦਾ ਸਮਾਜਿਕ ਸਥਿਤੀਆਂ 'ਤੇ ਵਿਚਾਰਾਂ ਕੀਤੀਆਂ। ਸ੍ਰੀ ਜੋਗਿੰਦਰ ਸਿੰਘ ਸ਼ੌਂਕੀ ਨੇ ਧਾਰਮਿਕ ਗੀਤਾਂ ਨਾਲ ਆਪਣੀ ਸਾਂਝ ਪਾਈ, ਸ੍ਰੀ ਪ੍ਰਕਾਸ਼ ਸਿੰਘ ਗਿੱਲ ਨੇ ਭਗਵਾਨ ਵਾਲਮੀਕ ਜੀ ਬਾਰੇ ਵਿਸਥਾਰਪੂਰਵਕ ਕਥਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਹਨਾਂ ਤੋਂ ਇਲਾਵਾ ਸ੍ਰੀ ਦੇਸ ਰਾਜ ਸ਼ੁਭ, ਬੀਬੀਆਂ ਜੋਗਿੰਦਰ ਕੌਰ ਗਿੱਲ, ਸਵਰਨ ਲਤਾ ਸੌਂਧੀ ਅਤੇ ਸਵਰਨ ਕੌਰ ਭਗਾਣੀਆ ਆਦਿ ਧਾਰਮਿਕ ਕਵਿਤਾਵਾਂ ਨਾਲ ਹਾਜ਼ਰੀ ਲਗਵਾਈ, ਜਿਸ ਨੂੰ ਸੁਣ ਕੇ ਸੰਗਤਾਂ ਆਨੰਦਮਈ ਹੋਈਆਂ।

ਇਸ ਉਪਰੰਤ ਇੰਡੀਆ ਤੋਂ ਪਹਿਲੀ ਵਾਰ ਅਮਰੀਕਾ ਆਏ ਸ੍ਰੀ ਸੁਰਿੰਦਰ ਮੋਹਨ ਭਾਟੀਆ ਜੋ ਜਨਰਲ ਇੰਸ਼ੋਰੈਂਸ ਕਾਰਪੋਰੇਸ਼ਨ ਆਫ ਇੰਡੀਆ 'ਚੋਂ ਇਹਨੀ ਦਿਨੀਂ ਬਤੌਰ ਮੈਨੇਜਰ ਰਿਟਾਇਰ ਹੋਏ ਹਨ, ਨੂੰ ਪ੍ਰਬੰਧਕ ਕਮੇਟੀ ਵੱਲੋਂ ਜਿੱਥੇ ਜੀ ਆਇਆਂ ਆਖਿਆ, ਉੱਥੇ ਉਹਨਾਂ ਨੂੰ ਸਿਰੋਪਾਓ ਨਾਲ ਸਨਮਾਨਿਤ ਵੀ ਕੀਤਾ ਗਿਆ।

ਇਸ ਦਿਨ ਦੀ ਵਿਸ਼ੇਸ਼ਤਾ ਇਸ ਗੱਲ ਨਾਲ ਵੀ ਜਾਣੀ ਜਾਂਦੀ ਰਹੇਗੀ ਕਿ ਬਰਕਲੇ ਯੂਨੀਵਰਸਿਟੀ 'ਚ ਰਹਿ ਚੁੱਕੇ ਪ੍ਰੋਫੈਸਰ ਮਾਰਕ ਜ਼ਰਜਨਮੇਅਰ ਦੁਆਰਾ ਲਿਖੀ ਇਤਿਹਾਸਕ ਕਿਤਾਬ 'ਰਿਲੀਜੀਆ ਰੇਬਲਜ਼ ਇਨ ਦੀ ਪੰਜਾਬ' ਦੀ ਆਦਿ ਧਰਮ ਚੈਲੈਂਜ ਟੂ ਕਾਸਟ, ਜੋ ਪੰਜਾਬ ਵੱਸਦੇ ਭਾਰਤੀ ਮੂਲ ਨਿਵਾਸੀਆਂ ਦੀ ਸਮਾਜਿਕ, ਆਰਥਿਕ, ਰਾਜਨੀਤਿਕ ਤੇ ਧਾਰਮਿਕ ਪਹਿਲੂਆਂ 'ਤੇ ਜਿੱਥੇ ਵਿਸਥਾਰ ਪੂਰਵਕ ਚਾਨਣਾ ਪਾਉਂਦੀ ਹੈ, ਉੱਥੇ ਵੀਹਵੀਂ ਸਦੀ ਦੇ 1920 ਤੇ ਉਸ ਤੋਂ ਬਾਅਦ ਦੇ ਰਹਿਬਰਾਂ (ਯੋਧਿਆਂ) ਦੇ ਸੰਘਰਸ਼ਾਂ ਨੂੰ ਉਜਾਗਰ ਕਰਦੀ ਹੈ। ਇਸ ਕਿਤਾਬ ਬਾਰੇ ਸੰਖੇਪ ਜਿਹੀ ਜਾਣਕਾਰੀ ਦੇਣ ਉਪਰੰਤ ਸ੍ਰੀ ਪ੍ਰੇਮ ਕੁਮਾਰ ਚੁੰਬਰ (ਸੰਪਾਦਕ ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼) ਨੇ ਪ੍ਰਬੰਧਕ ਕਮੇਟੀ ਨੂੰ ਭੇਂਟ ਕੀਤੀ, ਜਿਸ ਨੂੰ ਪਾ ਕੇ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਜੀ ਨੇ ਵਿਸ਼ੇਸ਼ ਧੰਨਵਾਦ ਕੀਤਾ। ਅਖੀਰ ਵਿਚ ਪ੍ਰੋਗਰਾਮ ਦੀ ਸਮਾਪਤੀ ਤੇ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਜੀ ਨੇ ਸਭ ਦਾ ਕੋਟਿਨ ਕੋਟਿ ਧੰਨਵਾਦ ਕੀਤਾ ਅਤੇ ਇਸ ਤਰ੍ਹਾਂ ਪਿਆਰ ਦਾ ਮਾਹੌਲ ਬਣਾਏ ਰੱਖਣ ਤੇ ਗੁਰੂ ਘਰ ਤੇ ਅਤੁੱਟ ਲੰਗਰ ਵਰਤਾਏ ਗਏ।

# ਸਤਿਗੁਰੂ ਕਬੀਰ ਜੀ ਅਤੇ ਧੰਨ ਧੰਨ ਗੁਰੂ ਹਰਿਗੋਬਿੰਦ ਜੀ ਮਹਾਰਾਜ ਦਾ ਗੁਰਪੁਰਬ ਮਨਾਇਆ












**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਕਬੀਰ ਜੀ ਮਹਾਰਾਜ, ਧੰਨ ਧੰਨ ਗੁਰੂ ਹਰਿਗਗੋਬਿੰਦ ਮਹਾਰਾਜ ਜੀ ਦਾ ਗੁਰਪੁਰਬ ਧੱਨ ਧੰਨ ਸਤਿਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਛਤਰ ਛਾਇਆ ਹੇਠ ਬੀਤੀ 29, 30 ਜੂਨ ਅਤੇ 1 ਜੁਲਾਈ ਨੂੰ ਬੜੀ ਧੂੰਮ-ਧਾਮ ਨਾਲ ਮਨਾਇਆ ਗਿਆ ਜਿਸ ਵਿਚ 29 ਜੂਨ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, 30 ਜੂਨ ਦਿਨ ਸ਼ਨਿਚਰਵਾਰ ਨੂੰ ਸ੍ਰੀ ਨਿਸ਼ਾਨ ਸਾਹਿਬ ਜੀ ਦੇ ਵਸਤਰਾਂ ਦੀ ਸੇਵਾ ਕੀਤੀ ਗਈ, ਜਿਹਨਾਂ ਦੀ ਸੇਵਾ ਗੁਰੂ ਘਰ ਦੇ ਕਮੇਟੀ ਮੈਂਬਰ ਸ੍ਰੀ ਜਸਪਾਲ ਜੱਸਲ, ਬੀਬੀ ਨਰਿੰਦਰ ਕੁਮਾਰੀ ਜੱਸਲ ਪਰਿਵਾਰ ਵੱਲੋਂ ਕੀਤੀ ਗਈ।

1 ਜੁਲਾਈ ਦਿਨ ਐਤਵਾਰ ਨੂੰ ਅਖੰਡ ਪਾਠਸਾਹਿਬ ਜੀ ਦੇ ਭੋਗ ਪਾਏ ਗਏ, ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਏ, ਜਿਸ ਵਿਚ ਭਾਈ ਜਸਪਾਲ ਸਿੰਘ ਸਾਰੰਗ (ਵੈਸਟ ਸੈਕਰਾਮੈਂਟੋ), ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ ਜੀ ਦੇ ਜਥਿਆਂ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਗੁਰੂ ਘਰ ਦੇ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਗੁਰਬਾਣੀ ਕਥਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਜਸਪਾਲ ਜੱਸਲ ਜੀ, ਬੀਬੀ ਨਰਿੰਦਰ ਕੁਮਾਰੀ ਜੱਸਲ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਸ ਤੋਂ ਇਲਾਵਾ ਸ੍ਰੀ ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ ਦੇਸ਼ ਦੁਆਬਾ ਅਖਬਾਰ) ਅਤੇ ਸ੍ਰੀ ਸੁਰਿੰਦਰ ਮੋਹਨ ਭਾਟੀਆ ਮੈਨੇਜਰ (ਜਨਰਲ ਇੰਸ਼ੋਰੈਂਸ ਕਾਰ-ਪੋਰੇਸ਼ਨ ਆਫ ਇੰਡੀਆ) ਨੂੰ ਪਹਿਲੀ ਵਾਰ ਇੰਡੀਆ ਤੋਂ ਅਮਰੀਕਾ ਆਉਣ ਦੀ ਖੁਸ਼ੀ ਵਿਚ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲੂ ਜੀ ਨੇ ਆਈਆਂ ਸੰਗਤਾਂ ਦਾ ਇੰਗਲੈਂਡ ਤੋਂ ਫੋਨ 'ਤੇ ਧੰਨਵਾਦ ਕੀਤਾ।















ਪਹਿਲੀ ਜੁਲਾਈ ਸੰਨ 2018 ਦਿਨ ਐਤਵਾਰ ਸ਼ਾਮ ਨੂੰ ਗੁਰਦੁਆਰਾ ਸਾਹਿਬ ਸੈਨਹੋਜੇ ਕੈਲੇਫੋਰਨੀਆਂ ਵਿਖੇ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ, ਵਿਦਵਾਨ ਲੇਖਕ, ਪ੍ਰਸਿੱਧ ਕਾਲਮ ਨਵੀਸ ਸ੍ਰ. ਤਰਲੋਚਨ ਸਿੰਘ ਦੁਪਾਲਪੁਰ ਆਪਣੀ ਸਿੰਘਣੀ ਤੇ ਨੂੰਹ ਪੁੱਤ ਸਾਰੇ ਅਵਤਾਰ ਸਿੰਘ ਮਿਸ਼ਨਰੀ ਦੇ ਗੁਰਮਤਿ ਸਟਾਲ ਤੇ ਪਧਾਰੇ। ਉਹਨਾਂ ਵੱਲੋਂ ਬੜਾ ਦਿਲੋਂ ਨਿੱਘਾ ਸਤਿਕਾਰ ਕੀਤਾ ਗਿਆ। ਸ੍ਰ. ਦੁਪਾਲਪੁਰੀ ਦਾ ਸਾਰਾ ਪਰਵਾਰ ਹੀ ਗੁਰਸਿੱਖ ਹੈ।

ਸ੍ਰੀ ਸੁਰਿੰਦਰ ਮੋਹਨ ਭਾਟੀਆ, ਰਿਟਾਇਰਡ ਮੈਨੇਜਰ (ਜਨਰਲ ਇੰਸ਼ੋਰੈਂਸ ਕਾਰਪੋਰੇਸ਼ਨ ਆਫ ਇੰਡੀਆ) ਜੋ ਅੱਜਕਲ੍ਹ ਕੈਨੇਫੋਰਨੀਆ ਦੇ ਪਹੁੰਚੇ ਹੋਏ ਹਨ, ਨੇ ਇਹਨੀਂ ਦਿਨੀਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ), ਮਹਾਂਰਿਸ਼ੀ ਵਾਲਮੀਕ ਮੰਦਰ ਯੂਬਾ ਸਿਟੀ ਅਤੇ ਸਿੱਖ ਟੈਂਪਲ ਟਾਇਰਾ ਬਿਊਨਾ (ਯੂਬਾ ਸਿਟੀ) ਵਿਖੇ ਨਤਮਸਤਕ ਹੋਏ ਅਤੇ ਇਸ ਦੇ ਨਾਲ ਹੀ ਉਹਨਾਂ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮੀਟਿੰਗ ਵਿਚ ਵੀ ਹਾਜ਼ਰੀ ਭਰੀ, ਉਥੇ ਅਹਿਮ ਸ਼ਖਸੀਅਤਾਂ ਨਾਲ ਆਪਣੀ ਨਿੱਜੀ ਜ਼ਿੰਦਗੀ ਦੇ ਤਜਰਬੇ ਸਾਂਝੇ ਕੀਤੇ। ਇਸ ਤੋਂ ਇਲਾਵਾ ਸ੍ਰੀ ਭਾਟੀਆ ਨੇ ਬਲੈਕ ਬਿਊਟ ਲੇਕ (ਕੈਲੇਫੋਰਨੀਆ) ਦੀ ਸੈਰ ਕਰਨ ਦਾ ਆਨੰਦ ਵੀ ਲਿਆ। ਇਸ ਮੌਕੇ ਸ੍ਰੀ ਭਾਟੀਆ ਨਾਲ ਤੀਰਥ ਸਿੰਘ ਸੋਹਲ (ਉਘੇ ਬਿਜਨਸਮੈਨ) ਅਤੇ ਉਹਨਾਂ ਦਾ ਸਪੁੱਤਰ ਜੈ ਵੀਰ ਸਿੰਘ ਸੋਹਲ ਅਤੇ ਸ੍ਰੀ ਹਰਦੀਪ ਸਿੰਘ ਮੇਅਰ ਦੇ ਨਾਲ ਇਸ ਅਤੀ ਸੁੰਦਰ ਮਨਮੋਹਕ ਝੀਲ ਦਾ ਆਨੰਦ ਮਾਣਿਆ।ਅਦਾਰਾ 'ਦੇਸ਼ ਦੁਆਬਾ' ਦੇ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਸ੍ਰੀ ਸੁਰਿੰਦਰ ਮੋਹਨ ਭਾਟੀਆ ਦੇ ਨਾਲ ਸਨ।

ਸੂਰਜ ਕਿਰਣਿ ਮਿਲੇ, ਜਲ ਕਾ ਜੁਲ ਹੁਆ ਰਾਮ।। ਜੋਤੀ ਜੋਤ ਰਲੀ ਸੰਪੂਰਨ ਥੀਆ ਰਾਮ।।

ਬ੍ਰਹਮਲੀਨ 108 ਸੰਤ ਬਾਬਾ ਨਰਾਇਣ ਦਾਸ ਮਹਾਰਾਜ ਜੀ
ਬ੍ਰਹਮਲੀਨ 108 ਸੰਤ ਬੀਬੀ ਜੁਆਲੀ ਰਾਮ ਜੀ ਮਹਾਰਾਜ
ਬ੍ਰਹਮਲੀਨ 108 ਸੰਤ ਬਾਬਾ ਅਮਰਦਾਸ ਜੀ ਮਹਾਰਾਜ

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ
ਪੂਜਯ ਗੁਰੂਦੇਵ ਬ੍ਰਹਮ ਗਿਆਨੀ ਬ੍ਰਮਬੇਤਾ ਮਹਾਨ ਪਰਉਪਕਾਰੀ ਨਾਮ ਦੇ ਰਸੀਏ

## ਬ੍ਰਹਮਲੀਨ 108 ਸੰਤ ਬਾਬਾ ਅਮਰਦਾਸ ਜੀ ਮਹਾਰਾਜ




ਦੀ
9ਵੀਂ ਬਰਸੀ
ਮਿਤੀ 17 ਜੁਲਾਈ 2018
ਦਿਨ ਮੰਗਲਵਾਰ ਨੂੰ ਡੇਰਾ ਬਾਬਾ ਕੱਲਰਾਂ, ਪਿੰਡ ਸ਼ੇਰਪੁਰ ਢੱਕੋ, (ਹੁਸ਼ਿਆਰਪੁਰ) ਵਿਖੇ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਮਨਾਈ ਜਾ ਰਹੀ ਹੈ।
ਆਪ ਜੀ ਨੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

### ਪ੍ਰੋਗਰਾਮ

ਦਿਨ ਐਤਵਾਰ 15 ਜੁਲਾਈ 2018
ਆਰੰਭ ਸ੍ਰੀ ਅੰਡ ਪਾਠ ਸਾਹਿਬ ਜੀ 10.30 ਵਜੇ ਸਵੇਰੇ
ਦਿਨ ਮੰਗਲਵਾਰ 17 ਜੁਲਾਈ 2018
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 10.00 ਵਜੇ ਸਵੇਰੇ
ਗੁਰਬਾਣੀ ਕੀਰਤਨ 10 ਤੋਂ 12 ਵਜੇ ਤੱਕ
ਮਹਾਂਪੁਰਸ਼ਾਂ ਦੇ ਪ੍ਰਵਚਨ 12 ਤੋਂ 2 ਵਜੇ ਤੱਕ
ਪੰਡਾਲ ਦੀ ਸਮਾਪਤੀ 2 ਵਜੇ ਦੁਪਹਿਰ

### ਦਰਸ਼ਨ ਅਭਿਲਾਸ਼ੀ

ਸ੍ਰੀਮਾਨ 108 ਸੰਤ ਰਾਮ ਕ੍ਰਿਸ਼ਨ ਜੀ
ਸ੍ਰੀਮਾਨ 108 ਸੰਤ ਚਰਨ ਦਾਸ ਜੀ
ਪ੍ਰਧਾਨ ਸ੍ਰੀਮਾਨ 108 ਸੰਤ ਨਿਰਮਲ ਦਾਸ ਜੀ
ਸ੍ਰੀਮਾਨ 108 ਸੰਤ ਬੀਬੀ ਨੰਤੀ ਰਾਮ ਜੀ
ਅਤੇ ਸਮੂਹ ਸੰਗਤ ਡੇਰਾ ਬਾਬਾ ਕੱਲਰਾਂ, ਪਿੰਡ ਸ਼ੇਰਪੁਰ ਢੱਕੋਂ
ਡਾ. ਬਾਹੋਵਾਲ, ਹੁਸ਼ਿਆਰਪੁਰ

**ਸੰਗਤਾਂ ਦੇ ਦਾਸ**

ਗੱਦੀ ਨਸ਼ੀਨ ਸ੍ਰੀਮਾਨ 108 ਸੰਤ ਰਮੇਸ਼ ਦਾਸ ਜੀ
01884-243355,
98726-69445, 94634-71795

# ਜਨਮ ਦਿਨ ਮੁਬਾਰਕ



ਰੇਸ਼ਮ ਕਰਨਾਣਵੀ ਆਪਣੇ ਸਪੁੱਤਰ ਨਾਲ

ਅਦਾਰਾ ਦੇਸ਼ ਦੁਆਬਾ ਦੇ ਵਿਸ਼ੇਸ ਪ੍ਰਤੀਨਿਧੀ ਸ੍ਰੀ ਰੇਸ਼ਮ ਕਰਨਾਣਵੀ ਜੀ ਦੇ ਹੋਣਹਾਰ ਸਪੁੱਤਰ ਦੇ ਦੂਜੇ ਜਨਮ ਦਿਨ 'ਤੇ ਅਦਾਰਾ ਦੇਸ਼ ਦੁਆਬਾ ਵੱਲੋਂ ਸਮੂਹ ਕਰਨਾਣਵੀ ਪਰਿਵਾਰ ਨੂੰ ਹਾਰਦਿਕ ਵਧਾਈਆਂ।




SUNSHINE AUTO CARE INC.
DBA
PHILLIPS AUTO CARE

Auto Services:
* Oil Change Services
* Factory Scheduled Maintenance
* Transmission Repair / Replacement
* 4WD Repairs Clutch Replacement
* Power Door Lock & Windows Repairs
* Electrical / Battery Service & Repair
* Engine Diagnostic Service
* Air Conditioning Service & Repair
* Cooling System Service & Repair
* Major Engine Repair
* Brake Repairs
* And Much More...

Trucks & Trailers Services:
* DPF Filter Cleaning
* Clutch
* Computer Check
* Transmission
* Differential
* New / Use Tires
* Inspections
* Oil changes
* Van/Reefer Work
* Wheel Balancing
* Truck & Trailer Repair
* All Major & Minor Repairs
* We Do Aluminium Welding




ਅਸੀਂ ਕਸਟਮਰ ਨੂੰ ਪਿਕ ਅਪ ਅਤੇ ਡਰੋਪ ਵੀ ਕਰਦੇ ਹਾਂ
ਅਸੀਂ ਪੰਜਾਬੀ ਤੇ ਸਪੈਨਿਸ਼ ਵੀ ਬੋਲਦੇ ਹਾਂ
hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

ACCEPTED HERE
Com-Check
T-Check
EFS Check

We Provide All Autos, Trucks & Trailers Repair





Contact: Deep Suman: (408) 561-1846, (209) 239-1551 (24/7 Available)
Address: 1003 Moffat Blvd, Manteca CA 95336

## (1 ਜੁਲਾਈ ਤੋਂ 7 ਜੁਲਾਈ ਤੱਕ ਚਿੱਟੇ ਦੇ ਵਿਰੋਧ ਵਿੱਚ ਕਾਲਾ-ਹਫ਼ਤਾ ਮਨਾਉਣ ਤੇ ਵਿਸ਼ੇਸ਼)

# ਚਿੱਟੇ ਆਦਿ ਨਸ਼ਿਆਂ ਦੀ ਦਲਦਲ ਵਿੱਚ ਫਸ ਰਹੀ ਨੌਜਵਾਨ ਪੀੜ੍ਹੀ ਨੂੰ ਬਚਾਉਣਾ ਸਮੇਂ ਦੀ ਮੁੱਖ ਲੋੜ



ਪ੍ਰਮੋਦ ਧੀਰ
91-98550-31081

ਚਿੱਟੇ 'ਤੇ ਹੋਰ ਸਾਰੇ ਤਰਾਂ ਦੇ ਨਸ਼ਿਆਂ ਖਿਲਾਫ ਛੇੜੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਨੌਜਵਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਅੱਜ ਨਸ਼ਾਖੋਰੀ ਦੇ ਵਧਦੇ ਰੁਝਾਨ ਵੱਲ ਨਿਗਾਹ ਮਾਰੀ ਜਾਵੇ ਤਾਂ ਨੌਜਵਾਨ ਨਸ਼ਾਖੋਰੀ ਦੀ ਭਿਆਨਕ ਬੁਰਾਈ ਤੋਂ ਗ੍ਰਸਤ ਹਨ। ਪੁਰਾਣੀਆਂ ਕਹਾਣੀਆਂ ਅਨੁਸਾਰ ਨਸ਼ੇ ਸ਼ੈਤਾਨ ਦੀ ਦੇਣ ਹਨ। ਸ਼ਰਾਬ,ਬੀਅਰ ਤੋਂ ਇਲਾਵਾ ਚਿੱਟੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦਾ ਵਧਦਾ ਰੁਝਾਨ ਚਿੰਤਾ ਦਾ ਵਿਸ਼ਾ ਹੈ। ਅੱਜ ਦੀ ਜਵਾਨੀ ਜਿਵੇਂ ਕਿਵੇਂ ਕਹਿ ਲਵੋ ਚਿੱਟੇ ਦੀ ਲਪੇਟ ਵਿੱਚ ਆ ਰਹੀ ਹੈ। ਇਸ ਚਿੱਟੇ ਨੇ ਪਿਛਲੇ ਕਈ ਵਰਿਆ ਤੋਂ ਪੰਜਾਬ ਵਿੱਚ ਵੀ ਆਪਣੇ ਪੈਰ ਪਸਾਰ ਲਏ ਹਨ। ਇਸ ਚਿੱਟੇ ਨੇ ਕਈ ਮਾਵਾਂ ਤੇ ਪੁੱਤ ਖੋ ਲਏ ਹਨ। ਬੜਾ ਦੁੱਖ ਹੁੰਦਾ ਹੈ ਸੁਣ ਕੇ ਕਿ ਅੱਜ ਕੱਲ ਕਈ ਕੁੜੀਆਂ ਵੀ ਨਸ਼ੇ ਦੀਆਂ ਆਦਿ ਬਣ ਚੁੱਕੀਆਂ ਹਨ। ਪਰਾਣਿਆਂ ਸਮਿਆਂ ਵਿੱਚ ਕੋਈ ਬੇਈਮਾਨ ਆਦਮੀ ਆਪਣੇ ਵਿਰੋਧੀ ਨੂੰ ਕਮਜ਼ੋਰ ਕਰਨ ਲਈ ਉਸ ਦੇ ਬੱਚਿਆਂ ਨੂੰ ਧੋਖੇ ਨਾਲ ਅਫੀਮ ਦੇ ਕੇ ਅਮਲੀ ਬਣਾ ਕੇ ਵੈਰ ਕਮਾਉਂਦਾ ਸੀ ਅੱਜ ਕੱਲ ਦੀ ਨੌਜਵਾਨ ਪੀੜੀ ਖੁਦ ਹੀ ਮਾੜੀ ਸੰਗਤ ਸਦਕਾ ਨਸ਼ਿਆਂ ਦੀ ਆਦਿ ਬਣਦੀ ਜਾ ਰਹੀ ਹੈ। ਕਈ ਤਾਂ ਚਿੱਟਾ, ਮਹਿੰਗੀ ਸ਼ਰਾਬ, ਨਸ਼ੇ ਦੀਆਂ ਦਵਾਈਆਂ, ਚਰਸ, ਹੀਰੋਇਨ, ਸਿਗਰਟਾਂ ਆਦਿ ਨਾਲ ਨਸ਼ੇ ਕਰਨਾ ਆਪਣਾ ਉੱਚਾ ਸਟੇਟਸ ਮੰਨਣ ਲੱਗ ਪਏ ਹਨ।

ਮੇਰੀ ਦੇਸ਼ ਦੇ ਨੌਜਵਾਨ ਵੀਰਾਂ ਤੇ ਭੈਣਾਂ ਨੂੰ ਅਪੀਲ ਹੈ ਕਿ ਸੰਭਲ ਜਾਉ ਇਸ ਨਾਲ ਨਸ਼ਾ ਵੇਚਣ ਵਾਲਿਆਂ ਦਾ ਨਸ਼ਾ ਵਿਕਾਉਣ ਵਾਲਿਆਂ ਦਾ ਤੇ ਸਮੇਂ ਦੇ ਹਾਕਮਾ ਦਾ ਕੋਈ ਨੁਕਸਾਨ ਨਹੀਂ । ਸਗੋਂ ਪੂਰਾ ਨੁਕਸਾਨ ਤੁਹਾਡਾ ਅਤੇ ਤੁਹਾਡੇ ਪ੍ਰੀਵਾਰ ਦਾ ਹੈ। ਨਸ਼ਾ ਤੁਹਾਡੀ ਪ੍ਰਾਪਰਟੀ ਵਿਕਾ ਦਿੰਦਾ ਹੈ । ਤੁਹਾਡੀ ਜਿੰਦਗੀ ਖਰਾਬ ਕਰਦਾ ਹੈ ਤੇ ਨਾਲ ਨਾਲ ਤੁਹਾਡੀ ਬਣੀ ਬਣਾਈ ਇੱਜਤ ਵੀ ਮਿੱਟੀ ਵਿੱਚ ਮਿਲਾ ਦਿੰਦਾ ਹੈ 'ਤੇ ਫਿਰ ਇੱਕ ਐਸਾ ਦਿਨ ਆ ਜਾਂਦਾ ਹੈ ਕਿ ਇਹੀ ਨਸ਼ਾ ਬੰਦੇ ਨੂੰ ਮੌਤ ਦੇ ਮੂੰਹ ਵਿੱਚ ਲੈ ਜਾਦਾ ਹੈ।

ਭਾਰਤ ਦੇ ਗੁਜਰਾਤ ਰਾਜ ਵਾਂਗ ਸਾਰੇ ਰਾਜਾਂ ਵਿੱਚ ਸ਼ਰਾਬ, ਚਿੱਟਾ ਆਦਿ ਨਸ਼ੇ ਬੰਦ ਹੋਣੇ ਚਾਹੀਦੇ ਹਨ। ਸਾਡੀ ਜੀਵਨਸ਼ੈਲੀ ਤੇ ਬੱਚਿਆਂ ਦੇ ਪਾਲਣ-ਪੋਸ਼ਣ 'ਚ ਹੀ ਕੁਝ ਅਜਿਹੀਆਂ ਕਮੀਆਂ ਹਨ, ਜੋ ਉਨ੍ਹਾਂ 'ਚ ਨਸ਼ਾਖੋਰੀ ਦੇ ਰੁਝਾਨ ਵਧਣ ਦੀ ਵਜ੍ਹਾ ਬਣ ਰਹੀਆਂ ਹਨ। ਜਿਵੇਂ ਸਾਡੇ ਸਮਾਜ 'ਚ ਪ੍ਰਹੁਣਿਆਂ ਦਾ ਆਦਰ ਸਤਿਕਾਰ ਹੁੰਦਾ ਹੈ ਅਤੇ ਜ਼ਿਆਦਾਤਰ ਲੋਕ ਪ੍ਰਹੁਣਿਆਂ ਦੀ ਸਭ ਤੋਂ ਵੱਡੀ ਸੇਵਾ ਸ਼ਰਾਬ ਆਦਿ ਪਿਆਉਣ ਨੂੰ ਮੰਨਦੇ ਹਨ। ਘਰ ਵਿੱਚ ਕੋਈ ਵੀ ਖੁਸ਼ੀ ਦਾ ਮੌਕਾ ਹੋਵੇ ਤਾਂ ਵੀ ਸ਼ਰਾਬ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ, ਹੌਲੀ ਹੌਲੀ ਬੱਚੇ ਦੇ ਦਿਮਾਗ 'ਚ ਇਹ ਗੱਲ ਘਰ ਕਰ ਜਾਂਦੀ ਹੈ ਕਿ ਸ਼ਰਾਬ ਖਾਸ ਰਿਸ਼ਤੇਦਾਰਾਂ ਦੀ ਸੇਵਾ ਲਈ ਹੀ ਵਰਤੀ ਜਾਣ ਕਰਕੇ ਖਾਸ ਚੀਜ ਹੈ ਤੇ ਉਹ ਸ਼ਰਾਬ ਪੀਣ ਦੀ ਇੱਛਾ ਤੇ ਆਦਤ ਪਾਲ ਲੈਂਦੇ ਹਨ ਜਾਂ ਕਈ ਲੋਕ ਮਜਾਕ 'ਚ ਹੀ ਬੱਚਿਆਂ ਨੂੰ ਨਸ਼ਾ ਕਰਵਾ ਦਿੰਦੇ ਹਨ ਤੇ ਇਹ ਮਜ਼ਾਕ ਹੌਲੀ ਹੌਲੀ ਬੱਚੇ ਦਾ ਸ਼ੌਕ



ਤੇ ਆਦਤ ਬਣ ਜਾਂਦਾ ਹੈ । ਬੱਚੇ ਨਸ਼ਾ ਕਰਨਾ ਘਰੋਂ ਹੀ ਸਿੱਖ ਜਾਂਦੇ ਹਨ ਜੋ ਕਿ ਸਮਾਜ ਲਈ ਬਹੁਤ ਹੀ ਨੁਕਸਾਨਦੇਹ ਹੈ। ਜਿਸਦਾ ਨਤੀਜਾ ਅੱਜ ਅਸੀਂ ਅਜੋਕੇ ਸਮਾਜ ਵਿੱਚ ਭਲੀ ਭਾਂਤ ਦੇਖ ਸਕਦੇ ਹਾਂ। ਦਿੱਲੀ ਦੇ ਏਮਜ਼ ਹਸਪਤਾਲ ਦੇ ਇਕ ਐਨ.ਜੀ.ਓ 'ਸੋਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸਿਜ਼' ਦੇ ਸਹਿਯੋਗ ਨਾਲ ਪੰਜਾਬ ਵਿੱਚ ਨਸ਼ਿਆਂ ਬਾਰੇ ਇਕ ਸਰਵੇਖਣ ਕਰਵਾਇਆ ਜਿਸ ਦੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਹਰ ਸਾਲ 7500 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਵਿਕਦੇ ਹਨ। ਪ੍ਰਮੁੱਖ ਉਦਯੋਗਿਕ ਦੇਸ਼ਾਂ ਦੇ ਆਰਥਕ ਸਹਿਯੋਗ ਅਤੇ ਵਿਕਾਸ ਸੰਗਠਨ ਦੀ ਰੀਪੋਰਟ ਅਨੁਸਾਰ ਦੁਨੀਆਂ ਵਿੱਚ ਟੀ.ਬੀ, ਹਿੰਸਾ ਅਤੇ ਏਡਜ਼ ਨਾਲ ਹੋਣ ਵਾਲੀਆਂ ਮੌਤਾਂ ਤੋਂ ਵੀ ਜ਼ਿਆਦਾ ਮੌਤਾਂ ਸ਼ਰਾਬ ਕਰਕੇ ਹੁੰਦੀਆਂ ਹਨ, ਦੁਨੀਆਂ ਵਿੱਚ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ ਦੇ ਕਾਰਨਾਂ ਵਿੱਚ ਸ਼ਰਾਬ 5ਵਾਂ ਸਭ ਤੋਂ ਵੱਡਾ ਕਾਰਨ ਹੈ, ਸੰਨ 2000 ਤੋਂ ਬਾਅਦ ਪੂਰੀ ਦੁਨੀਆਂ ਵਿੱਚ ਮੁੰਡਿਆਂ-ਕੁੜੀਆਂ ਵਿੱਚ ਸ਼ਰਾਬ ਪੀਣ ਦਾ ਰੁਝਾਨ ਜ਼ਿਆਦਾ ਵਧਿਆ ਹੈ। ਨਸ਼ਿਆਂ ਕਰਕੇ ਲੱਖਾਂ ਘਰ ਉੱਜੜ ਗਏ, ਨਸ਼ਈਆਂ ਨੇ ਪਤਨੀਆਂ ਅਤੇ ਮਾਪਿਆਂ ਦੇ ਕਤਲ ਕਰ ਦਿੱਤੇ, ਨਸ਼ਿਆਂ ਕਾਰਨ ਬਹੁਤੇ ਲੜਕੇ ਗ੍ਰਹਿਸਥ ਜੀਵਨ ਦੇ ਕਾਬਲ ਨਹੀਂ ਰਹੇ, ਤਲਾਕ ਹੋ ਰਹੇ ਹਨ, ਬਹੁਤੀਆਂ ਲੜਾਈਆਂ, ਬਲਾਤਕਾਰ ਅਤੇ ਹਾਦਸੇ ਨਸ਼ਿਆਂ ਕਰਕੇ ਹੀ ਹੁੰਦੇ ਹਨ। ਪੀ.ਜੀ.ਆਈ. ਚੰਡੀਗੜ੍ਹ ਵਿੱਚ ਸੈਕਸ ਸਮਰੱਥਾ ਦੀ ਕਮੀ ਤੋਂ ਪੀੜਤ ਰੋਗੀਆਂ ਉਤੇ ਡਾਕਟਰਾਂ ਵਲੋਂ ਕੀਤੇ ਅਧਿਐਨ ਵਿੱਚ 58.4 ਫੀਸਦੀ ਲੋਕਾਂ ਦੀ ਇਹ ਕਮਜ਼ੋਰੀ ਸ਼ਰਾਬ ਦੇ ਸੇਵਨ ਨਾਲ ਹੋਈ ਦੱਸੀ ਗਈ ਹੈ।

ਭਾਵੇਂ ਸਰਕਾਰ ਤੇ ਕਈ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੇ ਨੌਜਵਾਨ ਪੀੜ੍ਹੀ ਨੂੰ ਸਮਝਾ ਕੇ ਚਿੱਟੇ ਦੇ ਖਿਲਾਫ ਨਸ਼ਾ ਛੁੜਾਊ ਮੁਹਿੰਮਾਂ ਵਿੱਢੀਆਂ ਹੋਈਆਂ। ਕਿੰਨੇ ਹੀ ਲੋਕ ਨੌਜਵਾਨ ਪੀੜ੍ਹੀ ਅਤੇ ਸੂਬੇ ਤੇ ਦੇਸ਼ ਦਾ ਭਵਿੱਖ ਬਚਾਉਣ ਲਈ ਨੌਜਵਾਨਾਂ ਨੂੰ ਨਸ਼ੇ ਦੀ ਦਲਦਲ ਵਿਚੋਂ ਕੱਢ ਕੇ ਮੁੜ ਆਪਣੀ ਪਹਿਲਾਂ ਵਰਗੀ ਜ਼ਿੰਦਗੀ ਜਿਉਣ ਤੇ ਆਪਣੀਆਂ ਪਰਿਵਾਰਕ ਤੇ ਸਮਾਜਿਕ ਜ਼ਿਮੇਵਾਰੀਆਂ ਨੂੰ ਨਿਭਾਉਣਯੋਗ ਬਣਾਉਣ ਲਈ ਯਤਨਸ਼ੀਲ ਹਨ।

ਪਰ ਫਿਰ ਵੀ ਸਮਾਜ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਪਰਵਰਿਸ਼ ਦਾ ਖਾਸ ਧਿਆਨ ਰੱਖਣ, ਉਨ੍ਹਾਂ ਨੂੰ ਵੱਧ ਤੋਂ ਵੱਧ ਸਮਾਂ ਦੇਣ, ਉਨ੍ਹਾਂ ਦੇ ਦੋਸਤਾਂ ਮਿੱਤਰਾਂ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਰੱਖਣ, ਹੋਸਟਲਾਂ ਵਿੱਚ ਰਹਿੰਦੇ ਲੜਕੇ ਲੜਕੀਆਂ ਦੀ ਨਿਗਰਾਨੀ ਹੋਵੇ, ਖੁਦ ਨਸ਼ਿਆਂ ਦੀ ਆਦਤ ਦਾ ਤਿਆਗ ਕਰਨ, ਬੱਚਿਆਂ ਦੇ ਖਰਚੇ ਬਾਰੇ ਜਾਣਕਾਰੀ ਰੱਖਣ। ਨਸ਼ਿਆਂ ਦੇ ਹੜ੍ਹ ਨੂੰ ਰੋਕਣ ਲਈ ਸਾਨੂੰ ਆਪਣੇ ਪੱਧਰ 'ਤੇ ਸ਼ੁਰੂਆਤ ਕਰਨੀ ਪਵੇਗੀ, ਸਿਰਫ ਸਰਕਾਰਾਂ ਤੇ ਡਾਕਟਰੀ ਇਲਾਜ ਤੇ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ। ਆਉ ਅੱਜ ਤੋ ਹੀ ਇਸ ਕੰਮ ਦੀ ਸੁਰੂਆਤ ਕਰੀਏ ਨੇਕ ਕੰਮ ਵਿੱਚ ਦੇਰੀ ਕਿਉਂ। ਇਸ ਤਰ੍ਹਾਂ ਕਰਨ ਨਾਲ ਕਦੇ ਕੋਈ ਮਾਂ ਨਹੀਂ ਕਹੇਗੀ ਕਿ ਚਿੱਟੇ ਨੇ ਪੁੱਤ ਖੋ ਲਏ ਮਾਂਵਾਂ ਦੇ।

ਗਾਣਿਆਂ ਅਤੇ ਫਿਲਮਾਂ ਵਿੱਚ ਨਸ਼ੇ ਅਤੇ ਬੰਦੂਕਾਂ ਦੀ ਪ੍ਰਦਰਸ਼ਨੀ ਬੰਦ ਹੋਣੀ ਚਾਹੀਦੀ ਹੈ।

ਹੁਣ ਚੌੜੀਆਂ ਹਿੱਕਾਂ ਵਾਲੇ 6 ਫੁੱਟੇ ਗੱਭਰੂ ਨਹੀਂ ਮਿਲਣੇ ਜੇ ਹੁਣ ਸਮਾਜ ਸੁਧਾਰ ਜਥੇਬੰਦੀਆਂ, ਬੁੱਧੀਮਾਨ ਅਤੇ ਫਿਕਰਮੰਦ ਲੋਕਾਂ ਨੇ ਇਕੱਠੇ ਹੋ ਕੇ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਨਸ਼ੇ ਦੇ ਸੌਦਾਗਰਾਂ ਵਿਰੁੱਧ ਹੰਭਲਾ ਨਾ ਮਾਰਿਆ ਤਾਂ ਆਉਣ ਵਾਲੀ ਪੀੜ੍ਹੀ ਬੇਹੱਦ ਕਮਜ਼ੋਰ, ਆਲਸੀ ਅਤੇ ਮਨੋਰੋਗੀ ਹੋਵੇਗੀ।

# "ਚਿੱਟੇ ਦਾ ਡਰ ਹਰ ਘਰ ਚ ਵਸਿਆ"



ਜਸਵੀਰ ਸ਼ਰਮਾ ਦੱਦਾਹੂਰ
91-94176-22046

ਅੱਜ ਘੁੱਗ ਵਸਦੇ ਪੰਜਾਬ ਦੇ ਹਾਲਾਤ ਬਦ ਤੋ ਬਦਤਰ ਬਣੇ ਹੋਏ ਨੇ, ਇਹ ਕਿਸੇ ਨੇ ਨਹੀ ਸਗੋਂ ਸਾਡੇ ਆਪਣਿਆਂ ਨੇ ਹੀ ਬਣਾਏ ਨੇ! ਕੋਈ ਸਮਾਂ ਸੀ ਸਾਡਾ ਪੰਜਾਬ ਰੰਗੀਂ ਵਸਦਾ ਸੀ ਪਰ ਅਜੋਕੇ ਬਦਲੇ ਹਾਲਾਤਾਂ ਕਰਕੇ ਪੰਜਾਬ ਵਿਚ ਘੁਗ ਵਸਦੇ ਘਰ ਬਾਹਰ ਦਾ ਮੁਹਾਨ ਕਰ ਰਹੇ ਨੇ! ਕੋਈ ਸਮਾਂ ਸੀ ਜਦ ਅਸੀਂ ਇਨਾਂ ਬਾਹਰਲਿਆਂ ਦੇ ਸੈਕੜੇ ਸਾਲ ਦੀ ਗੁਲਾਮੀ ਤੋ ਪੰਜਾਬੀਆਂ ਦੀਆਂ ਕੀਮਤੀ ਜਾਨਾਂ ਵਾਰ ਕੇ ਅਜ਼ਾਦ ਹੋਏ ਸਾਂ, ਤੇ ਅੱਜ ਫਿਰ ਉਨਾਂ ਗੋਰਿਆਂ ਦੇ ਬਹੁ ਗਿਣਤੀ ਵਿਚ ਗੁਲਾਮ ਹੋਣ ਲਈ ਬਾਹਰਲੇ ਮੁਲਕਾਂ ਦਾ ਮੁਹਾਨ ਕਰ ਰਹੇ ਹਾਂ! ਕਿਉਂਕਿ ਅਸੀ ਨਾ ਤਾਂ ਆਪਣੇ ਦੇਸ਼ ਚ ਸੁਰੱਖਸ਼ਿਤ ਹੀ ਹਾਂ ਤੇ ਨਾ ਹੀ ਆਤਮ ਨਿਰਭਰ ਭਾਵ ਕਾਰੋਬਾਰ ਵੱਲੋਂ ਵੀ ਖੁਸ਼ਹਾਲ ਹੀ ਹਾਂ! ਸਾਡੀਆਂ ਆਪਦੀਆਂ ਚੁਣੀਆਂ ਹੋਈਆਂ ਸਰਕਾਰਾਂ ਇਸ ਲਈ ਜ਼ਿੰਮੇਵਾਰ ਨੇ! ਰੁਜ਼ਗਾਰ ਮਿਲਣਾ ਤੇ ਸੁਰੱਖਿਆ ਪੱਖੋਂ ਪੂਰੀ ਦੀ ਪੂਰੀ ਜ਼ਿੰਮੇਵਾਰੀ ਸਥਾਨਕ ਸਰਕਾਰਾਂ ਦੀ ਹੀ ਬਣਦੀ ਹੈ ਜਿਸ ਵਿਚ ਉਹ ਪੂਰੀ ਤਰਾਂ ਨਾਕਾਮਯਾਬ ਰਹੀਆਂ ਨੇ!

ਸਮੇ ਸਮੇ ਤੇ ਪੰਜਾਬ ਨੂੰ ਹੀ ਨਹੀ ਸਗੋ ਪੂਰੇ ਭਾਰਤ ਦੇਸ਼ ਨੂੰ ਬਾਹਰਲਿਆਂ ਨੇ ਕੁੱਟਿਆ ਤੇ ਲੁਟਿਆ ਹੈ, ਇਸ ਤੋ ਪਾਠਕ ਵਰਗ ਭਲੀਭਾਂਤ ਜਾਣੂੰ ਹੈ, ਇਹ ਵਿਸ਼ਾ ਵੀ ਵੱਖਰਾ ਹੈ!

ਜੇਕਰ ਅਜੋਕੇ ਹਾਲਾਤਾਂ ਤੇ ਨਜਰਸਾਨੀ ਕਰੀਏ ਤਾਂ ਪੰਜ ਦਰਿਆਵਾਂ ਦੇ ਮਾਲਿਕ ਪੰਜਾਬ ਵਿਚ ਅੱਜ ਪਾਣੀ ਤਾਂ ਬੋਤਲਾਂ 'ਚ ਮਿਲਣ ਲੱਗਾ ਹੈ ਤੇ ਛੇਵਾਂ ਦਰਿਆ ਨਸ਼ਿਆਂ ਦਾ ਪੂਰੇ ਜਾਹੋ ਜਲਾਲ ਨਾਲ ਕੰਢਿਆ ਤੱਕ ਭਰਿਆ ਵਗ ਰਿਹਾ ਹੈ ਜਿਸ ਵਿਚੋ ਅਜੋਕੀ ਜਵਾਨੀ ਬਿਨਾਂ ਕਿਸੇ ਰੋਕ-ਟੋਕ ਡਰੰਮ ਭਰ ਭਰ ਪੀ ਰਹੀ ਹੈ। ਕੋਈ ਰੋਕਣ ਟੋਕਣ ਤੇ ਵਰਜਣ ਵਾਲਾ ਨਹੀ



ਬਲਕਿ ਵਰਜਣ ਵਾਲੇ ਖੁਦ ਇਸ ਵਿਚ ਲਿਪਤ ਹਨ! ਇਸ ਦੀਆਂ ਇਕ ਨਹੀਂ ਹਜ਼ਾਰਾਂ ਉਦਾਹਰਣਾਂ ਜਿਉਂਦਾ ਜਾਗਦਾ ਸਬੂਤ ਨੇ ਉਹ ਇਕ ਅਲੱਗ ਗੱਲ ਹੈ ਕਿ ਸਾਡੇ ਸਮੇ ਦੇ ਹਾਕਮਾਂ ਨੇ ਅੱਖਾਂ ਤੇ ਪੱਟੀ ਬੰਨ ਰੱਖੀ ਹੈ ਜਾਂ ਮਾਇਆ ਨੇ ਮੱਤ ਮਾਰ ਰੱਖੀ ਹੈ!

ਥੋੜਾ ਸਮਾਂ ਪਹਿਲਾਂ ਹੀ "ਚਿੱਟਾ" ਨਾਮ ਦਾ ਇਕ ਨਸ਼ਾ ਪੰਜਾਬ ਦੇ ਗਭਰੂਆਂ ਤੇ ਮੁਟਿਆਰਾਂ ਤੇ ਐਨਾ ਹਾਵੀ ਹੋਇਆ ਹੈ ਕਿ ਪਹਿਲਾਂ ਵਾਲੇ ਨਸ਼ੇ (ਭੁਕੀ, ਅਫੀਮ, ਪੋਸਤ, ਡੋਡੇ, ਸ਼ਰਾਬ ਜਾਂ ਦੇਸੀ ਦਾਰੂ ਜੀਹਨੂੰ ਪੇਂਡੂ ਖਿਤੇ ਵਿਚ ਲਾਹਣ ਦਾ ਨਾਮ ਦਿਤਾ ਸੀ) ਉਸ ਨੂੰ ਅਜੋਕੀ ਜਵਾਨੀ ਵਿਸਾਰ ਹੀ ਚੁੱਕੀ ਹੈ, ਇਕੋ ਇਕ ਸਿੰਥੈਟਿਕ ਨਸ਼ਾ ਜਾਂ ਕਹਿ ਲਓ ਚਿੱਟੇ ਦੀ ਗੁਲਾਮ ਹੋ ਕੇ ਰਹਿ ਗਈ ਹੈ! ਇਸ ਬਹੁਤ ਹੀ ਭਿਆਨਕ ਨਸ਼ੇ ਨੇ ਘਰ ਘਰ ਸੱਥਰ ਵਿਛਾ ਦਿੱਤੇ ਨੇ ਐਸਾ ਇਕ ਵੀ ਦਿਨ ਨਹੀ ਹੁੰਦਾ ਜਿਸ ਦਿਨ ਚਿਟੇ ਨਾਲ ਮਰਨ ਦੀ ਕੋਈ ਸੁਰਖੀ ਅਖਬਾਰ 'ਚ ਨਾ ਹੋਵੇ ਸਗੋ ਕਈ ਕਈ ਦਿਨ ਤਾਂ ਪੂਰਾ ਫਰੰਟ ਪੇਜ ਹੀ ਐਸੀਆਂ ਦਿਲ ਕੰਬਾਊ ਖਬਰਾਂ ਨਾਲ ਭਰਿਆ ਹੁੰਦਾ ਹੈ! ਇਸ ਗੱਲ ਤੋ ਬਿਲਕੁਲ ਨਾਬਰ ਨਹੀ ਹੋਇਆ ਜਾ ਸਕਦਾ ਕਿ ਸਾਡੇ ਦੇਸ਼ ਦੇ ਰਖਵਾਲੇ ਸਿਆ-ਸਤਦਾਨ ਪੁਲਿਸ ਅਫਸਰ ਵੀ ਇਸ ਵਿਚ ਲਿਪਤ ਨੇ ਇਸ ਦੀਆਂ ਉਦਾਹਰਣਾਂ ਮੀਡੀਆ ਰਾਹੀ ਆਮ ਹੀ ਵੇਖਣ ਸੁਨਣ ਨੂੰ ਮਿਲਦੀਆਂ ਨੇ! ਦੋਸਤੋ ਵੇਖਣ ਵਾਲੀ ਗੱਲ ਹੈ ਕਿ ਗੁਰੂਆਂ ਦੀ ਇਸ ਪਾਕਿ ਪਵਿਤਰ ਸਰਜ਼ਮੀਂ ਦਾ ਕੋਈ ਵਾਲੀ ਵਾਰਸ ਕਿਉ ਨਹੀ ਬਣ ਰਿਹਾ ਕੋਈ ਮਰਦ ਅਗੰਮੜਾ ਕੁਰਾਹੇ ਪਈ ਜਵਾਨੀ ਦੀ ਬਾਂਹ ਫੜਕੇ ਸਹੀ ਦਿਸ਼ਾ ਕਿਉ ਨਹੀ ਵਿਖਾ ਰਿਹਾ! ਅਜੋਕੀ ਕੁਲ ਲੁਕਾਈ ਨੂੰ ਐਸੇ ਹਾਲਾਤਾਂ ਵਿਚ ਸੜਕਾਂ ਤੇ ਕਿਉ ਨਿਕਲਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਕਿਉ ਐਸੇ ਐਲਾਨ ਕਰਨੇ ਪੈ ਰਹੇ ਨੇ ਕਿ ਇਕ ਜੁਲਾਈ ਤੋ ਸੱਤ ਜੁਲਾਈ ਤੱਕ ਨਸ਼ੇ ਖਿਲਾਫ ਹਫਤਾ ਮਨਾਉਣਾ ਹੈ, ਕਾਲੀਆਂ ਪੱਟੀਆਂ ਬੰਨਣੀਆਂ ਨੇ ਜਦ ਉਹਨਾਂ ਮਾਪਿਆਂ ਦੇ ਤਾਂ ਉਮਰ ਭਰ ਲਈ ਅੱਖਾਂ ਤੇ ਕਾਲੀਆਂ ਪੱਟੀਆਂ ਗਈਆਂ ਜਿਹਨਾਂ ਦੇ ਨੌਜਵਾਨ ਪੁੱਤਰ ਪੁੱਤਰੀਆਂ ਇਸ ਚਿਟੇ ਦੀ ਭੇਟ ਚੜ੍ਹ ਚੁਕੇ ਨੇ! ਸਾਡੀਆਂ ਸਤਿਕਾਰਤ ਸਰਕਾਰਾਂ ਨੂੰ ਸਮੇ ਰਹਿੰਦੇ ਇਸ ਘਾਤਕ ਬੀਮਾਰੀ ਨੂੰ ਨੱਥ ਪਾਉਣ ਦੀ ਲੋੜ ਹੈ, ਜੇਕਰ ਹੁਣ ਨਹੀ ਤਾਂ ਕਦੇ ਵੀ ਨਹੀ ਵਾਲੀ ਗੱਲ ਹੋਵੇਗੀ! ਲੁਕਾਈ ਨੂੰ ਇਕ ਹਫਤਾ ਨਹੀ ਬਲਕਿ ਸਦਾ ਵਾਸਤੇ ਨਸ਼ਿਆਂ ਦੇ ਵਿਰੁੱਧ ਲਾਮਬੰਦ ਹੋਣ ਦੀ ਅਤਿਅੰਤ ਲੋੜ ਹੈ ਤਾਂ ਕਿ ਹੋਰ ਲਾਸ਼ਾਂ ਇਸ ਭਿਆਨਕ ਨਸ਼ੇ ਨਾਲ ਘਰਾਂ 'ਚੋ ਨਾ ਉਠਣ ਤੇ ਪੰਜਾਬ ਵਿਚ ਪਹਿਲਾਂ ਜਿਹਾ ਮਹੌਲ ਪੈਦਾ ਕੀਤਾ ਜਾ ਸਕੇ!

# ਨਸ਼ੇ ਦੀ ਦਲਦਲ ਵਿੱਚੋਂ ਨੌਜਵਾਨਾਂ ਨੂੰ ਕੱਢਣ ਲਈ ਵੱਡਾ ਸਹਾਰਾ ਬਣ ਰਿਹਾ ਬਟਾਲਾ ਦਾ ਓਟ ਸੈਂਟਰ

**ਬਟਾਲਾ (ਨਰਿੰਦਰ ਬਰਨਾਲ)-** ਪੰਜਾਬ ਸਰਕਾਰ ਵੱਲੋਂ ਅਫ਼ੀਮ, ਹੈਰੋਇਨ ਤੇ ਇਹਨਾਂ 'ਤੇ ਅਧਾਰਿਤ ਨਸ਼ੀਲੇ ਪਦਾਰਥਾਂ ਤੋਂ ਪੀੜਿਤਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਸਥਾਪਿਤ ਕੀਤੇ ਗਏ ਓਟ (ਆਊਟ ਪੇਸ਼ੈਂਟ ਓਪਐਡ ਅਸਿਸਟਡ ਟ੍ਰੀਟਮੈਂਟ) ਸੈਂਟਰ ਨਸ਼ਿਆਂ ਨੂੰ ਅਲਵਿਦਾ ਕਹਿਣ ਦਾ ਤਹੱਈਆ ਕਰਨ ਵਾਲਿਆਂ ਦਾ ਵੱਡਾ ਸਹਾਰਾ ਬਣ ਕੇ ਉਭਰੇ ਹਨ। ਪੰਜਾਬ ਵਿੱਚ ਵੱਖ-ਵੱਖ ਥਾਵਾਂ ਤੇ ਸਥਾਪਤ ਕੀਤੇ ਗਏ ਇੰਨਾਂ ਓਟ ਸੈਂਟਰਾਂ ਵਿੱਚੋਂ ਮਾਤਾ ਸੁਲੱਖਣੀ ਜੀ ਸਿਵਲ ਹਸਪਤਾਲ ਬਟਾਲਾ ਵਿਖੇ ਓਟ ਸੈਂਟਰ ਵਿੱਚ ਹੁਣ ਤੱਕ ਨਸ਼ਿਆਂ ਤੋਂ ਕਿਨਾਰਾ ਕਰਨ ਵਾਲੇ 60 ਤੋਂ ਵਧੇਰੇ ਨੌਜੁਆਨ ਆਪਣੀ ਰਜਿਸਟ੍ਰੇਸ਼ਨ ਕਰਵਾ ਚੁੱਕੇ ਹਨ।

ਓਟ ਸੈਂਟਰ ਬਟਾਲਾ ਦੇ ਇੰਚਾਰਜ ਡਾ. ਜਸਕਰਨ ਸਿੰਘ ਨੇ ਦੱਸਿਆ ਕਿ ਜਦੋਂ ਵੀ ਕੋਈ ਮਰੀਜ਼ ਉਹਨਾਂ ਕੋਲ ਆਉਂਦਾ ਹੈ ਤਾਂ ਸਭ ਤੋਂ ਪਹਿਲਾਂ ਉਸ ਦੀ ਕਾਊਂਸਲਿੰਗ ਕੀਤੀ ਜਾਂਦੀ ਹੈ। ਉਸ ਤੋਂ ਬਾਅਦ ਨਸ਼ੇ ਦਾ ਸੇਵਨ ਕਰਨ ਵਾਲੇ ਵਿਅਕਤੀ ਦਾ ਚੈੱਕ ਅਪ ਕਰਕੇ ਉਸ ਨੂੰ ਯੂਨੀਕ ਆਈ.ਡੀ. ਦਿੱਤੀ ਜਾਂਦੀ ਹੈ। ਇਸ ਉਪਰੰਤ ਉਸਦਾ ਮੋਰਫ਼ੀਨ ਕਿੱਟ ਨਾਲ ਟੈਸਟ ਕੀਤਾ ਜਾਂਦਾ ਹੈ ਅਤੇ ਪਤਾ ਲਗਾਇਆ ਜਾਂਦਾ ਹੈ ਕਿ







ਉਹ ਕਿਸ ਤਰਾਂ ਦਾ ਨਸ਼ਾ ਕਰ ਰਿਹਾ ਹੈ। ਇਸ ਤੋ ਬਾਅਦ ਉਸ ਦਾ ਇਲਾਜ ਸ਼ੁਰੂ ਕਰ ਦਿੱਤਾ ਜਾਂਦਾ ਹੈ। ਡਾ. ਜਸਕਰਨ ਨੇ ਦੱਸਿਆ ਕਿ ਨਸ਼ੇ ਦਾ ਇਲਾਜ ਕਰਾ ਰਹੇ ਵਿਅਕਤੀ ਦੇ ਸਿਵਲ ਹਸਪਤਾਲ ਬਟਾਲਾ ਤੋਂ ਐਚ.ਆਈ.ਵੀ., ਹੈਪੇਟਾਈਟਸ-ਸੀ ਤੇ ਬੀ ਦੇ ਟੈਸਟ ਵੀ ਕਰਵਾਏ ਜਾਂਦੇ ਹਨ, ਜੇਕਰ ਇਹਨਾਂ 'ਚੋਂ ਕਿਸੇ ਵੀ ਟੈਸਟ 'ਚ ਉਹ ਪਾਜ਼ੇਟਿਵ ਆਉਂਦਾ ਹੈ ਤਾਂ ਉਸ ਦਾ ਇਲਾਜ ਵੀ ਨਾਲ ਹੀ ਸ਼ੁਰੂ ਕਰਵਾਇਆ ਜਾਂਦਾ ਹੈ। ਡਾ. ਜਸਕਰਨ ਨੇ ਕਿਹਾ ਕਿ ਇੱਕੋ ਹੀ ਸਰਿੰਜ ਵਰਤਣ ਕਾਰਨ ਐਚ.ਆਈ.ਵੀ. ਅਤੇ ਹੈਪੇਟਾਈਟਸ-ਸੀ ਤੋਂ ਗ੍ਰਸਤ ਹੋਣ ਦੀ ਸੰਭਾਵਨਾ ਵਧੇ ਹੋ ਜਾਂਦੀ ਹੈ। ਡਾ. ਜਸਕਰਨ ਸਿੰਘ ਨੇ ਦੱਸਿਆ ਕਿ ਨਸ਼ਾ ਛੁਡਾਉਣ ਦੇ ਇਲਾਜ ਦੌਰਾਨ ਪਹਿਲੇ ਦਿਨ ਇੱਕ ਅਤੇ ਗੋਲੀ ਜੇਕਰ ਲੋੜ ਪਵੇ ਤਾਂ ਅਗਲੇ ਦੋ ਦਿਨ ਡੋਜ਼ ਵਧਾ ਕੇ ਦੇਖੀ ਜਾਂਦੀ ਹੈ। ਉਹਨਾਂ ਦੱਸਿਆ ਕਿ ਦਵਾਈ ਦੀ ਮਿਕਦਾਰ ਸਬੰਧਤ ਵਿਅਕਤੀ ਦੇ ਨਸ਼ੇ ਦੀ ਮਾਤਰਾ ਦੇ ਸੇਵਨ 'ਤੇ ਨਿਰਭਰ ਕਰਦੀ ਹੈ। ਇਹ ਦਵਾਈ ਉਸ ਨੂੰ ਰੋਜ਼ਾਨਾ ਓਟ ਸੈਂਟਰ ਆ ਕੇ ਡਾਕਟਰ ਦੇ ਸਾਹਮਣੇ ਖਾਣੀ ਪੈਂਦੀ ਹੈ। ਉਹਨਾਂ ਕਿਹਾ ਕਿ ਦਵਾਈ ਲੈ ਰਹੇ ਮਰੀਜ ਨੂੰ ਓਟ ਸੈਂਟਰ ਵਲੋਂ ਇਕ ਯੂਨੀਕ ਆਈ.ਡੀ. ਦਿੱਤੀ ਜਾਂਦੀ ਹੈ ਜੋ ਅਧਾਰ ਕਾਰਡ ਨਾਲ ਵੀ ਲਿੰਕ ਹੁੰਦੀ ਹੈ। ਜੇਕਰ ਮਰੀਜ ਕੰਮ ਦੇ ਸਿਲਸਲੇ ਲਈ ਕਿਤੇ ਦੂਰ ਗਿਆ ਹੈ ਤਾਂ ਉਹ ਉਥੋਂ ਨੇੜੇ ਦੇ ਸਰਕਾਰੀ ਓਟ ਸੈਂਟਰ ਵਿੱਚ ਜਾ ਕੇ ਆਪਣੀ ਆਈ.ਡੀ. ਦੱਸ ਕੇ ਉਥੋਂ ਵੀ ਦਵਾਈ ਲੈ ਸਕਦਾ ਹੈ।

ਡਾ. ਜਸਕਰਨ ਸਿੰਘ ਨੇ ਕਿਹਾ ਕਿ ਨਸ਼ਾ ਇੱਕ ਮਾਨਸਿਕ ਬਿਮਾਰੀ ਹੈ ਅਤੇ ਇਸਨੂੰ ਸਹੀ ਇਲਾਜ ਦੇ ਜਰੀਏ ਅਸਾਨੀ ਨਾਲ ਛੱਡਿਆ ਜਾ ਸਕਦਾ ਹੈ। ਉਹਨਾਂ ਨਸ਼ਾ ਕਰ ਰਹੇ ਵਿਅਕਤੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਦੇ ਕੋਹੜ ਤੋਂ ਮੁਕਤੀ ਪਾਉਣ ਲਈ ਬਟਾਲਾ ਦੇ ਓਟ ਸੈਂਟਰ ਵਿੱਚ ਆਉਣ ਜਿਥੇ ਉਹਨਾਂ ਦਾ ਮੁਫ਼ਤ ਇਲਾਜ ਕਰਕੇ ਉਹਨਾਂ ਨੂੰ ਨਸ਼ਿਆਂ ਤੋਂ ਮੁਕਤੀ ਦਿਵਾਈ ਜਾਵੇਗੀ।

### 9 ਜੁਲਾਈ ਸ਼ਹੀਦੀ ਦਿਵਸ 'ਤੇ

# ਸਿਦਕੀ ਸਿੱਖ:- ਸ਼ਹੀਦ ਭਾਈ ਮਨੀ ਸਿੰਘ

ਰਮੇਸ਼ ਬੱਗਾ ਚੋਹਲਾ
+91-94631-13271

ਸਿੱਖ ਇਤਿਹਾਸ ਦੇ ਪੰਨਿਆਂ ਨੂੰ ਜੇਕਰ ਪੂਰੀ ਗਹੁ ਨਾਲ ਦੇਖਿਆ ਜਾਵੇ ਤਾਂ ਇਨ੍ਹਾਂ ਪੰਨਿਆਂ ਦੀ ਇਬਾਰਤ ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਹੋਈ ਦਿਖਾਈ ਦਿੰਦੀ ਹੈ। ਇਸ ਇਬਾਰਤ ਦੀ ਬਣਾਵਟ ਅਤੇ ਸਜਾਵਟ ਵਿਚ ਦੁੱਧ ਪੀਂਦੇ ਬੱਚਿਆਂ ਤੋਂ ਲੈ ਕੇ ਪੰਝੱਤਰ-ਅੱਸੀ ਸਾਲ ਦੇ ਬਾਬਿਆਂ ਦੇ ਬਲੀਦਾਨ ਦੀ ਇਕ ਅਨੋਖੀ ਅਤੇ ਦਲੇਰਾਨਾ ਪਹੁੰਚ ਕੰਮ ਕਰ ਰਹੀ ਹੈ। ਇਹ ਇਬਾਰਤ ਇਸ ਗੱਲ ਨੂੰ ਤਸਦੀਕ ਕਰਦੀ ਹੈ ਕਿ ਇਸ ਦੇ ਸਿਰਜਕਾਂ ਨੇ ਆਪਣੇ ਸਰੀਰ ਦੇ ਬੰਦ-ਬੰਦ ਤਾਂ ਹੱਸ ਕੇ ਕਟਵਾ ਲਏ ਪਰ ਕਿਸੇ ਵੀ ਕੀਮਤ 'ਤੇ ਸਿੱਖੀ ਦੇ ਸਿਧਾਂਤਾਂ ਨੂੰ ਢਾਹ ਨਹੀਂ ਲੱਗਣ ਦਿੱਤੀ।

ਜਦੋਂ ਵੀ ਕਦੇ ਮਨੁੱਖੀ ਕਦਰਾਂ-ਕੀਮਤਾਂ ਜਾਂ ਇਨਸਾਨੀਅਤ ਨਾਲ ਜੁੜੇ ਪੱਖਾਂ ਦੀ ਪਹਿਰੇਦਾਰੀ ਦਾ ਵਕਤ ਆਇਆ ਤਾਂ ਸਿੱਖ ਸ਼ਹੀਦਾਂ ਨੇ ਵਕਤ ਦੇ ਹਾਕਮਾਂ ਤੋਂ ਕਿਸੇ ਕਿਸਮ ਦੀ ਕੋਈ ਰਿਆਇਤ ਨਹੀਂ ਮੰਗੀ। ਸਗੋਂ ਅਣਮਨੁੱਖੀ ਤਸੀਹਿਆਂ ਨੂੰ ਵੀ 'ਉਸ ਦੀ' ਰਜ਼ਾ ਸਮਝ ਕੇ ਸਹਿਣ ਕਰ ਲਿਆ। ਇਸੇ ਤਰ੍ਹਾਂ ਦੀ ਸਹਿਣਸ਼ੀਲਤਾ ਦਾ ਪ੍ਰਗਟਾਵਾ ਕਰਨ ਵਾਲਿਆਂ ਵਿਚ ਹੀ ਸ਼ਾਮਲ ਹੈ, ਭਾਈ ਮਨੀ ਸਿੰਘ ਜੀ ਸ਼ਹੀਦ ਦਾ ਨਾਮ।

ਭਾਈ ਮਨੀ ਸਿੰਘ ਜੀ ਦੇ ਜਨਮ ਬਾਬਤ ਕਈਆਂ ਲੇਖਕਾਂ ਵਿਚ ਕੁਝ ਮਤਭੇਦ ਵੀ ਬਰਕਰਾਰ ਹਨ। ਪਰ ਭੱਟ ਵਹੀਆਂ ਅਤੇ ਪੰਡਾ ਵਹੀਆਂ ਦੀ ਲਿਖਤ ਅਨੁਸਾਰ ਭਾਈ ਸਾਹਿਬ ਦਾ ਜਨਮ 10 ਮਾਰਚ ੧੬੪੪ ਈ: ਨੂੰ ਪਿਤਾ ਭਾਈ ਮਾਈਦਾਸ ਅਤੇ ਮਾਤਾ ਮਧਰੀ ਬਾਈ ਦੀ ਕੁੱਖੋਂ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ਫ਼ਰਗੜ੍ਹ (ਪਾਕਿਸਤਾਨ) ਵਿਖੇ ਹੋਇਆ।

ਭਾਈ ਮਨੀ ਸਿੰਘ ਦੇ ਪਰਵਾਰ ਦਾ ਨਾਤਾ ਗੁਰੂ ਨਾਨਕ ਪਾਤਸ਼ਾਹ ਦੇ ਘਰ ਨਾਲ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੋਂ ਹੀ ਜੁੜਦਾ ਹੈ ਕਿਉਂਕਿ ਭਾਈ ਸਾਹਿਬ ਦੇ ਦਾਦਾ ਭਾਈ ਬਲੂ ਰਾਉ ਛੇਵੇਂ ਪਾਤਸ਼ਾਹ ਦੇ ਸਿਰਕੱਢਵੇਂ ਜਰਨੈਲ ਸਨ। ਭਾਈ ਮਾਈਦਾਸ ਦੇ ਇਕ ਦਰਜਨ ਸਪੁੱਤਰ ਸਨ ਜਿਨ੍ਹਾਂ ਵਿੱਚੋਂ 11 ਸਪੁੱਤਰਾਂ ਨੇ ਸਿੱਖ ਆਦਰਸ਼ਾਂ ਦੀ ਰਾਖਵਾਲੀ ਕਰਦਿਆਂ ਆਪਣੀਆਂ ਜਾਨਾਂ ਤਕ ਦੀ ਪਰਵਾਹ ਨਹੀਂ ਕੀਤੀ।

ਜਦੋਂ ਭਾਈ ਮਨੀ ਸਿੰਘ ਦੀ ਉਮਰ 13 ਸਾਲ ਦੀ ਹੋਈ ਤਾਂ ਭਾਈ ਮਾਈਦਾਸ ਉਸ ਨੂੰ ਨਾਲ ਲੈ ਕੇ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਬਾਰ ਸ੍ਰੀ ਕੀਰਤਪੁਰ ਸਾਹਿਬ ਵਿਖੇ ਆ ਨਤਮਸਤਕ ਹੋਇਆ। ਜਦੋਂ ਬਾਲਕ ਮਨੀਏ (ਭਾਈ ਮਨੀ ਸਿੰਘ ਜੀ) ਨੇ ਸਤਵੇਂ ਪਾਤਸ਼ਾਹ ਦੇ ਚਰਨਾਂ 'ਤੇ ਮੱਥਾ ਟੇਕਿਆ ਤਾਂ ਉਸ ਦੇ ਸੁੰਦਰ ਸਰੂਪ ਨੂੰ ਦੇਖ ਕੇ ਗੁਰੂ ਸਾਹਿਬ ਕਹਿਣ ਲੱਗੇ, "ਮਨੀਆ ਗੁਨੀਆ ਹੋਵੇਗਾ ਬੀਚ ਜਗ ਸਾਰੇ।" ਦੋ ਸਾਲ ਗੁਰੂ ਘਰ ਦੇ ਜੂਠੇ ਬਰਤਨਾਂ ਨੂੰ ਮਾਂਜਦਿਆਂ ਬਾਲਕ ਮਨੀਏ ਨੇ ਆਪਣੇ ਮਨ ਦੀ ਮੈਲ ਗੁਆ ਲਈ ਅਤੇ ਇਕ ਨਿਰਮਲ ਅਤੇ ਨਿਰਛੱਲ ਹਿਰਦੇ ਦਾ ਮਾਲਕ ਬਣ ਗਿਆ।

ਜਦੋਂ ਭਾਈ ਮਨੀਏ ਦੀ ਉਮਰ ੧੬ ਕੁ ਸਾਲ ਤਕ ਪਹੁੰਚੀ ਤਾਂ ਉਸ ਦਾ ਅਨੰਦ ਕਾਰਜ ਬੀਬੀ ਸੀਤੋ ਪੁੱਤਰੀ ਭਾਈ ਲੱਖੀਸ਼ਾਹ ਵਾਸੀ ਖੈਰਪੁਰ ਨਾਲ ਹੋ ਗਿਆ। ਅਨੰਦ ਕਾਰਜ ਦੀ ਸੰਪੂਰਨਤਾ ਤੋਂ ਬਾਅਦ ਭਾਈ ਮਨੀ ਸਿੰਘ ਆਪਣੇ ਦੋ ਭਰਾਵਾਂ ਭਾਈ ਜੇਠਾ ਅਤੇ ਭਾਈ ਦਿਆਲਾ ਜੀ ਸਮੇਤ ਮੁੜ ਕੀਰਤਪੁਰ ਸਾਹਿਬ ਆ ਗਏ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਜੀ ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਸੇਵਾ ਵਿਚ ਜੁੱਟ ਗਏ। ਅਠਵੇਂ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਬਾਬੇ ਬਕਾਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਆ ਗਏ।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪੂਰਬ ਦੀ ਬਾਹੀ ਵੱਲ ਧਰਮ ਪ੍ਰਚਾਰ ਕਰ ਕੇ ਵਾਪਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਗਏ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੀ ਹਾਜ਼ਰੀ ਇੱਥੇ ਲਗਵਾਉਣੀ ਸ਼ੁਰੂ ਕਰ ਦਿੱਤੀ। ਗੁਰੂ ਸਾਹਿਬ ਨੇ ਭਾਈ ਸਾਹਿਬ ਨੂੰ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰਨ ਦੀ ਸੇਵਾ-ਸੰਭਾਲ ਦਿੱਤੀ। ਜਿਸ ਨੂੰ ਆਪ ਨੇ ਬੜੀ ਹੀ ਤਨਦੇਹੀ ਨਾਲ ਨਿਭਾਇਆ।

ਮਜ਼ਲੂਮਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਲਈ ਜਦੋਂ ਨੌਵੇਂ ਗੁਰੂ ਹਿੰਦ ਦੀ ਚਾਦਰ ਬਣ ਕੇ ਦਿੱਲੀ ਵੱਲ ਨੂੰ ਰਵਾਨਾ ਹੋਏ ਤਾਂ ਭਾਈ ਮਨੀ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਹੀ ਰਹਿ ਗਏ। ਦਸਮ ਪਿਤਾ ਦੀ ਹਜ਼ੂਰੀ ਵਿਚ ਰਹਿ ਕੇ ਭਾਈ ਸਾਹਿਬ ਦੀ ਬੌਧਿਕਤਾ ਵਿਚ ਕਾਫ਼ੀ ਨਿਖ਼ਾਰ ਆ ਗਿਆ। ਇਸ ਨਿਖ਼ਾਰ ਸਦਕਾ ਉਹ ਸਿੱਖ ਧਰਮ ਦੇ ਮਹਾਨ ਵਿਦਵਾਨ ਬਣ ਗਏ। ਜਦੋਂ ਭੰਗਾਣੀ ਦਾ ਯੁੱਧ ਹੋਇਆ ਤਾਂ ਉਸ ਵਕਤ ਭਾਈ ਮਨੀ ਸਿੰਘ ਜੀ ਨੇ ਗੁਰੂ ਸਾਹਿਬ ਦਾ ਡਟਵਾਂ ਸਾਥ ਦਿੱਤਾ। ਇਸ ਜੰਗ ਵਿਚ ਉਨ੍ਹਾਂ ਦੇ ਭਰਾ ਹਰੀ ਚੰਦ ਸ਼ਹਾਦਤ ਦਾ ਜਾਮ ਪੀ ਗਏ।

ਜਦੋਂ ਇਕ ਸਾਲ ਬਾਅਦ ਨਦੌਣ ਦੀ ਲੜਾਈ ਲੜੀ ਗਈ ਤਾਂ ਭਾਈ ਸਾਹਿਬ ਦੀ ਬਹਾਦਰੀ ਅਤੇ ਵਫ਼ਾਦਾਰੀ ਨੂੰ ਮੁੱਖ ਰੱਖਦਿਆਂ ਗੁਰੂ ਸਾਹਿਬ ਵੱਲੋਂ ਇਨ੍ਹਾਂ ਨੂੰ ਦੀਵਾਨ ਦੀ ਉਪਾਧੀ ਬਖ਼ਸ਼ਿਸ਼ ਕੀਤੀ ਗਈ।

1699 ਈ: ਵਿਚ ਜਦੋਂ ਪਾਤਸ਼ਾਹ ਨੇ ਵੈਸਾਖੀ ਦੇ ਦਿਹਾੜੇ 'ਤੇ ਖਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੇ ਭਰਾਵਾਂ ਅਤੇ ਪੁੱਤਰਾਂ ਸਮੇਤ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕੀਤੀ। ਆਪ ਜੀ ਦਾ ਨਾਮ ਭਾਈ ਮਨੀਏ ਤੋਂ ਭਾਈ ਮਨੀ ਸਿੰਘ ਹੋ ਗਿਆ। ਇਸ ਤਰ੍ਹਾਂ ਗੁਰੂ-ਦਰਬਾਰ ਵਿਚ ਉਨ੍ਹਾਂ ਦਾ ਮਾਣ-ਸਤਿਕਾਰ ਪਹਿਲਾਂ ਤੋਂ ਵੀ ਵਧ ਗਿਆ। ਸੂਰਬੀਰ ਹੋਣ ਦੇ ਨਾਲ-ਨਾਲ ਆਪ ਆਪਣੇ ਸਮੇਂ ਦੇ ਸਥਾਪਿਤ ਕਥਾ-ਵਾਚਕ ਵੀ ਸਨ। ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਰੋਜ਼ਾਨਾ ਹੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਿਆ ਕਰਦੇ ਸਨ।

ਸ੍ਰੀ ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਸਮੇਂ ਜਦੋਂ ਪਹਾੜੀ ਰਾਜਿਆਂ ਨੇ ਹਾਥੀ ਨੂੰ ਸ਼ਰਾਬ ਨਾਲ ਮਸਤਾਇਆ ਸੀ ਤਾਂ ਉਸ ਦਾ ਮੂੰਹ-ਤੋੜ ਜਵਾਬ ਵੀ ਭਾਈ ਮਨੀ ਸਿੰਘ ਦੇ ਫ਼ਰਜੰਦਾਂ ਭਾਈ ਬਚਿੱਤਰ ਸਿੰਘ ਅਤੇ ਭਾਈ ਉਦੈ ਸਿੰਘ ਨੇ ਹੀ ਦਿੱਤਾ ਸੀ। ਇਨ੍ਹਾਂ ਦੋਵਾਂ ਦੀ ਬਹਾਦਰੀ ਤੋਂ ਪ੍ਰਸੰਨ ਹੋ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਇਕ ਵਿਸ਼ੇਸ਼ ਹੁਕਮਨਾਮੇ ਦੀ ਬਖ਼ਸ਼ਿਸ਼ ਕਰ ਦਿੱਤੀ।

ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਚਮਕੌਰ ਸਾਹਿਬ ਦੀ ਕੱਚੀ ਗੜੀ ਤਕ ਜਿੱਥੇ ਦਸਵੇਂ ਪਾਤਸ਼ਾਹ ਦਾ ਪਰਵਾਰ ਅਤੇ ਜਾਨ ਤੋਂ ਪਿਆਰੇ ਸਿੰਘ ਸ਼ਹੀਦ ਹੋ ਗਏ, ਉੱਥੇ ਭਾਈ ਮਨੀ ਸਿੰਘ ਦੇ ਪੰਜ ਪੁੱਤਰ ਵੀ ਸਿੱਖ ਧਰਮ ਤੋਂ ਕੁਰਬਾਨ ਹੋ ਗਏ। ਸ੍ਰੀ ਮੁਕਤਸਰ ਦੀ ਲੜਾਈ ਤੋਂ ਬਾਅਦ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਵਿਖੇ ਪਹੁੰਚੇ ਤਾਂ ਭਾਈ ਮਨੀ ਸਿੰਘ ਨੇ ਵੀ ਉੱਥੇ ਪਹੁੰਚ ਕੇ ਨਮਸਕਾਰ ਕੀਤੀ। ਗੁਰੂ ਸਾਹਿਬ ਨੇ ਭਾਈ ਸਾਹਿਬ ਤੋਂ ਦਮਦਮੀ ਬੀੜ ਲਿਖਵਾਈ ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵੀ ਦਰਜ ਕੀਤੀ ਗਈ। ਸੰਨ 1721 ਤੋਂ ਭਾਈ ਮਨੀ ਸਿੰਘ ਜੀ ਸਿੱਖ ਕੌਮ ਦੀ ਰਹਿਨੁਮਾਈ ਕਰ ਰਹੇ ਸਨ।

ਦੀਵਾਲੀ ਅਤੇ ਵੈਸਾਖੀ ਦੇ ਤਿਉਹਾਰਾਂ ਮੌਕੇ ਉਹ ਅਕਸਰ ਇਕ ਵੱਡਾ ਇਕੱਠ ਕਰ ਕੇ ਸਿੱਖ ਸੰਗਤਾਂ ਨੂੰ ਆਪਸ ਵਿਚ ਮਿਲਾਉਣ/ਬੈਠਾਉਣ ਦਾ ਯਤਨ ਕਰਿਆਕਰਦੇ ਸਨ। ਇਨ੍ਹਾਂ ਮਿਲਣੀਆਂ/ਬੈਠਕਾਂ ਸਦਕਾ ਹੀ ਸਿੱਖ ਕੌਮ ਸੰਕਟਕਾਲੀਨ ਸਮਿਆਂ ਵਿਚ ਵੀ ਚੜ੍ਹਦੀ ਕਲਾ ਵਿਚ ਰਹਿੰਦੀ ਰਹੀ ਹੈ।

70 ਸਾਲ ਉਮਰ ਹੋ ਜਾਣ ਕਰਕੇ ਭਾਈ ਮਨੀ ਸਿੰਘ ਦਾ ਸਰੀਰ ਬੇਸ਼ੱਕ, ਕੁਝ ਕਮਜ਼ੋਰ ਪੈ ਰਿਹਾ ਸੀ ਪਰ ਉਨ੍ਹਾਂ ਵਿਚ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦਾ ਉਤਸ਼ਾਹ ਅਜੇ ਵੀ ਜਵਾਨ ਸੀ। ਸੰਮਤ 1790 ਬਿਕ੍ਰਮੀ ਦਾ ਦੀਵਾਲੀ ਦਾ ਪੁਰਬ ਨੇੜੇ ਆ ਰਿਹਾ ਸੀ।

ਇਸ ਸਮੇਂ ਆਪ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਸੇਵਾ-ਸੰਭਾਲ ਮੁੱਖ ਗ੍ਰੰਥੀ ਦੇ ਰੂਪ ਵਿਚ ਕਰ ਰਹੇ ਸਨ। ਇਸ ਪੁਰਬ ਨੂੰ ਮਨਾਉਣ ਲਈ ਭਾਈ ਸਾਹਿਬ ਆਪਣੇ ਸਾਥੀਆਂ ਸ. ਸੁਬੇਗ ਸਿੰਘ ਅਤੇ ਸ. ਸੂਰਤ ਸਿੰਘ ਨੂੰ ਨਾਲ ਲੈ ਕੇ ਲਾਹੌਰ ਦੇ ਸੂਬੇਦਾਰ ਜ਼ਕਰੀਆਂ ਖਾਨ ਕੋਲ ਗਏ।

ਸੂਬੇਦਾਰ ਨੇ 10,000 ਦੀ ਰਕਮ ਜਜ਼ੀਏ ਵਜੋਂ ਮੰਗ ਲਈ ਜੋ ਭਾਈ ਮਨੀ ਸਿੰਘ ਨੇ ਮੇਲੇ ਉਪਰੰਤ ਦੇਣੀ ਮੰਨ ਲਈ। ਆਪਸੀ ਸਹਿਮਤੀ ਹੋਣ ਦੇ ਬਾਵਜੂਦ ਵੀ ਲਾਹੌਰ ਦੇ ਸੂਬੇਦਾਰ ਦਾ ਮਨ ਬੇਈਮਾਨ ਹੋ ਗਿਆ। ਇਸ ਬੇਈਮਾਨੀ ਤਹਿਤ ਉਸ ਨੇ ਮੇਲੇ 'ਤੇ ਜੁੜਨ ਵਾਲੀਆਂ ਸੰਗਤਾਂ ਨੂੰ ਖ਼ਤਮ ਕਰਨ ਦੀ ਠਾਣ ਲਈ। ਜਦੋਂ ਭਾਈ ਮਨੀ ਸਿੰਘ ਜੀ ਨੂੰ ਇਸ ਗੱਲ ਦੀ ਭਿਣਕ ਪਈ ਤਾਂ ਉਨ੍ਹਾਂ ਨੇ ਸੰਗਤਾਂ/ਖਾਲਸੇ ਨੂੰ ਉੱਥੇ ਆਉਣ ਤੋਂ ਰੋਕਣ ਲਈ ਸਿੰਘਾਂ ਨੂੰ ਭੇਜਿਆ। ਜਿਸ ਕਰਕੇ ਸੰਗਤਾਂ ਦਾ ਇਕੱਠ ਨਹੀਂ ਹੋਇਆ। ਭਾਈ ਮਨੀ ਸਿੰਘ ਜੀ ਨੇ ਹਕੂਮਤ ਦੇ ਇਸ ਵਿਹਾਰ ਦੀ ਨਿਖੇਧੀ ਕੀਤੀ।

ਜ਼ਕਰੀਆ ਖਾਨ ਨੇ ਭਾਈ ਸਾਹਿਬ ਕੋਲੋਂ ਜਜ਼ੀਏ ਦੀ ਰਕਮ ਵਸੂਲ ਕਰਨੀ ਚਾਹੀ, ਪਰ ਜਵਾਬ ਵਿਚ ਭਾਈ ਮਨੀ ਸਿੰਘ ਨੇ ਕਿਹਾ ਕਿ, "ਇਕੱਠ ਤਾਂ ਤੁਸੀਂ ਹੋਣ ਨਹੀਂ ਦਿੱਤਾ ਫਿਰ ਕਿਹੜੀ ਰਕਮ ਦੀ ਗੱਲ ਕਰਦੇ ਹੋ?" ਭਾਈ ਮਨੀ ਸਿੰਘ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਦਰਬਾਰ ਵਿਚ ਪੇਸ਼ ਕੀਤਾ ਗਿਆ। ਜ਼ਕਰੀਆਂ ਖਾਨ ਨੇ ਜੁਰਮਾਨਾ ਨਾ ਭਰਨ ਦੀ ਸੂਰਤ ਵਿਚ ਇਸਲਾਮ ਕਬੂਲ ਕਰਨ ਦੀ ਸ਼ਰਤ ਰੱਖ ਦਿੱਤੀ ਜੋ ਭਾਈ ਸਾਹਿਬ ਨੇ ਅਪ੍ਰਵਾਨ ਕਰ ਦਿੱਤੀ। ਕੋਈ ਗੱਲ ਨਾ ਬਣਦੀ ਦੇਖ ਕੇ ਲਾਹੌਰ ਦੇ ਸੂਬੇਦਾਰ ਨੇ ਭਾਈ ਸਾਹਿਬ ਦੇ ਸਰੀਰ ਦਾ ਬੰਦ-ਬੰਦ ਕੱਟਣ ਦਾ ਹੁਕਮ ਦੇ ਦਿੱਤਾ।

ਹੁਕਮ ਦੀ ਤਮੀਲ ਕਰਨ ਹਿਤ ਸਿਪਾਹੀ ਉਨ੍ਹਾਂ ਨੂੰ ਸ਼ਾਹੀ ਕਿਲ੍ਹੇ ਦੇ ਮੈਦਾਨ ਵਿਚ ਲੈ ਗਏ। ਭਾਈ ਮਨੀ ਸਿੰਘ ਨੇ ਇਸ ਸਜ਼ਾ ਨੂੰ ਵਾਹਿਗੁਰੂ ਦਾ ਭਾਣਾ ਸਮਝ ਕੇ ਸਵੀਕਾਰ ਕਰ ਲਿਆ ਅਤੇ ਸ਼ਹਾਦਤ ਦਾ ਜਾਮ ਪੀ ਗਏ।

****************



**70 ਸਾਲ ਉਮਰ ਹੋ ਜਾਣ ਕਰਕੇ ਭਾਈ ਮਨੀ ਸਿੰਘ ਦਾ ਸਰੀਰ ਬੇਸ਼ੱਕ, ਕੁਝ ਕਮਜ਼ੋਰ ਪੈ ਰਿਹਾ ਸੀ ਪਰ ਉਨ੍ਹਾਂ ਵਿਚ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦਾ ਉਤਸ਼ਾਹ ਅਜੇ ਵੀ ਜਵਾਨ ਸੀ। ਸੰਮਤ 1790 ਬਿਕ੍ਰਮੀ ਦਾ ਦੀਵਾਲੀ ਦਾ ਪੁਰਬ ਨੇੜੇ ਆ ਰਿਹਾ ਸੀ। ਇਸ ਸਮੇਂ ਆਪ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਸੇਵਾ-ਸੰਭਾਲ ਮੁੱਖ ਗ੍ਰੰਥੀ ਦੇ ਰੂਪ ਵਿਚ ਕਰ ਰਹੇ ਸਨ। ਇਸ ਪੁਰਬ ਨੂੰ ਮਨਾਉਣ ਲਈ ਭਾਈ ਸਾਹਿਬ ਆਪਣੇ ਸਾਥੀਆਂ ਸ. ਸੁਬੇਗ ਸਿੰਘ ਅਤੇ ਸ. ਸੂਰਤ ਸਿੰਘ ਨੂੰ ਨਾਲ ਲੈ ਕੇ ਲਾਹੌਰ ਦੇ ਸੂਬੇਦਾਰ ਜ਼ਕਰੀਆਂ ਖਾਨ ਕੋਲ ਗਏ। ਸੂਬੇਦਾਰ ਨੇ 10,000 ਦੀ ਰਕਮ ਜਜ਼ੀਏ ਵਜੋਂ ਮੰਗ ਲਈ ਜੋ ਭਾਈ ਮਨੀ ਸਿੰਘ ਨੇ ਮੇਲੇ ਉਪਰੰਤ ਦੇਣੀ ਮੰਨ ਲਈ। ਆਪਸੀ ਸਹਿਮਤੀ ਹੋਣ ਦੇ ਬਾਵਜੂਦ ਵੀ ਲਾਹੌਰ ਦੇ ਸੂਬੇਦਾਰ ਦਾ ਮਨ ਬੇਈਮਾਨ ਹੋ ਗਿਆ। ਇਸ ਬੇਈਮਾਨੀ ਤਹਿਤ ਉਸ ਨੇ ਮੇਲੇ 'ਤੇ ਜੁੜਨ ਵਾਲੀਆਂ ਸੰਗਤਾਂ ਨੂੰ ਖ਼ਤਮ ਕਰਨ ਦੀ ਠਾਣ ਲਈ। ਜਦੋਂ ਭਾਈ ਮਨੀ ਸਿੰਘ ਜੀ ਨੂੰ ਇਸ ਗੱਲ ਦੀ ਭਿਣਕ ਪਈ ਤਾਂ ਉਨ੍ਹਾਂ ਨੇ ਸੰਗਤਾਂ/ਖਾਲਸੇ ਨੂੰ ਉੱਥੇ ਆਉਣ ਤੋਂ ਰੋਕਣ ਲਈ ਸਿੰਘਾਂ ਨੂੰ ਭੇਜਿਆ।**

### ਜੇਹਾ ਡਿਸਿਆ, ਤੇਹਾ ਲਿਖਿਆ

# ਰਾਹੁਲ ਗਾਂਧੀ ਤੇ ਅਮਰਿੰਦਰ ਸਿੰਘ ਪੰਜਾਬ ਦੀਆਂ ਮਾਂਵਾਂ ਦੇ ਵੈਣ ਸੁਣ ਕੇ ਚੁੱਪ ਕਿਉਂ?



ਮਨਦੀਪ ਖੁਰਮੀ ਹਿੰਮਤਪੁਰਾ

ਸਭ ਨੂੰ ਯਾਦ ਹੋਣੈ ਕਿ ਜਦੋਂ 2012 ਵਿੱਚ ਅਕਾਲੀ ਸਰਕਾਰ ਦਾ ਕਾਰਜਕਾਲ ਪੂਰੇ ਜ਼ੋਬਨ 'ਤੇ ਸੀ, ਤਾਂ 11 ਅਕਤੂਬਰ 2012 ਨੂੰ ਚੰਡੀਗੜ੍ਹ ਰੈਲੀ ਵਿੱਚ ਰਾਹੁਲ ਗਾਂਧੀ ਨੇ ਇਹ ਕਹਿ ਕੇ ਨਵੀਂ ਚਰਚਾ ਪੰਜਾਬ ਦੀ ਰਾਜਨੀਤੀ ਵਿੱਚ ਛੇੜ ਦਿੱਤੀ ਸੀ ਕਿ ਪੰਜਾਬ ਵਿੱਚ 10 ਵਿੱਚੋਂ 7 ਨੌਜਵਾਨ ਨਸ਼ਾ ਪੀੜਤ ਹਨ। ਇਹੀ ਕੁਝ ਉਹਨਾਂ ਪੰਜਾਬ ਵਿੱਚ ਸੁਰੱਖਿਆ ਵਿਵਸਥਾ ਤੇ ਨਸ਼ਿਆਂ ਪ੍ਰਤੀ ਫਿਕਰਮੰਦੀ ਬਾਰੇ 13 ਜੂਨ 2016 ਦੇ ਜਲੰਧਰ ਧਰਨੇ ਵਿੱਚ ਕਿਹਾ ਸੀ। 15 ਦਸੰਬਰ 2015 ਨੂੰ ਬਠਿੰਡਾ ਰੈਲੀ ਵਿੱਚ ਤਲਵੰਡੀ ਸਾਬੋ ਗੁਰਦੁਆਰਾ ਸਾਹਿਬ ਵੱਲ ਮੂੰਹ ਕਰਕੇ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਗੁਟਕਾ ਸਾਹਿਬ ਮੱਥੇ ਨੂੰ ਛੂਹਾ ਕੇ ਸਹੁੰ ਕੀ ਖਾਧੀ ਕਿ ਪੰਜਾਬ ਦੇ ਲੋਕਾਂ ਨੇ ਵਿਸ਼ਵਾਸ਼ ਕਰਕੇ ਕਾਂਗਰਸ ਪਾਰਟੀ ਨੂੰ ਭਾਰੀ ਬਹੁਮਤ ਨਾ ਜਿਤਾ ਦਿੱਤਾ। ਕੀ ਅੱਜ ਓਹੀ ਲੋਕ ਆਪਣੇ ਆਪ ਨੂੰ ਠੇਠਰ ਜਿਹੇ ਬਣੇ ਮਹਿਸੂਸ ਨਹੀਂ ਕਰ ਰਹੇ ਹੋਣਗੇ, ਜਦੋਂ ਕਾਂਗਰਸੀ ਆਗੂ ਗੁਰਮੀਤ ਸਿੰਘ ਰਾਣਾ ਸੋਢੀ ਪੱਤਰਕਾਰਾਂ ਅੱਗੇ ਇਹ ਕਹਿ ਰਿਹਾ ਹੋਵੇ ਕਿ ਅਮਰਿੰਦਰ ਸਿੰਘ ਨੇ ਚਾਰ ਹਫ਼ਤੇ ਵਿੱਚ ਨਸ਼ਾ ਖ਼ਤਮ ਕਰਨ ਲਈ ਨਹੀਂ ਕਿਹਾ ਸੀ ਸਗੋਂ ਉਹਨਾਂ ਦਾ ਕਹਿਣ ਦਾ ਮਤਲਬ ਸੀ ਕਿ ਚਾਰ ਹਮਲੇ ਵਿੱਚ ਨਸ਼ਿਆਂ 'ਤੇ ਨਕੇਲ ਕਸਣ ਲਈ "ਕੰਮ ਸ਼ੁਰੂ ਕਰਵਾ ਦਿਆਂਗੇ"।

ਇਹੋ ਜਿਹਾ ਹੀ ਬਿਆਨ ਕਦੇ ਭਾਜਪਾ ਦੇ ਅਮਿਤ ਸ਼ਾਹ ਨੇ ਪ੍ਰਧਾਨ ਮੰਤਰੀ ਵੱਲੋਂ ਲੋਕਾਂ ਦੇ ਖਾਤਿਆਂ ਵਿੱਚ 15-15 ਲੱਖ ਰੁਪਏ ਆਉਣ ਦੇ ਬਿਆਨ ਬਾਰੇ ਕਿਹਾ ਸੀ ਕਿ "ਉਹ ਤਾਂ ਇੱਕ ਚੋਣ ਜੁਮਲਾ ਸੀ"। ਸੋਢੀ ਸਾਹਿਬ ਨੇ ਆਪਣੇ ਇਸ ਬਿਆਨ ਰਾਹੀਂ ਆਪਣੇ ਆਪ ਨੂੰ ਕਾਂਗਰਸ ਪਾਰਟੀ ਦਾ ਅਮਿਤ ਸ਼ਾਹ ਹੋਣ ਦਾ ਸਬੂਤ ਦੇ ਦਿੱਤਾ ਹੈ। ਕੁਝ ਕੁ ਦਿਨਾਂ ਵਿੱਚ ਹੀ ਸਿੰਥੈਟਿਕ ਨਸ਼ੇ ਦੇ ਟੀਕੇ ਲਾ ਕੇ ਮਰਨ ਵਾਲਿਆਂ ਦੀਆਂ ਮੌਤਾਂ, ਮਾਂਵਾਂ ਦੇ ਵੈਣਾਂ ਨੇ ਹਰ ਇਨਸਾਨ ਦਾ ਦਿਲ ਪਸੀਜਿਆ ਪਰ ਸੂਬੇ ਦੇ ਮੁਖੀ ਵੱਲੋਂ ਜਾਂ ਰਾਹੁਲ ਗਾਂਧੀ ਵੱਲੋਂ ਵੀ ਮੂੰਹ ਨਾ ਖੋਲ੍ਹਣਾ ਮੰਦਭਾਗਾ ਹੈ। ਲੋਕਾਂ ਵੱਲੋਂ ਹਾਲ ਦੁਹਾਈ ਪਾਉਣ ਤੋਂ ਬਾਅਦ ਮੁੱਖ ਮੰਤਰੀ ਪੰਜਾਬ ਦਾ ਇਹ ਬਿਆਨ ਆਉਣਾ ਵੀ ਸਿਰਫ ਝਾੜ ਤੋਂ ਕੰਬਲੀ ਲਾਹੁਣਾ ਹੀ ਹੈ ਕਿ ਪੰਜਾਬ ਵਿੱਚ ਨਸ਼ਾ ਵੇਚਣ ਵਾਲਿਆਂ ਦਾ ਮੁੱਖੀ ਸਮੱਗਲਰ ਹਾਂਗਕਾਂਗ ਦੀ ਜੇਲ੍ਹ ਵਿੱਚ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ ਮੁੱਖ ਮੰਤਰੀ ਸਾਹਿਬ ਹਾਂਗਕਾਂਗ ਦੀ ਜੇਲ੍ਹ ਤੱਕ ਦੀ ਜਾਣਕਾਰੀ ਰੱਖਦੇ ਹਨ ਤਾਂ ਪੰਜਾਬ ਦੀ ਗਲੀ ਗਲੀ ਵਿੱਚ ਨਸ਼ਾ ਵੇਚਦੇ ਲੋਕਾਂ ਬਾਰੇ ਕਿਸੇ ਨੂੰ ਜਾਣਕਾਰੀ ਕਿਉਂ ਨਹੀਂ? ਅਸਲ 'ਚ ਅਜਿਹੇ ਬਚਕਾਨਾ ਬਿਆਨ ਦੇਣ ਨਾਲੋਂ ਜਿਆਦਾ ਜ਼ਰੂਰਤ ਇਸ ਗੱਲ ਵੱਲ ਧਿਆਨ ਦੀ ਹੈ ਕਿ ਘਰ ਘਰ ਤੱਕ "ਹੋਮ ਡਲਿਵਰੀ" ਕਰਨ ਵਾਲੇ ਪਿੰਡਾਂ ਦੇ ਲੋਕਾਂ ਦੇ ਘਰੇਲੂ ਤਸਕਰਾਂ ਪਿੱਛੇ ਕਿਹੜੀ ਰਾਜਨੀਤਕ ਪਾਰਟੀ ਦਾ ਆਗੂ ਖੜ੍ਹਾ ਹੈ? ਕੈਪਟਨ ਸਾਹਿਬ ਦੇ ਬਿਆਨ ਅਨੁਸਾਰ ਅਜਿਹਾ ਨਹੀਂ ਕਿ ਹਾਂਗਕਾਂਗ ਦੀ ਜੇਲ੍ਹ 'ਚ ਬੈਠਾ ਭਾਈ ਹੀ ਸਿੱਧਾ ਪਿੰਡਾਂ ਵਿੱਚ ਨਸ਼ਾ ਪਹੁੰਚਾ ਰਿਹਾ ਹੈ। ਇਹ ਪੜਤਾਲ ਕਰਨ ਦੀ ਲੋੜ ਹੈ ਕਿ ਫੜ੍ਹੇ ਜਾਂਦੇ ਤਸਕਰਾਂ ਦੇ ਕੇਸਾਂ ਨੂੰ ਕਮਜ਼ੋਰ ਕੌਣ ਕਰਦੈ, ਫੜ੍ਹੇ ਗਏ ਨਸ਼ੇ ਦੇ ਸੈਂਪਲ ਫੇਲ੍ਹ ਕੌਣ ਕਰਦੈ? ਇਹ ਗੱਲ ਪ੍ਰੇਸ਼ਾਨ ਕਰਦੀ ਹੈ ਕਿ ਵਿੱਕੀ ਗੌਂਡਰ ਨਾਮ ਦੇ ਅਪਰਾਧੀ ਨੌਜਵਾਨ ਨੂੰ ਮਾਰ ਦੇਣ 'ਤੇ ਸੂਬੇ ਦਾ ਮੁੱਖ ਮੰਤਰੀ ਪੰਜਾਬ ਪੁਲਿਸ ਨੂੰ ਵਧਾਈ ਦਿੰਦਾ ਹੈ ਪਰ ਨਸ਼ੇ ਨਾਲ ਉੱਪਰੋਥੱਲੀ ਹੋਈਆਂ ਦਰਜਨ ਦੇ ਲਗਭਗ ਮੌਤਾਂ ਬਾਰੇ ਦੋ ਲਫ਼ਜ਼ ਵੀ ਨਾ ਸਰੇ? ਜੇ ਹੋਰ ਨਹੀਂ ਤਾਂ ਘੱਟੋ ਘੱਟ ਸਮੱਗਲਰਾਂ ਨੂੰ ਹੀ ਵਧਾਈ ਦੇ ਦਿੱਤੀ ਜਾਂਦੀ ਜੋ ਸੂਬੇ ਦੇ ਬੇਰੁਜ਼ਗਾਰਾਂ ਦੀ ਗਿਣਤੀ ਘਟਾਉਣ ਦੇ ਆਹਰੇ ਰੁੱਝੇ ਹੋਏ ਹਨ।

ਅੱਜ ਜਦੋਂ ਅਕਾਲੀ ਦਲ ਨਾਲ ਸੰਬੰਧਤ ਆਗੂ ਨਸ਼ਿਆਂ ਦੇ ਮੁੱਦੇ 'ਤੇ ਬੋਲਦੇ ਹਨ ਤਾਂ ਸੁਣਨ ਵਾਲੇ ਨੂੰ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ। ਦਸ ਵਰ੍ਹੇ ਚਿੱਟੇ ਦੀ ਅੱਗ ਮੱਚਦੀ ਰਹੀ ਤਾਂ ਬਾਦਲ ਸਾਹਿਬ ਸੂਬੇ ਦੇ ਕੁਝ ਚੁਣਵੇਂ ਖਿਡਾਰੀਆਂ ਤੇ ਗਾਇਕਾਂ ਕੋਲੋਂ ਪੰਜਾਬ ਦੀਆਂ ਝੂਠੀਆਂ ਤਾਰੀਫ਼ਾਂ ਕਰਵਾ ਕੇ ਉਸ ਅੱਗ ਨੂੰ ਬੁਝਾਉਣ ਲਈ ਸਿਰਫ ਫੂਕਾਂ ਮਾਰਦੇ ਰਹੇ। ਪਰ ਬਾਅਦ ਵਿੱਚ ਉਹਨਾਂ ਝੂਠੇ ਸੋਹਿਲੇ ਗਾਉਣ ਵਾਲਿਆਂ ਨੂੰ ਜਾਗਰੂਕ ਲੋਕਾਂ ਨੇ ਜੋ ਖੰਡ ਪਾਈ, ਉਹ ਹੀ ਜਾਣਦੇ ਹਨ। ਪੰਜਾਬ ਦੀ ਬਦਕਿਸਮਤੀ ਹੀ ਕਹਿ ਲਓ ਕਿ ਕਿਸੇ ਵੀ ਅਜਿਹੇ ਨੇਤਾ ਦੀ ਅਗਵਾਈ ਨਹੀਂ ਮਿਲੀ, ਜੋ ਸਿਆਸਤ ਪਾਸੇ ਰੱਖ ਕੇ ਸਿਰਫ ਪੰਜਾਬ ਦਾ ਪੁੱਤ ਹੋਣ ਦਾ ਫਰਜ਼ ਅਦਾ ਕਰੇ। ਅਕਾਲੀ ਦਲ ਦੀ ਸਰਕਾਰ ਵੇਲੇ ਪੰਜਾਬੀਆਂ ਨੂੰ "ਪਰਾਊਡ ਟੂ ਬੀ ਅਕਾਲੀ" ਨਾਂ ਦੇ ਸਗੂਫੇ ਨੇ ਆਮ ਨਾਗਰਿਕ ਨਾ ਰਹਿਣ ਦਿੱਤਾ ਤੇ ਹੁਣ ਕਾਂਗਰਸੀ ਹੋਣ ਦਾ ਲੇਬਲ ਲੁਆਈ ਫਿਰਦੇ ਆਮ ਪੰਜਾਬੀ ਚੁੱਪ ਹਨ। ਅੱਗ ਘਰ ਘਰ ਬੂਹਾ ਖੜਕਾ ਕੇ ਨੌਜਵਾਨ ਪੁੱਤ ਨਿਗਲ ਰਹੀ ਹੈ, ਪਰ ਸਾਡੀ ਚੁੱਪ ਸਾਜਿਸ਼ੀ ਹੈ। ਯਾਦ ਰੱਖਣਾ ਪਵੇਗਾ ਕਿ ਮੌਤ ਵਿਹੜੇ 'ਚ ਵੜ੍ਹਨ ਲੱਗੀ ਰਾਜਨੀਤਕ ਪਾਰਟੀ ਨਹੀਂ ਦੇਖਦੀ। ਇਹ ਸੋਚਣਾ ਪਵੇਗਾ ਕਿ ਪਲ ਪਲ ਉੱਜੜਦੇ ਜਾ ਰਹੇ ਪੰਜਾਬ ਦੇ ਮੂੰਹ 'ਚ ਪਾਣੀ ਦੀ ਤਿੱਪ ਕਿਵੇਂ ਪਾਉਣੀ ਹੈ? ਨਸ਼ਿਆਂ ਨਾਲ ਹੁੰਦੀਆਂ ਮੌਤਾਂ ਦੀ ਗੱਲ ਨੂੰ ਭੁੱਲ ਵੀ ਜਾਵੋ ਤਾਂ ਪੰਜਾਬ ਸਿਰ ਏਡਜ਼ ਦਾ ਵਾ-ਵਰੋਲਾ ਲੂੰਡੀਆਂ ਪਾਉਂਦਾ ਦਿਸ ਰਿਹਾ ਹੈ। ਇੱਕ ਦੂਜੇ ਦੀਆਂ ਵਰਤੀਆਂ ਸਰਿੰਜਾਂ ਬਦਲ ਬਦਲ ਕੇ ਲਾਉਣ ਦਾ ਅਮਲ ਪੰਜਾਬ ਵਿੱਚ ਏਡਜ ਪੀੜਤਾਂ ਦੀ ਫੌਜ਼ ਪੈਦਾ ਕਰ ਰਿਹਾ ਹੈ। ਕੰਧ 'ਤੇ ਲਿਖਿਆ ਸੱਚ ਇਹ ਹੈ ਕਿ ਆਉਣ ਵਾਲੇ ਸਮੇਂ ਵਿੱਚ ਮੁੰਡੇ ਕੁੜੀ ਦੇ ਵਿਆਹ ਲਈ ਦਾਜ ਦਹੇਜ ਜਾਂ ਵਿਦਿਅਕ ਯੋਗਤਾ ਤੋਂ ਪਹਿਲਾਂ ਮੈਡੀਕਲ ਰਿਪੋਰਟ ਦੀ ਮੰਗ ਕੀਤੀ ਜਾਇਆ ਕਰੇਗੀ। ਇਹ ਵੀ ਸੱਚ ਹੈ ਕਿ ਇਸ ਤਰ੍ਹਾਂ ਦੇ ਨਸ਼ੇ ਕਰਨ ਵਾਲਾ ਨੌਜਵਾਨ ਪਹਿਲੀ ਗੱਲ ਤਾਂ ਬਾਪੂ ਬਣਨ ਦੇ ਯੋਗ ਹੀ ਨਹੀਂ ਰਹਿੰਦਾ। ਪਰ ਫਿਰ ਵੀ ਜੇਕਰ ਕਿਸੇ ਵਿਹੜੇ ਕਿਲਕਾਰੀਆਂ ਗੂੰਜ ਪੈਣ ਤਾਂ ਉਹ ਜੁਆਕ ਆਪਣੇ ਜਨਮ ਨਾਲ ਏਡਜ ਦੀ ਸੌਗਾਤ ਲੈ ਕੇ ਜਰੂਰ ਪੈਦਾ ਹੋਵੇਗਾ। ਉਹ ਦਿਨ ਵੀ ਦੂਰ ਨਹੀਂ ਜਦੋ ਅਖ਼ਬਾਰਾਂ ਵਿੱਚ ਏਡਜ ਪੀੜਤ ਕੰਨਿਆ ਜਾਂ ਵਰ ਲਈ ਏਡਜ ਪੀੜਤ ਸਾਥੀ ਦੀ ਲੋੜ ਦੇ ਇਸ਼ਤਿਹਾਰ ਵੀ ਆਮ ਹੀ ਦੇਖਣ ਨੂੰ ਮਿਲਿਆ ਕਰਨਗੇ। ਮੁੱਕਦੀ ਗੱਲ ਇਹ ਕਿ ਵੈਣਾਂ, ਕੀਰਨਿਆਂ ਦੀ ਕੋਈ ਭਾਸ਼ਾ ਨਹੀਂ ਹੁੰਦੀ। ਬੇਸ਼ੱਕ ਅਮਰਿੰਦਰ ਸਿੰਘ ਚੁੱਪ ਰਹਿਣ ਪਰ ਰਾਹੁਲ ਗਾਂਧੀ ਇਹ ਬਹਾਨਾ ਨਹੀਂ ਬਣਾ ਸਕਦਾ ਕਿ ਉਸਨੂੰ ਨਹੀਂ ਪਤਾ ਕਿ ਇਹ ਚੀਕ ਚਿਹਾੜਾ ਹਿੰਦੀ ਬੋਲਦੇ ਲੋਕ ਤਾਂ ਪਾਉਂਦੇ ਨਹੀ। ਅੱਜ ਲੋੜ ਹੈ ਕਿ ਕਾਂਗਰਸ ਦੀ ਡੁੱਬਦੀ ਬੇੜੀ ਨੂੰ ਮੁਕੰਮਲ ਜਿੱਤ ਦੇ ਕੇ ਸਹਾਰਾ ਦੇਣ ਵਾਲੇ ਪੰਜਾਬ ਦੀ ਝੋਲੀ ਹਮਦਰਦੀ ਭਰੇ ਚਾਰ ਬੋਲ ਹੀ ਪਾ ਦਿੱਤੇ ਜਾਣ।

# ਸਤਿਗੁਰੂ ਕਬੀਰ ਜੀ ਦਾ ਜੀਵਨ ਅਤੇ ਉਹਨਾ ਦੇ ਗੁਰੂ

ਚਰਨਜੀਤ ਸਿੰਘ 91-98148-39944

(ਸਤਿਗੁਰੂ) ਕਬੀਰ ਸ਼ਬਦ ਆਪਣੇ ਆਪ ਵਿਚ ਬਹੁਤ ਉੱਚੇ ਅਤੇ ਪਾਕ ਪਵਿੱਤਰ ਅਰਥ ਸਮੋਈ ਬੈਠਾ ਹੈ। ਇਸ ਪਾਵਨ ਸ਼ਬਦ ਦੇ ਅਰਥ ਹਨ ਈਸ਼ਵਰ, ਮਹਾਨ, ਵੱਡਾ ਆਦਿ।ਜਿਹੋ ਜਿਹੇ ਇਸ ਸ਼ਬਦ ਦੇ ਅਰਥ ਹਨ ਉਹੋ ਜਿਹੇ ਕਾਰਜ਼ ਸਤਿਗੁਰੂ ਕਬੀਰ ਜੀ ਨੇ ਇਸ ਸੰਸਾਰ ਤੇ ਆ ਕੇ ਕਰ ਵਿਖਾਏ। ਇਸ ਮਹਾਨ ਰਹਿਬਰ ਨੇ ਇਸ ਸੰਸਾਰ ਵਿਚ ਚੱਲ ਰਹੇ ਰੂੜੀਵਾਦੀ, ਪਾਖੰਡਵਾਦੀ, ਅੰਧਵਿਸ਼ਵਾਸ਼ੀ, ਫਲਸਫੇ ਨੂੰ ਰੱਦ ਕਰਕੇ ਸਾਂਝੀਵਾਲਤਾ, ਸੁਤੰਤਰਤਾ, ਅਤੇ ਵਿਗਿਆਨਿਕ ਪਹੁੰਚ ਵਾਲੀ ਕ੍ਰਾਂਤੀਕਾਰੀ ਵਿਚਾਰਧਾਰਾ ਪ੍ਰਦਾਨ ਕੀਤੀ। ਸਤਿਗੁਰੂ ਕਬੀਰ ਮਹਾਰਾਜ ਜੀ ਦਾ ਆਗਮਨ ਜੇਠ ਸੁਦੀ 15, ਬਿਕ੍ਰਮੀ ਸੰਮਤ 1455 ਅਰਥਾਤ 1398 ਈ: ਨੂੰ ਬਨਾਰਸ ਦੀ ਪਾਵਨ ਧਰਤੀ ਤੇ ਹੋਇਆ। ਆਪ ਜੀ ਦੇ ਪਿਤਾ ਸਤਿਕਾਰਯੋਗ ਬਾਬਾ ਨੀਰੂ ਜੀ, ਅਤੇ ਮਾਤਾ ਸਤਿਕਾਰਯੋਗ ਨੀਮਾ ਜੀ ਸਨ।ਕਿਉਂ ਕਿ ਆਪ ਜੀ ਦਾ ਪਰਿਵਾਰ ਇਕ ਅਖੌਤੀ ਨੀਂਵੀ ਸਮਝੀ ਜਾਣ ਵਾਲੀ ਜਾਤ ਜੁਲਾਹਾ ਨਾਲ ਸਬੰਧਿਤ ਸੀ ਇਸ ਕਰਕੇ ਜਦੋਂ ਆਪ ਜੀ ਦਾ ਨਾਂਅ **ਕਬੀਰ** ਰੱਖਿਆ ਗਿਆ ਤਾਂ ਉਚ ਜਾਤੀ ਕਾਜੀ, ਮੁੱਲਾਂ ਨੇ ਇਸ ਦਾ ਵਿਰੋਧ ਕੀਤਾ ਕਿ ਇਕ ਜੁਲਾਹਾ ਜਾਤੀ ਦੇ ਬੱਚੇ ਦਾ ਨਾਂਅ ਕਬੀਰ ਨਹੀਂ ਰੱਖਿਆ ਜਾ ਸਕਦਾ ਪਰ ਬਾਬਾ ਨੀਰੂ ਅਤੇ ਮਾਤਾ ਨੀਮਾਂ ਜੀ ਆਪਣੇ ਫੈਂਸਲੇ ਤੇ ਦ੍ਰਿੜ ਰਹੇ। ਇਸ ਤਰਾਂ ਊਚ-ਨੀਚ, ਜਾਤ-ਪਾਤ ਵਿਰੁੱਧ ਬਗਾਵਤ ਤਾਂ ਸਤਿਗੁਰੂ ਕਬੀਰ ਜੀ ਦੇ ਜਨਮ ਤੋਂ ਹੀ ਸ਼ੁਰੂ ਹੋ ਗਈ ਸੀ।ਪਿਤਾ ਬਾਬਾ ਨੀਰੂ ਜੀ ਦੇ ਬਜੁਰਗ ਪਹਿਲਾਂ ਹਿੰਦੂ ਜੁਲਾਹੇ ਪਰਿਵਾਰ ਨਾਲ ਸਬੰਧਿਤ ਸਨ ਪਰ ਬਾਅਦ ਵਿਚ ਉਨ੍ਹਾਂ ਨੇ ਇਸਲਾਮ ਧਰਮ ਗ੍ਰਹਿਣ ਕਰ ਲਿਆ ਪ੍ਰੰਤੂ ਬਾਬਾ ਨੀਰੂ ਜੀ ਦੇ ਸੰਸਕਾਰ ਅਜੇ ਹਿੰਦੂ-ਇਸਲਾਮ ਧਰਮ ਦੇ ਮਿਲੇ-ਜੁਲੇ ਸੰਸਕਾਰ ਸਨ। ਮਾਤਾ ਨੀਮਾ ਜੀ ਪ੍ਰਪੱਕ ਮੁਸਲਿਮ ਪਰਿਵਾਰ ਵਿਚੋਂ ਆਏ ਸਨ ਇਸ ਕਰਕੇ ਉਹ ਇਸਲਾਮ ਦੇ ਨੇਮਾਂ ਨੂੰ ਤਰਜੀਹ ਦਿੰਦੇ ਸਨ।ਸੋ ਇਸ ਤਰਾਂ ਸਤਿਗੁਰੂ ਕਬੀਰ ਜੀ ਦਾ ਪਾਲਣ-ਪੋਸ਼ਣ ਹਿੰਦੂ-ਇਸਲਾਮੀ ਸੰਸਕਾਰਾਂ ਨਾਲ ਹੋਇਆ। ਹਿੰਦੋਸਤਾਨੀ ਜਾਤੀ ਵਾਦੀ ਪ੍ਰਣਾਲੀ ਦੇ ਪ੍ਰਭਾਵ ਕਾਰਨ ਸਤਿਗੁਰੂ ਕਬੀਰ ਜੀ ਨੂੰ ਕਾਜ਼ੀਆਂ ਤੇ ਪੰਡਿਤਾਂ ਨੇ ਪੜਾਉਣ ਤੋਂ ਇਨਕਾਰ ਕਰ ਦਿੱਤਾ। ਸਤਿਗੁਰੂ ਕਬੀਰ ਜੀ ਨੇ ਆਪਣੇ ਮਾਤਾ ਪਿਤਾ ਵਲੋਂ ਚੰਗੇ ਪਾਲਣ-ਪੋਸ਼ਣ ਅਤੇ ਸਾਧੂਆਂ ਦੀ ਸੰਗਤ ਤੋਂ ਅੱਖਰ ਅਤੇ ਆਤਮਿਕ ਗਿਆਨ ਪ੍ਰਾਪਤ ਕੀਤਾ। ਸਤਿਗੁਰੂ ਕਬੀਰ ਜੀ ਕਿਤਾਬੀ ਗਿਆਨ ਵਿਚ ਵਿਸ਼ਵਾਸ਼ ਨਹੀਂ ਰੱਖਦੇ ਸਨ ਕੁਦਰਤੀ ਵਰਤਾਰਿਆਂ ਦਾ ਅਧਿਐਨ ਅਤੇ ਉਚਤਮ ਆਤਿਮਕ ਗਿਆਨ ਸਦਕਾ ਵੱਡੇ ਵੱਡੇ ਪੰਡਿਤ, ਮੁੱਲਾਂ, ਕਾਜ਼ੀ ਉਨ੍ਹਾਂ ਅੱਗੇ ਗੋਡੇ ਟੇਕ ਗਏ। ਉਨ੍ਹਾਂ ਨੇ ਆਪਣੀ ਬਾਣੀ ਵਿਚ ਇਨ੍ਹਾਂ ਅਖੌਤੀ ਧਰਮ ਦੇ ਠੇਕੇਦਾਰਾਂ ਨੂੰ ਬੁੱਧੀਵਾਦੀ ਅਤੇ ਤਰਕਭਰਪੂਰ ਗਿਆਨ ਪ੍ਰਦਾਨ ਕੀਤਾ। ਸਤਿਗੁਰੂ ਕਬੀਰ ਜੀ ਦੇ ਵਾਰਾਣਸੀ ਉੱਤਰਪ੍ਰਦੇਸ਼ ਵਿਚ ਪਾਵਨ ਅਸਥਾਨਾ ਵਿਚੋਂ ਦੋ ਪ੍ਰਮੁੱਖ ਅਸਥਾਨ ਹਨ ਪਹਿਲਾ ਸਤਿਗੁਰੂ ਕਬੀਰ ਮੱਠ, ਕਬੀਰ ਚੌਰਾ ਜਿਥੇ ਸਤਿਗੁਰੂ ਕਬੀਰ ਜੀ ਦੇ ਮਾਤਾ ਪਿਤਾ ਜੀ ਦੀ ਸਮਾਧ ਹੈ ਅਤੇ ਇਥੇ 600 ਸਾਲ ਪੁਰਾਣੀ ਖੂਹੀ ਹੈ ਜਿਸ ਦਾ ਪਾਣੀ ਹੁਣ ਵੀ ਅੰਮ੍ਰਿਤ ਸਮਾਨ ਪਵਿੱਤਰ ਹੈ ਅਤੇ ਦੂਸਰਾ ਮੰਡੂਆ ਡੀਹ ਨੇੜੇ ਲਹਿਰਤਾਰਾ ਵਿਖੇ



ਬਹੁਤ ਵੱਡਾ ਸਤਿਗੁਰੂ ਕਬੀਰ ਮੰਦਿਰ ਉਸਾਰਿਆ ਗਿਆ ਹੈ।

**ਸਤਿਗੁਰੂ ਕਬੀਰ ਜੀ ਦੇ ਗੁਰੂ :-** ਕਈ ਵਿਦਵਾਨ ਸਵਾਮੀ ਰਾਮਾਨੰਦ ਜੀ ਨੂੰ ਸਤਿਗੁਰੂ ਕਬੀਰ ਜੀ ਦੇ ਗੁਰੂ ਮੰਨਦੇ ਹਨ। ਇਸ ਸਬੰਧੀ ਕਈ ਪੁਸਤਕਾਂ ਵਿਚ ਇਹ ਸਾਖੀ ਪੜ੍ਹਨ ਨੂੰ ਮਿਲਦੀ ਹੈ ਕਿ ਸਵਾਮੀ ਰਾਮਾ ਨੰਦ ਜੀ ਅਖੌਤੀ ਛੋਟੀ ਜਾਤੀ ਦੇ ਲੋਕਾਂ ਨੂੰ ਆਪਣੇ ਸੇਵਕ ਨਹੀਂ ਬਣਾਉਂਦੇ ਸਨ। ਸਤਿਗੁਰੂ ਕਬੀਰ ਜੀ ਇਕ ਦਿਨ ਸਵਾਮੀ ਰਾਮਾਨੰਦ ਜੀ ਦਾ ਆਸ਼ਰਮ ਵਿਚ ਗਏ ਤੇ ਆਪਣਾ ਸੇਵਕ ਬਨਾਉਣ ਦੀ ਬੇਨਤੀ ਕੀਤੀ ਪ੍ਰੰਤੂ ਸਵਾਮੀ ਰਾਮਾਨੰਦ ਜੀ ਨੇ ਛੋਟੀ ਜਾਤੀ ਹੋਣ ਕਾਰਨ ਆਪਣਾ ਸ਼ਿਸ਼ ਬਨਾਉਣ ਤੋਂ ਇਨਕਾਰ ਕਰ ਦਿੱਤਾ। ਫਿਰ ਸਤਿਗੁਰੂ ਕਬੀਰ ਜੀ ਮਨ ਚਿ ਇਕ ਜੁਗਤੀ ਆਈ ਕਿ ਸਵਾਮੀ ਰਾਮਾਨੰਦ ਜੀ ਜਦੋਂ ਕਿਸੇ ਨੂੰ ਸ਼ਿਸ਼ ਬਣਾਉਦੇ ਹਨ ਤਾਂ ਰਾਮ ਨਾਮ ਦਿੰਦੇ ਹਨ। ਸਵਾਮੀ ਜੀ ਅੰਮ੍ਰਿਤ ਵੇਲੇ ਗੰਗਾਂ ਤੇ ਇਸ਼ਨਾਨ ਕਰਨ ਜਾਇਆ ਕਰਦੇ ਸਨ ਸਤਿਗੁਰੂ ਜੀ ਗੰਗਾਂ ਦੇ ਰਸਤੇ ਤੇ ਹਨੇਰੇ ਵਿਚ ਲੇਟ ਗਏ ਜਦ ਸਵਾਮੀ ਜੀ ਉਥੋਂ ਲੰਗੇ ਤਾਂ ਉਨ੍ਹਾਂ ਦਾ ਪੈਰ ਸਤਿਗੁਰੂ ਕਬੀਰ ਜੀ ਨੂੰ ਲੱਗਾ। ਉਨ੍ਹਾਂ ਨੇ ਸਹਜੇ ਹੀ ਕਿਹਾ ਕਿ ਰਾਮ ਕੇ ਪਿਆਰੇ ਉੱਠ ਰਾਮ ਕਹਿ। ਬਸ ਉਸੇ ਦਿਨ ਤੋਂ ਉਨ੍ਹਾਂ ਨੇ ਮੰਨ ਲਿਆ ਕਿ ਸਵਾਮੀ ਰਾਮਾ ਨੰਦ ਜੀ ਨੇ ਉਨ੍ਹਾਂ ਨੂੰ ਰਾਮ ਨਾਮ ਦੇ ਦਿੱਤਾ ਹੈ ਤੇ ਉਹ ਹੀ ਉਨ੍ਹਾਂ ਦੇ ਗੁਰੂ ਹਨ।

ਉਪਰੋਕਤ ਸਾਖੀ ਸਤਿਗੁਰੂ ਕਬੀਰ ਜੀ ਦੀ ਵਿਚਾਰਧਾਰਾ ਦੇ ਅਨੁਕੂਲ ਨਹੀਂ ਹੈ। ਇਹ ਸਾਖੀ ਮਨੁੱਖੀ ਕਦਰਾਂ ਕੀਮਤਾਂ ਨੂੰ ਤਹਿਸ-ਨਹਿਸ ਕਰਕੇ ਸਭੈਸਾਂਝੀਵਾਲਤਾ ਦੀ ਵਿਚਾਰਧਾਰਾ ਨੂੰ ਸੱਟ ਮਾਰਦੀ ਹੈ। ਇਸ ਕਰਕੇ ਇਹ ਸਾਖੀ ਮੂਲੋਂ ਹੀ ਗਲਤ ਹੈ। ਦੂਸਰਾ ਸਤਿਗੁਰੂ ਜੀ ਬਾਣੀ ਤੋਂ ਕਿਤੇ ਵੀ ਅਜਿਹਾ ਸੰਕੇਤ ਨਹੀਂ ਮਿਲਦਾ ਜਿਸ ਤੋਂ ਪਤਾ ਲੱਗੇ ਕਿ ਸਵਾਮੀ ਰਾਮਾਨੰਦ ਜੀ ਉਨ੍ਹਾਂ ਦੇ ਗੁਰੂ ਸਨ। ਸਤਿਗੁਰੂ ਰਵਿਦਾਸ ਜੀ ਦੇ ਗੁਰੂ ਵੀ ਸਵਾਮੀ ਰਾਮਾ ਨੰਦ ਜੀ ਨੂੰ ਮੰਨਿਆਂ ਜਾਂਦਾ ਹੈ। ਪ੍ਰੰਤੂ ਇਸ ਵਿਸ਼ੇ ਤੇ ਹੋਈ ਡੂੰਘੀ ਖੋਜ ਤੋਂ ਇਹ ਪਤਾ ਚਲਦਾ ਹੈ ਕਿ ਸਵਾਮੀ ਰਾਮਾ ਨੰਦ ਜੀ ਗੁਰੂ ਰਵਿਦਾਸ ਜੀ ਦੇ ਗੁਰੂ ਨਹੀਂ ਹਨ। ਕਿਉਂ ਕਿ ਇਹ ਦੋਨੋ ਰਹਿਬਰ ਸਮਕਾਲੀ ਹਨ, ਸਮ ਵਿਚਾਰਧਾਰਾ ਦੇ ਹਨ ਇਸ ਕਰਕੇ ਸਵਾਮੀ ਰਾਮਾ ਨੰਦ ਜੀ ਨੂੰ ਇਨ੍ਹਾਂ ਰਹਿਬਰਾਂ ਦੇ ਗੁਰੂ ਮੰਨਣਾ ਮੁਸ਼ਕਿਲ ਹੀ ਨਹੀਂ ਸਗੋਂ ਅਸੰਭਵ ਹੈ। ਸਤਿਗੁਰੂ ਕਬੀਰ ਜੀ ਨੂੰ ਧੁਰ ਤੋਂ ਹੀ ਪਾਰਬ੍ਰਹਮ ਦਾ ਗਿਆਨ ਸੀ, ਸਤਿਗੁਰੂ ਜੀ ਨੂੰ ਪਾਰਬ੍ਰਹਮ ਨੇ ਖੁਦ ਸੰਸਾਰ ਦਾ ਕਲਿਆਣ ਕਰਨ ਹਿਤ ਭੇਜਿਆ ਸੀ। ਇਸ ਕਰਕੇ ਸਤਿਗੁਰੂ ਕਬੀਰ ਜੀ ਦੇ ਗੁਰੂ ਕੇਵਲ ਪਾਰਬ੍ਰਹਮ ਪ੍ਰਮਾਤਮਾ ਹੀ ਸਨ, ਕਿਸੇ ਵੀ ਦੇਹ ਧਾਰੀ ਰਹਿਬਰ ਨੂੰ ਉਨ੍ਹਾਂ ਨੇ ਆਪਣਾ ਗੁਰੂ ਧਾਰਨ ਨਹੀਂ ਕੀਤਾ। ਵਿਸ਼ਵ ਨੂੰ ਅਧੁਨਿਕ ਫਲਸਫਾ ਦੇਣ ਵਾਲੇ ਸਤਿਗੁਰੂ ਕਬੀਰ ਜੀ ਦੀ ਮਹਾਨਤਾ ਨੂੰ ਘਟਾਉਣ ਲਈ ਕੁਝ ਰੂੜੀਵਾਦੀ ਵਿਦਵਾਨ ਅਜਿਹੇ ਵਿਚਾਰ ਲਿਖ ਜਾਂਦੇ ਹਨ।ਜਿਵੇਂ ਕਿ ਅੱਜ ਵੀ ਇਹੀ ਧਾਰਨਾ ਚੱਲੀ ਆ ਰਹੀ ਹੈ ਜਾਂ ਕੁਝ ਲੋਕਾਂ ਵਲੋਂ ਆਪਣੇ ਸੰਗਠਨ ਨੂੰ ਵੱਡਾ ਕਰਨ ਲਈ ਅਜਿਹੀ ਧਾਰਨਾ ਨੂੰ ਪ੍ਰਪੱਕ ਕੀਤਾ ਜਾ ਰਿਹਾ ਹੈ ਕਿ ਹਰ ਮਨੁੱਖ ਨੂੰ ਦੇਹ ਧਾਰੀ ਗੁਰੂ ਧਾਰਨ ਕਰਨਾ ਜ਼ਰੂਰੀ ਹੈ। ਪ੍ਰੰਤੂ ਮਨੁੱਖ ਦਾ ਅਸਲੀ ਗੁਰੂ ਤਾਂ ਸ਼ਬਦ ਹੈ ਭਾਵ ਗਿਆਨ ਹੈ। ਇਹੋ ਸ਼ਬਦ (ਗਿਆਨ) ਸਤਿਗੁਰੂ ਕਬੀਰ ਜੀ ਆਪਣੀ ਬਾਣੀ ਵਿਚ ਦੇ ਗਏ ਹਨ। ਇਸ ਦੇ ਨਾਲ ਨਾਲ ਉਹ ਆਪਣੀ ਜ਼ਿਦਗੀ ਦਾ ਅਧਿਆਤਮਕ ਤਜ਼ਰਬਾ ਦੇ ਕੇ ਗਏ ਹਨ, ਚੰਗੇ-ਮਾੜੇ ਦੀ ਪਹਿਚਾਨ ਕਰਾ ਕੇ ਗਏ ਹਨ।ਉਸ ਗਿਆਨ ਨੂੰ ਅਸੀਂ ਹਾਸਲ ਕਰਨ ਤੇ ਉਸ ਉਤੇ ਚੱਲਣ ਲਈ ਰਾਜੀ ਨਹੀਂ।ਅਸੀਂ ਚਾਹੁੰਦੇ ਹਾਂ ਕਿ ਅਸੀਂ ਗੁਰੂ ਧਾਰ ਲਈਏ ਤੇ ਉਹ ਹੀ ਸਭ ਕੁਝ ਕਰ ਦੇਵੇ।

ਜਦਕਿ ਅਜਿਹਾ ਕਦੇ ਵੀ ਨਹੀਂ ਹੁੰਦਾ।ਆਪਣੇ ਲਈ ਸਾਨੂੰ ਆਪ ਹੀ ਉਦਮ ਕਰਨਾ ਪੈਣਾ ਹੈ। ਦੇਹਧਾਰੀ ਗੁਰੂ ਅੱਜ ਸਾਡੇ ਕੋਲ ਹੈ ਹੋ ਸਕਦਾ ਹੈ ਕਿ ਕੱਲ ਉਹ ਸਾਡੇ ਕੋਲ ਨਾ ਹੋਵੇ ਫਿਰ ਅਸੀਂ ਕੀ ਕਰਾਂਗੇ? ਅਜਿਹੀ ਹਾਲਤ ਵਿਚ ਗੁਰੂ ਦਾ ਸ਼ਬਦ ਭਾਵ ਗਿਆਨ ਹੀ ਸਾਡੇ ਕੰਮ ਆਵੇਗਾ।

ਬੇਸ਼ੱਕ ਸਤਿਗੁਰੂ ਕਬੀਰ ਜੀ ਸਰੀਰਕ ਰੂਪ ਵਿਚ ਅੱਜ ਸਾਡੇ ਵਿਚ ਮੌਜੂਦ ਨਹੀਂ ਪਰ ਉਨ੍ਹਾਂ ਦੀ ਬਾਣੀ ਅੱਜ ਗੁਰੂ ਰੂਪ ਵਿਚ ਸਾਡੇ ਕੋਲ ਹੈ ਆਉ ਉਸ ਤੋਂ ਅਗਵਾਈ ਲਈਏ ਅਤੇ ਆਪਣਾ ਜੀਵਨ ਸਫਲਾ ਕਰੀਏ।

# ਫੋਰਮ ਨੇ ਐਸ ਸੀ ਐਸ ਟੀ ਸਬ ਪਲਾਨ ਐਕਟ ਬਣਾਉਣ ਲਈ ਡੀ ਸੀ ਰਾਹੀਂ ਰਾਸ਼ਟਰਪਤੀ ਨੂੰ ਭੇਜਿਆ ਮੰਗ ਪੱਤਰ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)-** ਦੇਸ਼ ਭਰ ਵਿੱਚ ਅਨੁਸੂਚਿਤ ਜਾਤੀਆਂ ਅਤੇ ਜਨ ਜਾਤੀਆਂ ਦੀ ਭਲਾਈ ਅਤੇ ਵਿਕਾਸ ਲਈ ਬਣਾਈਆਂ ਸਕੀਮਾਂ ਦੇ ਫੰਡਾਂ ਦੀ ਦੁਰਵਰਤੋਂ ਨੂੰ ਰੋਕਣ ਲਈ ਅਨੁਸੂਚਿਤ ਜਾਤੀ ਉੱਦਮੀਂ ਸਸ਼ਕਤੀਕਰਨ ਫੋਰਮ ਨੇ ਅੱਜ ਡੀ ਸੀ ਦੇਸ਼ ਦੇ ਰਾਸ਼ਟਰਪਤੀ ਨੂੰ ਮੰਗ ਪੱਤਰ ਭੇਜ ਕੇ ਐਸ ਸੀ ਐਸ ਟੀ ਸਬ ਪਲਾਨ ਐਕਟ ਬਣਾਉਣ ਦੀ ਮੰਗ ਕੀਤੀ ਹੈ। ਇਸ ਦੇ ਲਈ ਫੋਰਮ ਨੇ ਪੰਜਾਬ ਭਰ 'ਚੋਂ ਇਸ ਵਰਗ ਨਾਲ ਸਬੰਧਿਤ 10 ਲੋਕਾਂ ਦੇ ਦਸਖਤ ਵਿਸ਼ੇਸ ਮੁਹਿੰਮ ਚਲਾ ਕੇ ਕਰਵਾਏ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੇ ਕੁਮਾਰ ਸਹਿਜਲ ਨੇ ਦੱਸਿਆ ਕਿ ਅੱਜ ਮੂਲਨਿਵਾਸੀ ਬਹੁਜਨ ਸਮਾਜ ਦੇ ਵੱਖ ਵੱਖ ਸੰਗਠਨਾਂ ਨੂੰ ਲੈ ਕੇ ਫੋਰਮ ਦੀ ਅਗਵਾਈ ਵਿੱਚ ਇੱਕ ਵਫਦ ਨੇ ਡੀ ਸੀ ਪ੍ਰਦੀਪ ਅਗਰਵਾਲ ਨਾਲ ਮੀਟਿੰਗ ਕੀਤੀ ਹੈ ਅਤੇ ਸਬ ਪਲਾਨ ਐਕਟ ਬਣਵਾਉਣ ਲਈ ਰਾਸ਼ਟਰਪਤੀ ਦੇ ਨਾਮ ਇੱਕ ਮੰਗ ਪੱਤਰ ਦਿੱਤਾ ਹੈ। ਸਾਡੇ ਵੱਲੋਂ ਏਸੇ ਪ੍ਰਕਾਰ ਪੰਜਾਬ ਭਰ ਦੇ ਸਾਰੇ ਡਿਪਟੀ ਕਮਿਸ਼ਨਰਾਂ ਅਤੇ ਮੁੱਖ ਮੰਤਰੀ ਤੋਂ ਬਾਅਦ ਗਵਰਨਰ ਅਤੇ ਪ੍ਰਧਾਨ ਮੰਤਰੀ ਨੂੰ ਵੀ ਮੰਗ ਪੱਤਰ ਦਿੱਤਾ



ਜਾਵੇਗਾ ਅਤੇ ਉਸਤੋਂ ਬਾਅਦ 10 ਲੋਕਾਂ ਦੇ ਦਸਖਤਾਂ ਵਾਲੀ ਫਾਈਲ ਨਾਲ ਇੱਕ ਮੰਗ ਪੱਤਰ ਦੀ ਕਾਪੀ ਦੇਸ਼ ਦੇ ਰਾਸ਼ਟਰਪਤੀ ਨੂੰ ਸੌਂਪੀ ਜਾਵੇਗੀ ਅਤੇ ਉਨ੍ਹਾਂ ਤੋਂ ਸਬ ਪਲਾਨ ਐਕਟ ਬਣਾਉਣ ਦੀ ਮੰਗ ਕੀਤੀ ਜਾਵੇਗੀ। ਉਨ੍ਹਾਂ ਸਬ ਪਲਾਨ ਐਕਟ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੇਸ਼ ਭਰ ਵਿੱਚ ਵਸਦੀਆਂ ਅਨੁਸੂਚਿਤ ਜਾਤੀਆਂ ਅਤੇ ਜਨ ਜਾਤੀਆਂ ਦੇ ਵਰਗਾਂ ਦੀ ਭਲਾਈ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਬਹੁਤ ਸਾਰੀਆਂ ਯੋਜਨਾਵਾਂ ਚਲਾਈਆਂ ਜਾਂਦੀਆਂ ਹਨ ਜਿਨ੍ਹਾਂ ਲਈ ਕਰੋੜਾਂ ਅਰਬਾਂ ਦਾ ਬਜਟ ਵੀ ਰੱਖਿਆ ਜਾਂਦਾ ਹੈ। ਇਸ ਬਜਟ ਦੀ ਇਨ੍ਹਾਂ ਵਰਗਾਂ ਦੀ ਭਲਾਈ ਲਈ ਜਰੂਰਤ ਸਮਝਣ ਦੀ ਬਜਾਏ ਇਸ ਫੰਡ ਦਾ ਦੁਰਪ੍ਰਯੋਗ ਹੁੰਦਾ ਹੈ। ਇਸ ਫੰਡ ਦਾ ਪ੍ਰਯੋਗ ਹੋਰਨਾਂ ਕੰਮਾਂ ਲਈ ਕਰ ਲਿਆ ਜਾਂਦਾ ਹੈ।

ਇਸ ਦੁਰਪ੍ਰਯੋਗ ਤੇ ਰੋਕਥਾਮ ਲੱਗਣੀ ਬਹੁਤ ਜਰੂਰੀ ਹੈ ਅਤੇ ਇਸਦੇ ਲਈ ਸਬ ਪਲਾਨ ਐਕਟ ਬਣਨਾ ਬਹੁਤ ਜਰੂਰੀ ਹੈ। ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀ ਅਤੇ ਜਨ ਜਾਤੀ ਵਰਗਾਂ ਦੀ ਭਲਾਈ ਅਤੇ ਵਿਕਾਸ ਦੇ ਮੱਦੇਨਜਰ ਏਹ ਐਕਟ ਬਣਾਉਣ ਲਈ ਫੋਰਮ ਵਿਸ਼ੇਸ ਕੰਮ ਰਹੀ ਹੈ।

ਇਸ ਮੌਕੇ ਉਨ੍ਹਾਂ ਨਾਲ ਵੱਖ ਵੱਖ ਸੰਗਠਨਾਂ ਦੇ ਮੁੱਖੀ ਰਾਜ ਕੁਮਾਰ ਹੈਪੀ, ਬੰਸੀ ਲਾਲ ਪ੍ਰੇਮੀ, ਦਰਸ਼ਨ ਸਿੰਘ ਬੋੜੇ, ਸਰਬਜੀਤ ਸਿੰਘ ਕੰਡਿਆਣਾ, ਵਕੀਲ ਆਰ ਐਲ ਸੁਮਨ, ਦੀਪਕ ਕੁਮਾਰ, ਜੈਪਾਲ ਸਿੰਘ, ਡਾ: ਸੈਲੇਸ਼, ਭਰਤ ਕੁਸ਼ਵਾਹਾ, ਸਰਪੰਚ ਲੇਖਰਾਜ ਗੜ੍ਹੀ ਸ਼ੇਰੂ, ਸਾਬਕਾ ਸਰੰਪਚ ਅਮਰਜੀਤ ਸਿੰਘ ਰਾਏ ਅਤੇ ਹੋਰ ਹਾਜਰ ਸਨ।

# ਫਗਵਾੜਾ 'ਚ ਨਸ਼ਿਆਂ ਵਿਰੁੱਧ ਲਗਾਤਾਰ ਇਕ ਸਾਲ ਮੁਹਿਮ ਚਲਾਏਗੀ ਸਰਬ ਨੌਜਵਾਨ ਸਭਾ



**ਫਗਵਾੜਾ (ਰੱਤੂ) -** ਫਗਵਾੜਾ ਵਿਚ ਨਸ਼ਿਆਂ ਵਿਰੁੱਧ ਗੈਰ ਸਿਆਸੀ ਲਹਿਰ ਨੂੰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ ਜਦੋਂ ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਨੇ ਨਸ਼ਾ ਵਿਰੋਧੀ ਕਾਲਾ ਹਫਤਾ ਮਨਾਉਣ ਤੋਂ ਵੀ ਅੱਗੇ ਵੱਧਦੇ ਹੋਏ ਪੂਰਾ ਸਾਲ ਨਸ਼ਾ ਵਿਰੋਧੀ ਮੁਹਿਮ ਚਲਾਉਣ ਦਾ ਵੱਡਾ ਐਲਾਨ ਅੱਜ ਇੱਥੇ ਹੋਈ ਇਕ ਹੰਗਾਮੀ ਮੀਟਿੰਗ ਵਿਚ ਕੀਤਾ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਦੇਖਰੇਖ ਹੇਠ ਬਲੱਡ ਬੈਂਕ ਫਗਵਾੜਾ ਵਿਖੇ ਹੋਈ ਉਕਤ ਮੀਟਿੰਗ ਵਿਚ ਸਾਹਿਤਕਾਰ ਗੁਰਮੀਤ ਪਲਾਹੀ, ਡਾ. ਜਵਾਹਰ ਧੀਰ ਅਤੇ ਡਾ. ਅਮਰਜੀਤ ਚੌਸਰ ਨੇ ਵੀ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਦੌਰਾਨ ਆਪਣੇ ਸੰਬੋਧਨ ਵਿਚ ਡਾ. ਜਵਾਹਰ ਧੀਰ ਨੇ ਨਸ਼ਿਆਂ ਨੂੰ ਇਕ ਬਿਮਾਰੀ ਦੱਸਿਆ ਅਤੇ ਇਸ ਦਾ ਸਮਾਜਿਕ ਅਤੇ ਸਰੀਰਿਕ ਇਲਾਜ ਕਰਨ 'ਤੇ ਜੋਰ ਦਿੱਤਾ। ਗੁਰਮੀਤ ਪਲਾਹੀ ਨੇ ਨਸ਼ਿਆਂ ਪ੍ਰਤੀ ਆਮ ਲੋਕਾਂ ਨੂੰ ਜਾਗਰੁਕ ਕਰਨ ਲਈ ਸਮਾਜ ਦੇ ਹਰ ਵਰਗ ਨੂੰ ਸਾਥ ਦੇਣ ਦੀ ਅਪੀਲ ਕੀਤੀ। ਪੰਜਾਬੀ ਗਾਇਕ ਮਨਮੀਤ ਮੇਵੀ ਨੇ ਨਸ਼ਿਆਂ ਸਬੰਧੀ ਗੀਤ ਪੇਸ਼ ਕਰਦਿਆਂ ਹਰ ਕਿਸਮ ਦੇ ਨਸ਼ੇ ਤੋਂ ਨੌਜਵਾਨਾਂ ਨੂੰ ਦੂਰ ਰਹਿਣ ਦਾ ਸੁਨੇਹਾ ਦਿੱਤਾ। ਮੀਟਿੰਗ ਨੂੰ ਡਾ. ਅਸ਼ੋਕ ਭਾਟੀਆ, ਬੀਬੀ ਪ੍ਰਿਤਪਾਲ ਕੌਰ ਤੁਲੀ, ਬੀਬੀ ਹਰਜੀਤ ਕੌਰ, ਵਰਿੰਦਰ ਸਿੰਘ ਕੰਬੋਜ ਨੇ ਵੀ ਸੰਬੋਧਨ ਕੀਤਾ।

ਇਸ ਮੀਟਿੰਗ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪ੍ਰਧਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਬਲਾਕ ਫਗਵਾੜਾ ਨੂੰ ਨਸ਼ਾ ਮੁਕਤ ਬਨਾਉਣ ਦਾ ਜੋ ਟੀਚਾ ਮਿੱਥਿਆ ਗਿਆ ਹੈ ਉਸ ਤਹਿਤ ਸਬ-ਡਵੀਜਨ ਦੇ ਬੁੱਧੀਜੀਵੀ ਵਰਗ ਦੇ ਸਹਿਯੋਗ ਨਾਲ ਰੈਲੀਆਂ, ਸੈਮੀਨਾਰ, ਇਲਾਕੇ ਦੇ ਪੰਚਾਂ, ਸਰਪੰਚਾਂ ਨਾਲ ਮੀਟਿੰਗਾਂ, ਸਕੂਲਾਂ ਵਿਚ ਜਾਗਰੁਕਤਾ ਭਾਸ਼ਣ, ਮਾਪਿਆਂ ਨਾਲ ਨਸ਼ੇ ਵਿਰੁੱਧ ਮਿਲਣੀਆਂ ਆਦਿ ਪ੍ਰੋਗਰਾਮ ਉਲੀਕੇ ਜਾਣਗੇ। ਉਹਨਾਂ ਦੱਸਿਆ ਕਿ ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਸ਼ਹਿਰ ਅਤੇ ਹਲਕੇ ਦੇ ਪਿੰਡਾਂ ਵਿਚ ਗੀਤ ਸੰਗੀਤ, ਨੁੱਕੜ ਨਾਟਕ ਆਦਿ ਰਾਹੀਂ ਵੀ ਜਾਗਰੁਕਤਾ ਲਿਆਉਂਦੀ.ਲਾਵੇਗੀ ਅਤੇ ਨੌਜਵਾਨਾਂ ਨੂੰ ਖਾਸ ਤੌਰ ਤੇ ਇਸ ਮੁਹਿਮ ਨਾਲ ਜੋੜਿਆ ਜਾਵੇਗਾ। ਫਗਵਾੜਾ ਪੁਲਿਸ ਅਤੇ ਪ੍ਰਸ਼ਾਸਨ ਦਾ ਵੀ ਬਣਦਾ ਸਹਿਯੋਗ ਲਿਆ ਜਾਵੇਗਾ। ਇਸ ਮੌਕੇ ਹਰਵਿੰਦਰ ਸੈਣੀ, ਰਾਜਕੁਮਾਰ ਕਨੌਜੀਆ, ਕੁਲਬੀਰ ਬਾਵਾ, ਗੁਰਦੀਪ ਸਿੰਘ ਤੁਲੀ, ਹੈਪੀ ਬ੍ਰੋਕਰ, ਉਂਕਾਰ ਜਗਦੇਵ, ਮੋਨੂੰ ਸਰਵਟਾ, ਅਸ਼ੋਕ ਸ਼ਰਮਾ, ਵਿਸ਼ਾਲ ਵਿਜ ਆਦਿ ਹਾਜਰ ਸਨ।

# ਨੌਜਵਾਨ ਉੱਠਣ ਤਾਂ ਹੀ ਬਦਲੂ ਦੇਸ਼ ਦੀ ਨੁਹਾਰ



ਸ਼ਾਮ ਸਿੰਘ ਅੰਗ-ਸੰਗ

91- 98141-13338

ਰਾਜ ਪ੍ਰਬੰਧ ਦੀ ਲੋਕਤੰਤਰੀ ਪ੍ਰਣਾਲੀ ਇਸ ਲਈ ਬਹੁਤ ਚੰਗੀ ਹੈ ਕਿਉਂਕਿ ਇਸ ਵਿੱਚ ਲੋਕਾਂ ਦੀ ਭਾਈਵਾਲੀ ਵੀ ਹੁੰਦੀ ਹੈ ਅਤੇ ਅਹਿਮੀਅਤ ਵੀ। ਇਹ ਸਿਧਾਂਤ ਵਿੱਚ ਤਾਂ ਮੰਨੀ ਗਈ ਹੈ, ਪਰ ਅਮਲ ਵਿੱਚ ਸਾਡੇ ਨੇਤਾ ਲੋਕਾਂ ਦੀ ਬਹੁਤੀ ਪ੍ਰਵਾਹ ਨਹੀਂ ਕਰਦੇ। ਇਸ ਕਰਕੇ ਹੀ ਲੋਕਤੰਤਰ 'ਤੇ ਉਂਗਲਾਂ ਉੱਠਣ ਲੱਗ ਪਈਆਂ। ਇਸ ਵਿੱਚ ਹੇਰਾ-ਫੇਰੀ ਦਾ ਰੁਝਾਨ ਬਹੁਤ ਵਧ ਗਿਆ, ਜਿਸ ਕਰਕੇ ਲੋਕਾਂ ਦਾ ਇਸ 'ਚੋਂ ਵਿਸ਼ਵਾਸ ਤਿੜਕਣ ਲੱਗ ਪਿਆ। ਬੁਨਿਆਦ ਹੀ ਗ਼ਲਤ ਹੋ ਜਾਏ ਤਾਂ ਉਸ ਉੱਤੇ ਉਸਰਨ ਵਾਲੀ ਇਮਾਰਤ ਮਜ਼ਬੂਤ ਨਹੀਂ ਹੋ ਸਕਦੀ। ਗ਼ਲਤ ਵੋਟਾਂ ਬਣਾਈਆਂ ਵੀ ਜਾਂਦੀਆਂ ਅਤੇ ਜਾਅਲੀ ਵੋਟਾਂ ਪੁਆਈਆਂ ਵੀ ਜਾਂਦੀਆਂ। ਇਸ ਤਰ੍ਹਾਂ ਦਾ ਰੁਝਾਨ ਲੋਕਤੰਤਰ ਨੂੰ ਸਾਫ਼-ਸੁਥਰਾ ਨਹੀਂ ਰਹਿਣ ਦਿੰਦਾ, ਜਿਸ ਲਈ ਦੇਸ਼ ਦੇ ਨਾਗਰਿਕਾਂ ਨੂੰ ਜਾਗਣ ਦੀ ਵੀ ਲੋੜ ਹੈ ਅਤੇ ਸੁਚੇਤ ਹੋਣ ਦੀ ਵੀ। ਤਾਂ ਹੀ ਲੋਕਤੰਤਰ ਦੀ ਸਹੀ ਆਨ ਵੀ ਕਾਇਮ ਰਹਿ ਸਕਦੀ ਹੈ ਅਤੇ ਸ਼ਾਨ ਵੀ।

ਦੇਸ਼ ਦੇ ਨਾਗਰਿਕਾਂ ਵਿੱਚ ਬਹੁਤੀ ਗਿਣਤੀ ਨੌ-ਜਵਾਨਾਂ ਦੀ ਹੈ, ਜਿਹੜੇ ਵੋਟਰ ਬਣ ਕੇ ਪਾਰਟੀਆਂ ਅਤੇ ਨੇਤਾਵਾਂ ਦਾ ਭਵਿੱਖ ਵੀ ਤੈਅ ਕਰਨਗੇ। ਪਰ ਨਾਲ ਦੀ ਨਾਲ ਦੇਸ਼ ਦੇ ਭਵਿੱਖ ਨੂੰ ਬਚਾਉਣ ਦੇ ਜਤਨ ਵੀ ਗੰਭੀਰਤਾ ਨਾਲ ਕਰਨਗੇ ਤਾਂ ਕਿ ਦੇਸ਼ ਗਲਤ ਹੱਥਾਂ ਵਿੱਚ ਨਾ ਚਲਾ ਜਾਵੇ। ਅਜਿਹਾ ਤਾਂ ਹੀ ਸੰਭਵ ਹੈ, ਜੇ ਨੌਜਵਾਨ ਆਲੇ-ਦੁਆਲੇ ਨੂੰ ਸਮਝਣ, ਦੇਸ ਦੇ ਹਾਲਾਤ ਨੂੰ ਸਮਝਣ ਅਤੇ ਤਹੱਈਆ ਕਰ ਲੈਣ ਕਿ ਉਹ ਪਾਰਟੀਆਂ ਅਤੇ ਨੇਤਾਵਾਂ ਨੂੰ ਦੇਸ ਦੇ ਵਿਕਾਸ ਲਈ ਕਦਮ ਪੁੱਟਣ ਵਾਸਤੇ ਸਰਗਰਮ ਵੀ ਕਰਨਗੇ ਅਤੇ ਮਜਬੂਰ ਵੀ।

ਦੇਸ ਨੂੰ ਦੂਜੇ ਦੇਸ਼ਾਂ ਦੇ ਬਰਾਬਰ ਪਹੁੰਚਾਣ ਵਾਸਤੇ ਨੌਜਵਾਨਾਂ ਨੂੰ ਭਾਵੁਕਤਾ ਤੋਂ ਬਚਣਾ ਪਵੇਗਾ ਅਤੇ ਝੂਠੇ ਲਾਰੇ ਲਾਉਣ ਵਾਲਿਆਂ ਵੱਲ ਪਿੱਠ ਕਰਨੀ ਪਵੇਗੀ। ਜਿਹੜੇ ਨੇਤਾ ਝੂਠ ਬੋਲ ਕੇ, ਜੁਮਲੇ ਛੱਡ ਕੇ ਲੋਕਾਂ ਨਾਲ ਮਜ਼ਾਕ ਕਰਦੇ ਹਨ ਅਤੇ ਸ਼ਰੇਆਮ ਉਨ੍ਹਾਂ ਦਾ ਉੱਲੂ ਬਣਾਉਣ ਦੀ ਖੇਡ ਖੇਡਦੇ ਹਨ, ਉਨ੍ਹਾਂ ਨੂੰ ਅਜਿਹਾ ਸਬਕ ਸਿਖਾਇਆ ਜਾਵੇ ਕਿ ਮੁੜ ਉਹ ਮੂੰਹ ਦਿਖਾਉਣ ਜੋਗੇ ਨਾ ਰਹਿਣ। ਅਜਿਹਾ ਕਰਨ ਨਾਲ ਦੂਜੇ ਨੇਤਾਵਾਂ ਨੂੰ ਵੀ ਕੰਨ ਹੋ ਜਾਣਗੇ ਅਤੇ ਉਹ ਲੋਕਾਂ ਨਾਲ ਲਾਰੇਬਾਜ਼ੀ ਕਰਨ, ਝੂਠੇ ਵਾਅਦੇ ਕਰਨ ਤੋਂ ਖ਼ੁਦ ਹੀ ਤੌਬਾ ਕਰ ਲੈਣਗੇ। ਜਿਹੜੀ ਸਰਕਾਰ ਲੋਕਾਂ ਦੇ ਮਸਲੇ ਹੱਲ ਕਰਨ ਦਾ ਜਤਨ ਤੱਕ ਨਾ ਕਰੇ, ਉਸ ਪਾਰਟੀ ਨੂੰ ਮੁੜ ਮੌਕਾ ਦੇਣਾ ਵੱਡੀ ਮੂਰਖਤਾ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੋਵੇਗਾ।

ਹੋ ਸਕੇ ਤਾਂ ਨੌਜਵਾਨਾਂ ਨੂੰ ਰਾਜਨੀਤੀ ਦੇ ਮੈਦਾਨ ਵਿੱਚ ਖ਼ੁਦ ਕੁੱਦਣਾ ਚਾਹੀਦਾ ਹੈ ਤਾਂ ਕਿ ਰਵਾਇਤੀ ਨੇਤਾਵਾਂ ਅਤੇ ਪਾਰਟੀਆਂ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇ। ਭਾਰਤ ਦੇ ਚੋਣਵੇਂ ਰਾਜਾਂ ਵਿੱਚ ਕਦੇ-ਕਦੇ ਅਜਿਹਾ ਹੋਇਆ ਵੀ ਹੈ, ਜਦ ਮੁੰਡਿਆਂ-ਖੁੰਡਿਆਂ ਨੇ ਸੀਨੀਅਰ ਨੇਤਾਵਾਂ ਨੂੰ ਵਖਤ ਪਾ ਦਿੱਤਾ ਅਤੇ ਸੱਤਾ ਹਥਿਆਉਣ ਵਿੱਚ ਕਾਮਯਾਬ ਹੋ ਗਏ। ਇਸ ਪ੍ਰਸੰਗ ਵਿੱਚ ਅਸਾਮ ਦੀ ਮਿਸਾਲ ਸਿਰ ਕੱਢਵੀਂ ਹੈ, ਜਦ ਉੱਥੇ ਕੁਝ ਮੁੰਡਿਆਂ ਨੇ ਹੀ ਰਾਜਨੀਤੀ ਦਾ ਰੁਖ ਬਦਲ ਕੇ ਰੱਖ ਦਿੱਤਾ ਸੀ ਅਤੇ ਥੋੜ੍ਹੇ ਜਿਹੇ ਅਰਸੇ ਵਿੱਚ ਹੀ ਸੱਤਾ ਹਾਸਲ ਕਰ ਲਈ। ਨਵੀਂ ਦਿੱਲੀ ਵਿੱਚ ਵੀ ਨਵਿਆਂ ਨੇ ਘਾਗ ਨੇਤਾਵਾਂ ਅਤੇ ਰਵਾਇਤੀ ਸਿਆਸੀ ਪਾਰਟੀਆਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ।

ਮੈਨੂੰ ਇਹ ਲੱਗ ਰਿਹਾ ਕਿ ਜੇ ਨੌਜਵਾਨਾਂ ਵਿੱਚ ਜਾਗ੍ਰਤੀ ਆ ਗਈ ਤਾਂ ਵਿੰਗੇ-ਟੇਢੇ ਭਾਸ਼ਣਕਾਰਾਂ ਦਾ ਫਸਤਾ ਵੱਢਿਆ ਜਾਵੇਗਾ ਅਤੇ ਉਹ ਸਿਆਸੀ ਮੈਦਾਨ ਵਿੱਚ ਹਾਰ ਦਾ ਮੂੰਹ ਦੇਖਣ ਤੋਂ ਬਚ ਨਹੀਂ ਸਕਣਗੇ। ਸਿਆਸਤ ਵਿੱਚ ਫ਼ਿਰਕੂ ਰੰਗਣ ਭਰਨ ਵਾਲੇ ਵੀ ਨਿਰਾਸ਼ ਅਤੇ ਮਾਯੂਸ ਹੀ ਹੋਣਗੇ। ਤਾਨਾਸ਼ਾਹੀ ਦੇ ਰੌਅ ਵਿੱਚ ਆਕੜ-ਆਕੜ ਕੇ ਭਾਸ਼ਣ ਕਰਨ ਵਾਲਿਆਂ ਨੂੰ ਨੌਜਵਾਨ ਪਸੰਦ ਨਹੀਂ ਕਰਨਗੇ, ਕਿਉਂਕਿ ਤਾਨਾਸ਼ਾਹ ਹਮੇਸ਼ਾ ਮਨਮਰਜ਼ੀ ਕਰਦੇ ਹਨ ਅਤੇ ਦੂਜਿਆਂ ਦੀ ਖ਼ੁਸ਼ੀ ਤੇ ਖ਼ੁਸ਼ਹਾਲੀ ਨੂੰ ਖ਼ਤਮ ਕਰਦਿਆਂ ਜ਼ਰਾ ਵੀ ਦੇਰ ਨਹੀਂ ਲਾਉਂਦੇ। ਜਿਹੜੇ ਨੇਤਾ ਆਪਣੀ ਪਾਰਟੀ ਵਿੱਚ ਲੋਕਤੰਤਰ ਕਾਇਮ ਨਹੀਂ ਰਹਿਣ ਦਿੰਦੇ, ਉਨ੍ਹਾਂ ਤੋਂ ਹਮੇਸ਼ਾ ਖ਼ਬਰਦਾਰ ਰਹਿਣਾ ਜ਼ਰੂਰੀ ਹੈ ਤਾਂ ਜੁ ਉਹ ਦੇਸ਼ ਦਾ ਹੀ ਲੋਕਤੰਤਰ ਤਹਿਸ-ਨਹਿਸ ਕਰਨ ਵੱਲ ਨਾ ਤੁਰ ਪੈਣ।

ਜਿਹੜੇ ਵਾਅਦੇ ਕਰਕੇ ਨੌਕਰੀਆਂ ਨਹੀਂ ਦੇ ਸਕੇ, ਕਾਲਾ ਧਨ ਨਹੀਂ ਕਢਵਾ ਸਕੇ, ਲੋਕਾਂ ਨਾਲ ਇੱਕ ਵੀ ਵਾਅਦਾ ਪੂਰਾ ਨਹੀਂ ਕਰ ਸਕੇ, ਉਨ੍ਹਾਂ ਨੇਤਾਵਾਂ ਨੂੰ ਮੁੜ ਵੋਟ ਦੇਣਾ ਤਾਂ ਇੱਕ ਪਾਸੇ, ਵੋਟ ਦੇਣ ਬਾਰੇ ਸੋਚਿਆ ਤੱਕ ਨਹੀਂ ਜਾਣਾ ਚਾਹੀਦਾ ਤਾਂ ਕਿ ਉਨ੍ਹਾਂ ਨੂੰ ਇਹ ਸੁਨੇਹਾ ਪਹੁੰਚ ਸਕੇ ਕਿ ਲੋਕ ਹੁਣ ਸਿਆਣੇ ਹੋ ਗਏ ਹਨ ਅਤੇ ਉਨ੍ਹਾਂ ਦੀਆਂ ਲੂੰਬੜਚਾਲਾਂ ਸਮਝਣ ਲੱਗ ਪਏ।

ਉਹ ਲੋਕ ਹੀ ਕੁਰਸੀਆਂ 'ਤੇ ਬਿਠਾਉਣੇ ਚਾਹੀਦੇ ਹਨ, ਜਿਹੜੇ ਕੁਰਸੀ ਦੇ ਯੋਗ ਹੋਣ ਅਤੇ ਸਹੀ ਭੂਮਿਕਾ ਨਿਭਾਉਣ ਦੇ ਸਮਰੱਥ ਹੋਣ, ਦੇਸ਼ ਦਾ ਭਵਿੱਖ ਸੰਵਾਰ ਸਕਣ।

ਜੇ 2019 ਦੀਆਂ ਲੋਕ ਸਭਾ ਚੋਣਾਂ ਸਮੇਂ ਦੇਸ ਦੇ ਨੌਜਵਾਨ ਅਤੇ ਹੋਰ ਵੋਟਰ ਨਾ ਜਾਗੇ ਅਤੇ ਉਨ੍ਹਾਂ ਬੀਤੇ ਤੋਂ ਸਬਕ ਨਾ ਸਿੱਖਿਆ ਤਾਂ ਉਨ੍ਹਾਂ ਨੂੰ ਪੰਜ ਸਾਲ ਹੋਰ ਨਰਕ ਭੋਗਣਾ ਪਵੇਗਾ। ਇਸ ਲਈ ਜ਼ਰੂਰੀ ਹੈ ਕਿ ਉਹ ਲੰਘਦੇ ਜਾ ਰਹੇ ਪੰਜ ਸਾਲਾਂ ਉੱਤੇ ਨਜ਼ਰ ਜ਼ਰੂਰ ਫੇਰਨ ਅਤੇ ਦੇਖਣ ਕਿ ਸਰਕਾਰ ਨੇ ਲੋਕਾਂ ਲਈ ਕੀ ਕੀਤਾ ਹੈ, ਜਾਂ ਕੀਤਾ ਵੀ ਹੈ ਕਿ ਨਹੀਂ। ਕੀ ਕੇਵਲ ਦਮਗਜੇ ਹੀ ਤਾਂ ਨਹੀਂ ਮਾਰੇ, ਕੇਵਲ ਅਤੇ ਕੇਵਲ ਭਾਸ਼ਣਬਾਜ਼ੀ ਤਾਂ ਹੀ ਨਹੀਂ ਕੀਤੀ, ਜਿਸ ਨਾਲ ਦੇਸ ਨੂੰ ਕੋਈ ਫਾਇਦਾ ਨਹੀਂ ਹੋਇਆ।

ਜਿਹੜੇ ਨੇਤਾ ਤਾਨਾਸ਼ਾਹੀ ਵੱਲ ਤੁਰੇ ਹੋਏ ਹਨ, ਉਨ੍ਹਾਂ ਹੇਠੋਂ ਜ਼ਮੀਨ ਖਿੱਚਣੀ ਬਹੁਤ ਜ਼ਰੂਰੀ ਹੈ ਤਾਂ ਕਿ ਉਨ੍ਹਾਂ ਨੂੰ ਅਹਿਸਾਸ ਹੋ ਸਕੇ ਕਿ ਉਹ ਠੀਕ ਰਾਹ 'ਤੇ ਨਹੀਂ ਚੱਲ ਰਹੇ, ਬਲਕਿ ਆਪਣੀ ਹੀ ਪਾਰਟੀ ਦੇ ਸੀਨੀਅਰ ਨੇਤਾਵਾਂ ਤੱਕ ਦੇ ਮਹੱਤਵ ਨੂੰ ਲੀਰੋ-ਲੀਰ ਕਰ ਕੇ ਰੱਖ ਦਿੱਤਾ, ਵਿਰੋਧੀ ਧਿਰ ਨੂੰ ਕੇਵਲ ਵਿਰੋਧੀ ਧਿਰ ਨਹੀਂ, ਸਗੋਂ ਦੁਸ਼ਮਣ ਧਿਰ ਸਮਝਿਆ ਜਾਣ ਲੱਗ ਪਿਆ।

ਅਜੇ ਕੁਝ ਨਹੀਂ ਵਿਗੜਿਆ। ਕੁਝ ਰਾਜਾਂ ਦੇ ਲੋਕਾਂ ਨੇ ਆਪਣੀ ਮਰਜ਼ੀ ਦੀਆਂ ਸਰਕਾਰਾਂ ਬਣਾ ਕੇ ਕੇਂਦਰ ਉੱਤੇ ਕਾਬਜ਼ ਸੱਤਾ ਪਾਰਟੀ ਅੱਗੇ ਚੁਣੌਤੀਆਂ ਵੀ ਖੜੀਆਂ ਕੀਤੀਆਂ ਹਨ ਤੇ ਮੁਸ਼ਕਲਾਂ ਵੀ।

ਇਸੇ ਲਈ ਕੇਂਦਰ 'ਤੇ ਕਾਬਜ਼ ਪਾਰਟੀ ਇਸ ਜਤਨ ਵਿੱਚ ਹੈ ਕਿ ਹੱਥ ਆਈ ਸੱਤਾ ਖਿਸਕਣ ਨਾ ਦਿੱਤੀ ਜਾਵੇ, ਪਰ ਵਿਰੋਧੀ ਧਿਰਾਂ ਸੱਤਾ ਧਿਰ ਦੀ ਪਾਰਟੀ ਦੇ ਪੈਰਾਂ ਹੇਠ ਭੁੱਬਲ ਵਿਛਾਉਣ ਤੋਂ ਪਿੱਛੇ ਨਹੀਂ ਹਟ ਰਹੀਆਂ। ਜੇ ਵਿਰੋਧੀ ਧਿਰਾਂ ਇੱਕ ਮੰਚ 'ਤੇ ਇਕੱਠੀਆਂ ਹੋ ਗਈਆਂ ਜਾਂ ਗਠਜੋੜ ਬਣਾਉਣ ਵਿੱਚ ਸਫ਼ਲ ਹੋ ਗਈਆਂ ਤਾਂ ਕੇਂਦਰ 'ਤੇ ਕਾਬਜ਼ ਸਿਆਸੀ ਪਾਰਟੀ ਨੂੰ ਖਦੇੜਨ ਦੇ ਕਾਰਜ ਤੋਂ ਦੂਰ ਨਹੀਂ ਰਹਿਣਗੀਆਂ। ਜਿਹੜੀਆਂ ਪਾਰਟੀਆਂ ਲੋਕਾਂ ਦੇ ਮਨਾਂ ਵਿੱਚ ਘਰ ਕਰ ਗਈਆਂ, ਵਾਅਦੇ ਪੂਰੇ ਕਰਨ ਦੇ ਸਹੀ ਸੁਫ਼ਨੇ ਬੀਜ ਗਈਆਂ, ਉਹ ਅਵੱਸ਼ ਕਾਮਯਾਬ ਹੋਣਗੀਆਂ।

ਚੰਗਾ ਹੋਵੇ ਜੇ ਚੰਗੇ ਲੋਕ ਦੇਸ਼ ਦੀ ਵਾਗਡੋਰ ਸਾਂਭ ਲੈਣ ਅਤੇ ਲੋਕਾਂ ਦੀ ਖੁਸ਼ੀ, ਖੁਸ਼ਹਾਲੀ ਲਈ ਨਿੱਠ ਕੇ ਕੰਮ ਕਰਨ। ਉਹ ਪਾਰਟੀ ਅਤੇ ਨੇਤਾ ਹੀ ਜਿਤਾਉਣੇ ਚਾਹੀਦੇ ਹਨ, ਜਿਹੜੇ ਵਾਅਦਿਆਂ 'ਤੇ ਪੂਰੇ ਉਤਰਨ ਦਾ ਯਕੀਨ ਕਰਵਾਉਣ ਅਤੇ ਜਿੱਤ ਕੇ ਹੰਕਾਰ ਵਿੱਚ ਲੋਕਾਂ ਨੂੰ ਕੇਵਲ ਜੁਮਲਿਆਂ ਦਾ ਅਹਿਸਾਸ ਨਾ ਕਰਵਾਉਣ, ਸਗੋਂ ਵਾਅਦਿਆਂ ਨੂੰ ਸਾਕਾਰ ਕਰਨ ਅਤੇ ਲੋਕਾਂ ਦੇ ਚਿਹਰਿਆਂ 'ਤੇ ਖੇੜਾ ਆਵੇ। ਨੇਤਾਵਾਂ ਨੂੰ ਏਹੀ ਅਪੀਲ ਹੈ ਕਿ ਉਹ ਆਪਣੇ ਹੀ ਲੋਕਾਂ ਨਾਲ ਅਨਿਆਂ ਨਾ ਕਰਨ, ਸਗੋਂ ਉਨ੍ਹਾਂ ਲਈ ਸਹੂਲਤਾਂ ਪੈਦਾ ਕਰਨ ਅਤੇ ਦੇਸ ਦਾ ਨਾਂਅ ਰੌਸ਼ਨ ਕਰਨ।

**'ਅਸੀਸ' ਫ਼ਿਲਮ**

'ਅਸੀਸ' ਫ਼ਿਲਮ ਚੰਗੀ ਹੈ, ਇਸ ਲਈ ਕਿ ਇਸ ਵਿੱਚ ਅਸਲੀਅਤ ਜਿਹੀ ਦੇਖਣ ਨੂੰ ਮਿਲਦੀ ਹੈ। ਵਧਾ-ਚੜ੍ਹਾ ਕੇ ਕੁਝ ਵੀ ਪੇਸ਼ ਨਹੀਂ ਕੀਤਾ ਗਿਆ। ਕਹਾਣੀ ਚੰਗੀ ਹੈ, ਮਾਂ-ਪੁੱਤ ਦੇ ਰਿਸ਼ਤੇ ਨੂੰ ਪ੍ਰਗਟਾਇਆ ਗਿਆ ਹੈ। ਸੰਵਾਦ ਢੁੱਕਵੇਂ ਹਨ, ਐਵੇਂ ਉਬਾਲੇ ਨਹੀਂ ਮਾਰਦੇ।

ਰਾਣਾ ਰਣਬੀਰ ਪਹਿਲਾਂ ਨਾਟਕਾਂ ਵਿੱਚ ਕੰਮ ਕਰਦਾ ਸੀ ਅਤੇ ਉਸ ਦਾ ਨਾਂਅ ਕਮੇਡੀਅਨਾਂ ਵਿੱਚ ਹੀ ਲਿਆ ਜਾਂਦਾ ਸੀ, ਪਰ ਇਸ ਫ਼ਿਲਮ ਨਾਲ ਉਸ ਦੇ ਅਕਸ ਵਿੱਚ ਨਵੇਂ ਹਾਸਲ ਜੁੜੇ ਹਨ, ਕਿਉਂਕਿ ਉਹ ਫ਼ਿਲਮ ਦਾ ਨਿਰਮਾਤਾ, ਨਿਰਦੇਸ਼ਕ ਵੀ ਹੈ ਅਤੇ ਅਦਾਕਾਰ ਵੀ। ਫ਼ਿਲਮ ਦੇ ਗੀਤ ਵਧੀਆ ਹਨ, ਪਹਿਰਾਵੇ ਅਸਲ ਪਹਿਰਾਵਿਆਂ ਵਰਗੇ, ਮੇਕਅਪ ਦਾ ਰੌਲਾ ਗੌਲਾ ਨਹੀਂ। ਸਾਰੇ ਪਾਤਰ ਵਧੀਆ ਵਿਚਰੇ ਹਨ। ਇਹੋ ਜਿਹੀਆਂ ਫ਼ਿਲਮਾਂ ਬਣਨ ਤਾਂ ਲੋਕ ਜ਼ਰੂਰ ਦੇਖਣਗੇ।

**ਲਤੀਫ਼ੇ ਦਾ ਚਿਹਰਾ-ਮੋਹਰਾ**

ਪੱਤਰਕਾਰ - ਕੈਸੀ ਲੱਗੀ ਫ਼ਿਲਮ ਅਤੇ ਇਸ ਦੇ ਪਾਤਰ?
ਦਰਸ਼ਕ - ਫ਼ਿਲਮ ਵੀ ਚੰਗੀ ਸੀ ਤੇ ਪਾਤਰ ਵੀ, ਪਰ ਮੈਨੂੰ ਚੰਗੀ ਨਹੀਂ ਲੱਗ ਸਕੀ।
ਪੱਤਰਕਾਰ - ਇਹ ਕੀ ਗੱਲ ਹੋਈ, ਕੀ ਹੋ ਗਿਆ ਅਜਿਹਾ?
ਦਰਸ਼ਕ- ਨਾਲ ਗਏ 5 ਸਾਥੀਆਂ ਦੀਆਂ ਟਿਕਟਾਂ ਵੀ ਮੈਂ ਹੀ ਲਈਆਂ।

# ਘੱਲ ਕਲਾਂ 'ਚ ਗੁਰੂ ਹਰਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ



**ਮੋਗਾ (ਬਲਰਾਜ ਸਿੰਘ ਘੱਲ ਕਲਾਂ)**- ਮੋਗਾ ਜ਼ਿਲ੍ਹੇ ਦੀ ਪਿੰਡ ਘੱਲ ਕਲਾਂ ਦੇ ਗੁਰੂਦੁਆਰਾ ਪਾਤਸ਼ਾਹੀ ਛੇਵੀਂ ਵਿਖੇ ਮੀਰੀ ਪੀਰੀ ਦੇ ਮਾਲਕ 6ਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਰੱਖੇ ਗਏ ਤਿੰਨ ਰੋਜ਼ਾ ਸ੍ਰੀ ਆਖੰਡ ਪਾਠ ਸਾਹਿਬ ਜੀ ਦੀ ਭੋਗ ਪਾਏ ਗਏ। ਅਰਦਾਸ ਉਪਰੰਤ ਹੁਕਮਨਾਮਾ ਸਾਹਿਬ ਜੀ ਦੀ ਬਖਸ਼ਿਸ਼ ਨਾਲ ਕੀਰਤਨ ਸ਼ੁਰੂ ਹੋਇਆ। ਇਸ ਮੌਕੇ ਹਜ਼ੂਰੀ ਰਾਗੀ ਭਾਈ ਸੇਵਕ ਸਿੰਘ ਸੋਢੀ ਅਤੇ ਭਾਈ ਮੇਜਰ ਸਿੰਘ ਦੇ ਕੀਰਤਨੀ ਜੱਥੇ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਕਿਹਾ ਕਿ ਸਾਨੂੰ ਗੁ-ਰੂਆਂ ਦੁਆਰਾ ਦਿਖਾਏ ਹੋਏ ਮਾਰਗ ਚੱਲਣਾ ਚਾਹੀਦਾ ਹੈ ਤੇ ਬਾਣੀ ਨੂੰ ਪੜ੍ਹ ਕੇ ਉਸ ਉੱਪਰ ਅਮਲ ਕਰਨਾ ਚਾਹੀਦਾ ਹੈ। ਇਸ ਮੌਕੇ ਪਿਆਰਾ ਸਿੰਘ ਖਾਲਸਾ (ਤਰਨਤਾਰਨ ਵਾਲਿਆਂ) ਨੇ ਗੁਰੂ ਜੀ ਦੀ ਜੀਵਨੀ ਅਤੇ ਫਲਸਫੇ ਨਾਲ ਸਬੰਧਤ ਜੋਸ਼ਲੀਆਂ ਵਾਰਾਂ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ । ਉਨ੍ਹਾਂ ਸੰਗਤਾਂ ਨੂੰ ਬਾਣੀ ਅਤੇ ਬਾਣੇ ਨਾਲ ਜੁੜ੍ਹਨ ਲਈ ਕਿਹਾ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ 'ਚ ਸਮਾਜਿਕ ਕੁਰਤੀਆਂ ਦਾ ਜੋਰ ਵੱਧ ਰਿਹਾ ਹੈ ਅੱਜ ਹਰ ਪ੍ਰਾਣੀ ਨੂੰ ਉਸ ਵਿਰੁੱਧ ਆਵਾਜ਼ ਉਠਾਣੀ ਚਾਹੀਦੀ ਹੈ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਜੀਤ ਸਿੰਘ, ਸੈਕਟਰੀ ਕਰਨੈਲ ਸਿੰਘ ਨਿਰਮਲਜੀਤ ਸਿੰਘ, ਰੇਸ਼ਮ ਸਿੰਘ ਦਾਰਾਪੁਰ ਵਾਲੇ, ਗੁਰਤੇਜ ਸਿੰਘ ਅਮਰਜੀਤ ਸਿੰਘ, ਤਾਰੀ ਅਤੇ ਸੰਗਤਾਂ ਵੱਡੀ ਗਿਣਤੀ 'ਚ ਹਾਜ਼ਰ ਸਨ । ਇਸ ਮੌਕੇ ਸੰਗਤਾਂ ਨੂੰ ਅੱਤੁਟ ਲੰਗਰ ਵਰਤਾਇਆ ਗਿਆ।

# ਗਠਜੋੜ ਕਰਕੇ 2019 ਦੀਆਂ ਚੋਣਾਂ ਲੜਨ ਦੇ ਮਾਇਆਵਤੀ ਦੇ ਐਲਾਨ ਨਾਲ ਵਰਕਰਾਂ 'ਚ ਖੁਸ਼ੀ ਦੀ ਲਹਿਰ- ਕੋਟਲੀ, ਰਚਨਾ ਦੇਵੀ




**ਫਗਵਾੜਾ (ਰੱਤੂ)** - ਬਹੁਜਨ ਸਮਾਜ ਪਾਰਟੀ ਆਸਟ੍ਰੇਲੀਆ ਯੂਨਿਟ ਅਤੇ ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਮੈਲਬੋਰਨ ਦੀ ਸਾਂਝੀ ਮੀਟਿੰਗ ਬਸਪਾ ਐਨ. ਆਰ. ਆਈਜ਼ ਵਿੰਗ ਦੋਆਬਾ ਜੋਨ ਇੰਚਾਰਜ ਅਜੇ ਕਟਾਰੀਆ ਅਤੇ ਸੋਨੂੰ ਮਹਿਮੀ ਦੀ ਸਾਂਝੀ ਅਗਵਾਈ ਹੇਠ ਹੋਈ। ਮੀਟਿੰਗ ਵਿਚ ਬਸਪਾ ਪੰਜਾਬ ਦੇ ਸੀਨੀਅਰ ਆਗੂ ਸੁਖਵਿੰਦਰ ਕੋਟਲੀ ਅਤੇ ਸੂਬਾ ਸਕੱਤਰ ਬੀਬੀ ਰਚਨਾ ਦੇਵੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਸ ਮੀਟਿੰਗ ਦੌਰਾਨ 2019 ਦੀਆਂ ਲੋਕਸਭਾ ਚੋਣਾਂ ਨੂੰ ਲੈ ਕੇ ਦੇਸ਼ ਦੇ ਸਿਆਸੀ ਹਾਲਾਤਾਂ ਬਾਰੇ ਖੁੱਲ੍ਹ ਕੇ ਚਰਚਾ ਕੀਤੀ ਗਈ। ਸੁਖਵਿੰਦਰ ਕੋਟਲੀ ਅਤੇ ਬੀਬੀ ਰਚਨਾ ਦੇਵੀ ਨੇ ਸਮੂਹ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਸਪਾ ਨੂੰ ਜਿੱਥੇ ਦੇਸ਼ ਵੀ ਮਜਬੂਤੀ ਮਿਲ ਰਹੀ ਹੈ ਉੱਥੇ ਪੰਜਾਬ ਅੰਦਰ ਵੀ ਲੋਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਬਸਪਾ ਛੱਡ ਕੇ ਗਏ ਮਿਸ਼ਨਰੀ ਸਾਥੀ ਘਰ ਵਾਪਸੀ ਕਰ ਰਹੇ ਹਨ ਜਿਸ ਨਾਲ ਬਸਪਾ ਦਾ ਗ੍ਰਾਫ ਦਿਨੋ ਦਿਨ ਵੱਧ ਰਿਹਾ ਹੈ। ਉਹਨਾਂ ਕਿਹਾ ਕਿ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਦੇ ਲੋਕਸਭਾ ਚੋਣਾਂ ਸੈਕੁਲਰ ਸਿਆਸੀ ਪਾਰਟੀਆਂ ਨਾਲ ਮਿਲ ਕੇ ਲੜਨ ਦੇ ਐਲਾਨ ਨਾਲ ਬਹੁਜਨ ਸਮਾਜ ਅੰਦਰ ਖੁਸ਼ੀ ਦੀ ਲਹਿਰ ਹੈ ਅਤੇ ਸਹਿਯੋਗੀ ਦਲ ਭੈਣ ਮਾਇਆਵਤੀ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਦੇਖਣਾ ਚਾਹੁੰਦੇ ਹਨ। ਉਕਤ ਆਗੂਆਂ ਨੇ ਦਿੱਲੀ ਦੇ ਤਖਤ ਤੇ ਬਸਪਾ ਨੂੰ ਕਾਬਿਜ ਕਰਨ ਲਈ ਸਮੂਹ ਵਰਕਰਾਂ ਨੂੰ ਡਟ ਕੇ ਮਿਹਨਤ ਕਰਨ ਦੀ ਅਪੀਲ ਦੇ ਨਾਲ ਹੀ ਚੋਣਾਂ ਸਮੇਂ ਪੰਜਾਬ ਆਉਣ ਦਾ ਸੱਦਾ ਵੀ ਦਿੱਤਾ। ਅਜੇ ਕਟਾਰੀਆ ਅਤੇ ਸੋਨੂੰ ਮਹਿਮੀ ਨੇ ਭਰੋਸਾ ਦਿੱਤਾ ਕਿ ਭੈਣ ਮਾਇਆਵਤੀ ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਬਨਾਉਣ ਲਈ ਦਿਨ ਰਾਤ ਇਕ ਕੀਤਾ ਜਾਵੇਗਾ।

ਇਸ ਮੌਕੇ ਵੱਡੀ ਗਿਣਤੀ ਵਿਚ ਬਸਪਾ ਵਰਕਰ ਅਤੇ ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਦੇ ਮੈਂਬਰਾਂ ਤੋਂ ਇਲਾਵਾ ਗੁਰੂ ਰਵਿਦਾਸ ਘਰ ਮੈਲਬੋਰਨ ਦੇ ਅਹੁਦੇਦਾਰ ਵੱਡੀ ਗਿਣਤੀ ਵਿਚ ਹਾਜਰ ਸਨ।

# ਕਾਂਗਰਸ ਦਾ ਮਹਿਲਾ ਸ਼ਕਤੀ ਪ੍ਰੋਜੈਕਟ ਔਰਤਾਂ ਨੂੰ ਸਿਆਸਤ ਵਿਚ ਆਉਣ ਲਈ ਪ੍ਰੇਰਿਤ ਕਰੇਗਾ - ਰਾਣੀ ਸੋਢੀ



**ਫਗਵਾੜਾ (ਰੱਤੂ)** - ਮਹਿਲਾ ਕਾਂਗਰਸ ਪੰਜਾਬ ਦੀ ਸੂਬਾ ਮੀਤ ਪ੍ਰਧਾਨ ਅਤੇ ਮੈਂਬਰ ਏ.ਆਈ.ਸੀ.ਸੀ. ਸ੍ਰੀਮਤੀ ਬਲਵੀਰ ਰਾਣੀ ਸੋਢੀ ਨੇ ਮਹਿਲਾ ਕਾਂਗਰਸ ਦੀ ਰਾਸ਼ਟਰੀ ਪ੍ਰਧਾਨ ਸੁਸ਼ਮਿਤਾ ਦੇਵ ਦੇ ਯਤਨਾਂ ਨਾਲ ਦੇਸ਼ ਭਰ ਵਿਚ ਲਾਂਚ ਕੀਤੇ ਗਏ ਮਹਿਲਾ ਸ਼ਕਤੀ ਪ੍ਰੋਜੈਕਟ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਔਰਤਾਂ ਨੂੰ ਸਿਆਸਤ ਵਲ ਪ੍ਰੇਰਿਤ ਕਰਨ ਲਈ ਇਹ ਪ੍ਰੋਜੈਕਟ ਬਹੁਤ ਲਾਹੇਵੰਦ ਹੋਵੇਗਾ ਕਿਉਂਕਿ ਇਸ ਪ੍ਰੋਜੈਕਟ ਰਾਹੀਂ ਔਰਤਾਂ ਨੂੰ ਕਾਂਗਰਸ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਰਾਹੁਲ ਗਾਂਧੀ ਨਾਲ ਸਿੱਧਾ ਰਾਬਤਾ ਕਰਨ ਦਾ ਮੌਕਾ ਮਿਲੇਗਾ। ਉਹਨਾਂ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਹੀ ਔਰਤਾਂ ਨੂੰ ਰਾਜਨੀਤੀ ਵਿਚ ਅੱਗੇ ਲਿਆਉਣ ਲਈ ਯੋਗ ਪਲੇਟ ਫਾਰਮ ਦਿੱਤਾ ਹੈ ਕਿਉਂਕਿ ਕਿਸੇ ਵੀ ਸਮਾਜ ਦੀ ਤਰੱਕੀ ਲਈ ਔਰਤਾਂ ਦੀ ਹਿੱਸੇਦਾਰੀ ਬੇਹਦ ਜਰੂਰੀ ਹੈ।

ਉਹਨਾਂ ਮੰਦਸੌਰ ਵਿਖੇ ਇਕ ਨਾਬਾਲਿਗ ਲੜਕੀ ਨਾਲ ਜਬਰ ਜਿਨਾਹ ਦੀ ਸਾਹਮਣੇ ਆਈ ਘਟਨਾਂ ਨੂੰ ਮੰਦਭਾਗੀ ਦਸਦਿਆਂ ਸਖਤ ਨਿੰਦਾ ਕੀਤੀ। ਇਸ ਦੇ ਨਾਲ ਹੀ ਉਹਨਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਯਤਨਾਂ ਨਾਲ ਵਿਧਾਨਸਭਾ ਵਿਚ ਨਾਬਾਲਿਗ ਨਾਲ ਜਬਰ ਜਿਨਾਹ ਵਰਗੇ ਘਿਨੌਣੇ ਅਪਰਾਧ ਕਰਨ ਵਾਲੇ ਦੋਸ਼ੀਆਂ ਨੂੰ ਮੌਤ ਦੀ ਸਜਾ ਦੇਣ ਦੇ ਪਾਸ ਕੀਤੇ ਗਏ ਕਾਨੂੰਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਦੇ ਸਕਾਰਾਤਮਕ ਨਤੀਜੇ ਹੋਣਗੇ। ਉਹਨਾਂ ਕਿਹਾ ਕਿ ਇਸ ਕਾਨੂੰਨ ਨੂੰ ਪਾਸ ਕਰਨ ਵਿਚ ਯੋਗਦਾਨ ਦੇਣ ਵਾਲਾ ਹਰ ਵਿਧਾਇਕ ਵਧਾਈ ਦਾ ਪਾਤਰ ਹੈ। ਇਸ ਮੌਕੇ ਉਹਨਾਂ ਦੇ ਨਾਲ ਕੌਂਸਲਰ ਪਰਮਿੰਦਰ ਕੌਰ ਰਘਬੋਤਰਾ, ਨਰਿੰਦਰ ਕੌਰ, ਵੰਦਨਾ ਸ਼ਰਮਾ ਜਨਰਲ ਸਕੱਤਰ ਮਹਿਲਾ ਕਾਂਗਰਸ ਫਗਵਾੜਾ, ਪ੍ਰੇਮ ਚੱਗਰ, ਅਨੀਤਾ ਸੇਠ, ਬੇਬੀ ਧੀਰ, ਅੰਜੂ ਬਾਲਾ, ਬਿੰਦੂ ਸੋਂਧੀ, ਮਹਿੰਦਰ ਕੌਰ, ਸੀਤਾ ਦੇਵੀ, ਸੁਦੇਸ਼ ਰਾਣੀ, ਬਲਜੀਤ ਕੌਰ, ਪਰਮਿੰਦਰ ਪ੍ਰੇਮਪੁਰਾ, ਮਨਜੀਤ ਕੌਰ, ਨੀਨਾ ਸ਼ਰਮਾ, ਸੁਰਿੰਦਰ ਕੌਰ, ਸੰਤੋਸ਼ ਕੁਮਾਰੀ, ਸੰਤੋਸ਼ ਬਾਂਸਲ, ਰੇਸ਼ਮ ਕੌਰ, ਮਨਦੀਪ ਕੌਰ, ਰਾਣੀ ਸਰਾਏ ਰੋਡ, ਬਲਵਿੰਦਰ ਕੌਰ, ਗੁਰਮੀਤ ਕੌਰ, ਸੁਖਵਿੰਦਰ ਕੌਰ, ਪ੍ਰਕਾਸ਼ ਕੌਰ, ਬਖਸ਼ੋ ਰਾਣੀ ਆਦਿ ਹਾਜਰ ਸਨ।

HAPPY 4TH OF JULY

# United States of America: A Vision of Freedom and Dream of Prosperity

**Prem Kumar Chumber**
**Editor-in-Chief: Ambedkar Times**




4th of July embodies a vision of freedom and dream of prosperity. Every person in the world irrespective of her/his religion, class, creed and faith aspires to make the USA his home! S/he feels embolden while getting associated with this great nation - an abode of liberty, equality fraternity - of opportunities and dignity. The USA instills faith and courage to come forward to live and let live with love and peace with one- self and the rest of the humanities. Since the end of World War II, it has not looked back to reconstruct peaceful order in the world and help attain freedom of thought, liberty and equality everywhere on the globe. Name any continent, region or a country where the USA has not left its mark of encouragement and initiatives for realizing ones dream and aspirations. One of the largest and oldest democratic countries in the world, the USA has always shown its greatest interest in allowing free flow of ideas and letting people live the way they want to be. It has remained first in all fields of human activities, be it science, technology, art, and sports. What led it to achieve all this is perhaps the freedom of thought and action guaranteed by its constitution and effective governance system. Ambedkar Times & Desh Doaba takes a lot of pride on this auspicious day of freedom and independence.

*Posted at www.ambedkartimes.com*

*July 4, 2018*

# First Time Blood Drive at Sri Guru Ravidass Temple, Pittsburg

RED CROSS did the Blood Drive at Sri Guru Ravidass Temple, Pittsburg, on last Saturday, June 30, 2018. Although, this blood drive was the first effort by the Sri Guru Ravidass Temple, PittsburgGurughar Committee and Sangat, 27 donors came to donate blood. 18 Pints of blood were collected. Our team also registered 19 first time donors. This may save a few lives that depend on blood transfusion. We look forward to our next opportunity to help this great cause!

**Ramesh Suman (Chairman)**
**Sri Guru Ravidass Temple**
**Pittsburg (California)**



# ALL INDIA SAMATA SAINIK DAL RELEASES DR. AMBEDKAR SOUVENIR




"All India Samata Sainik Dal (Regd.) Punjab Unit have been publishing and releasing a Souvenir on the Birthday of Babasaheb Dr. B.R. Ambedkar in a function on 14 April every year at Ambedkar Bhawan, Jalandhar (Punjab) India for the last many years.

This time the Souvenir was released in the National Conference of All India Samata Sainik Dal held at Kurukashetra (Haryana) on 9-10 June, 2018 through Shri L.R. Balley (Editor Bheem Patrika and Chief Advisor, All India Samata Sainik Dal), Harish Chahande (Chairman, All India Samata Sainik Dal), Saubhash Chander Musafir (Himachal Pardesh), Dr. A.S. Chahal (Kurukashetra University), Dr. Sanjay Gajbhiye (Nagpur, Maharashtra) Dr. R.S. Praveen Kumar IPS (Secretary, Telangana Govt.), Shiv NathChoudhary 'Alam' (Editor, TeesraPaksh, Jabalpur, Madhya Pradesh) and office bearers of All India Samata Sainik Dal (Regd.) Punjab Unit. AISSD's function was successful.

# ALL INDIA SAMATA SAINIK DAL'S NEW UNIT IN PHAGWARA



All India Samata Sainik Dal (Regd.) opened its New Unit in Phagwara, District Kapurthala, (Punjab). This Unit is a 'Women Cell' of the Dal. This came in to existence with the sincere efforts and cooperation of Madam Leela Baudh. Madam Ranjana Wase (Female Organizer & State Secretary, All India Samata Sainik Dal, Maharashtra) and Shri Ashok Shende (National General Secretary, All India Samata Sainik Dal) specially came from Maharashtra to open the Phagwara Unit (Women Cell) of the Dal in Kapurthala District of Punjab.

The Opening Ceremony function was held at the "Ambedkar Bhawan", Urban Estate, Phagwara. The great personalities Shri L.R. Balley (Renowned Ambedkarite and Editor Bheem Patrika, Jalandhar), K.C. Sulekh, Dr. Santokh Lal Virdi 'Advocate', Mr. S.R. Laddhar I.A.S. and Shri Sohan Sehjal were present in the opening ceremony. Mr. Varinder Kumar (Secretary-North, All India Samata Sainik Dal), Mr. Baldev Raj Bhardwaj, Mrs. Sukhwinder Kaur and Mrs. Banso Devi were also present.

Shri Amarjit Lal Sinhmar husband of Smt. Leela Baudh made the successful function.

********

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

**(ਬਾਨੀ ਆਦਿ-ਧਰਮ ਲਹਿਰ, ਸਾਬਕਾ ਐਮ.ਐਲ.ਏ, ਫਰੀਡਮ ਫਾਈਟਰ ਗਦਰ ਪਾਰਟੀ, ਸਾਬਕਾ ਐਮ. ਬੀ. ਡੀ., ਸਾਬਕਾ ਪ੍ਰਧਾਨ ਪੰਜਾਬ ਸ਼ਡੂਲਡ ਕਾਸਟ ਫੈਡਰੇਸ਼ਨ, ਸਾਬਕਾ ਪ੍ਰਧਾਨ ਆਲ-ਇੰਡੀਆ ਆਦਿ-ਧਰਮ ਫੈਡਰੇਸ਼ਨ)**

**ਉੱਘੇ ਸਮਾਜ ਸੇਵਕ, ਸਾਬਕਾ ਤਹਿਸੀਲ ਭਲਾਈ ਅਫਸਰ, ਬਹੁਜਨ ਸਮਾਜ ਬੁਲੇਟਿਨ ਦੇ ਰੈਜ਼ੀਡੈਂਟ ਐਡੀਟਰ, ਬਹੁਜਨ ਸਮਾਜ ਦੇ ਜਾਣੇ-ਪਛਾਣ ਨਿਧੱੜਕ, ਨਿਰਪੱਖ, ਬੇ-ਖੌਫ, ਨਿਰਪੱਖ ਲੇਖਣੀ ਦੇ ਬੇਤਾਜ ਮਹਾਨ ਚਿੰਤਕ ਅਤੇ ਲੇਖਕ ਮਾਨਯੋਗ ਸੀ. ਐਲ. ਚੁੰਬਰ (ਜੋ ਅੱਜ ਜਿਸਮਾਨੀ ਤੌਰ ਤੇ ਸਾਡੇ ਵਿਚਕਾਰ ਨਹੀਂ ਰਹੇ ਪਰ ਉਹਨਾਂ ਦੇ ਕੰਮ ਹਮੇਸ਼ਾਂ-ਹਮੇਸ਼ਾਂ ਲਈ ਸਲਾਹੁਣਯੋਗ ਰਹਿਣਗੇ), ਐਡੀਟਰ-ਇੰਨ-ਚੀਫ ਕੌਮੀ ਉਡਾਰੀਆਂ ਜਲੰਧਰ,(ਪੰਜਾਬ) ਭਾਰਤ, ਸ਼੍ਰੀਮਾਨ ਸੀ. ਐਲ. ਚੁੰਬਰ , ਨੇ ਆਦਿ ਧਰਮ ਮੰਡਲ ਦੇ ਦਸਤਾਵੇਜਾਂ ਨੂੰ ਬਹੁਜਨ ਸਮਾਜ ਬੁਲੇਟਿਨ ਦੇ ਅੰਕ 9 ਵਿੱਚ "ਨਾਮ ਮੰਗੂ ਰਾਮ ਜੀ ਦਾ ਭੁੱਲਣਾ ਨਹੀਂ ਚਾਹੀਦਾ" ਦੇ ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ। ਜਿਸਨੂੰ ਕਿ ਪਾਠਕਾਂ ਦੇ ਰੂਬਰੂ ਕੀਤਾ ਜਾ ਰਿਹਾ ਹੈ। ਉਮੀਦ ਹੈ ਆਪ ਸਭ ਪਸੰਦ ਕਰੋਗੇ।**

***ਤੇਜਪਾਲ ਗੰਗੜ (ਬਰਨਬੀ, ਬ੍ਰਿਟਿਸ਼ ਕੁਲੰਬੀਆ, ਕਨੇਡਾ) ਫੋਨ: 778.319.5431***

ਪੰਜਾਬ ਦੇ ਮਹਾਨ ਸਪੂਤ, ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ, ਜਿਸਨੇ ਸਾਨੂੰ ਪੜਣ ਅਤੇ ਨੌਕਰੀਆਂ ਕਰਨ ਦਾ ਅਧਿਕਾਰ, ਵੋਟ ਦਾ ਅਧਿਕਾਰ, ਜ਼ਮੀਨ ਖਰੀਦਣਦਾ ਅਧਿਕਾਰ ਦਵਾ ਕੇ ਸਮਾਜ ਵਿੱਚ ਸਿਰ ਉੱਚਾ ਚੁੱਕ ਕੇ ਚਲਣਾ ਸਿਖਾਇਆ, ਨੂੰ ਦਲਿਤ ਸਮਾਜ ਵਲੋਂ ਬਹੁਤ ਘੱਟ ਯਾਦ ਕੀਤਾ ਜਾਂਦਾ ਹੈ। ਇਸ ਮਹਾਨ ਨੇਤਾ ਅਤੇ ਦੇਸ਼ ਭਗਤ ਦੀ ਦੇਣ ਹੋਰਨਾਂ ਸਮਾਜ ਸੁਧਾਰਕਾਂ ਅਤੇ ਰਾਜਨੀਤਿਕ ਨੇਤਾਵਾਂ ਤੋਂ ਘੱਟ ਨਹੀਂ ਹੈ। ਬਾਬੂ ਜੀ ਪੜ੍ਹੇ ਲਿਖੇ, ਘਰੋਂ ਸੁਖਾਲੇ ਅਤੇ ਬਹਾਦੁਰ ਨੌਜਵਾਨ ਸਨ। ਵਿਦੇਸ਼ਾਂ ਵਿੱਚ 16 ਸਾਲ ਤੱਕ ਰਹਿ ਕੇ ਉਨ੍ਹਾਂ ਨੇ ਜੋ ਇੱਜ਼ਤ ਮਾਣ, ਬਰਾਬਰੀ ਦਾ ਦਰਜਾ ਤੇ ਜ਼ਿੰਦਗੀ ਦੀਆਂ ਸਭ ਸਹੂਲਤਾਂ ਮਾਣੀਆਂ, ਉਹ ਚਾਹੁੰਦੇ ਸਨ ਕਿ ਇਹ ਸਹੂਲਤਾਂ ਹਰ ਅਛੂਤ ਸਮਝਿਆ ਜਾਣ ਵਾਲਾ ਇਨਸਾਨ ਇਨ੍ਹਾਂ ਸਹੂਲਤਾਂ ਦਾ ਅਨੰਦ ਮਾਣੇ। ਸੰਨ 1926 ਵਿੱਚ 40 ਸਾਲ ਦੀ ਉਮਰ ਵਿੱਚ ਜੋ ਰਸਤਾ ਬਾਬੂ ਜੀ ਨੇ ਚੁਣਿਆ, ਉਹ ਬੜਾ ਭਿਆਨਕ ਪਰ ਸਵੈਮਾਨਤਾ ਭਰਪੂਰ ਸੀ। ਬਾਬੂ ਜੀ ਦੀ ਸਖਤ ਜੱਦੋ-ਜਹਿਦ ਦਾ ਹੀ ਫਲ ਹੈ ਕਿ ਅੱਜ ਅਸੀਂ ਆਦਿ ਧਰਮ ਮੰਡਲ ਦੁਆਰਾ ਸਰਕਾਰ ਪਾਸੋਂ ਮੰਨਵਾਈਆਂ ਮੰਗਾਂ ਦਾ ਅਨੰਦ ਮਾਣ ਰਹੇ ਹਾਂ। ਸਮੁੱਚੀ ਆਦਿ-ਧਰਮੀ ਕੌਮ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਸ਼ੁਕਰਗੁਜ਼ਾਰ ਹੈ, ਜਿਨ੍ਹਾਂ ਨੇ ਸਾਡੀ ਕੌਮ ਦੀਆਂ ਹਜ਼ਾਰਾਂ ਸਾਲ ਪੁਰਾਣੀਆਂ ਗੁਲਾਮੀ ਦੀਆਂ ਜੰਜ਼ੀਰਾਂ ਤੋੜਕੇ ਸਾਨੂੰ ਮਾਨਵੀ ਅਧਿਕਾਰ ਲੈ ਕੇ ਦਿੱਤੇ। ਬਾਬੂ ਜੀ ਸਾਡੇ ਸਮਾਜ ਦੇ ਚਾਨਣ ਮੁਨਾਰੇ ਬਣੇ ਰਹਿਣਗੇ।

### ਵਾਇਸਰਾਏ ਅਤੇ ਗਵਰਨ ਜਨਰਲ ਨੂੰ ਯਾਦ ਪੱਤਰ

1931 ਦੀ ਮਰਦਮ ਸ਼ੁਮਾਰੀ ਤੋ ਬਾਅਦ ਅਤੇ ਗੋਲਮੇਜ਼ ਕਾਨਫਰੰਸ ਵਿੱਚ ਨਾਮਜ਼ਦਗੀ ਤੋਂ ਪਹਿਲਾਂ ਬਾਬੂ ਮੁੱਗੋਵਾਲੀਆ ਨੇ ਮਿਸਰਟ ਫਰੀਮੈਂਨ ਥਾਮਸ, ਅਰਲ ਆਫ ਵਿਲਿੰਗਡਨ, ਜੀਐਮਐਸਆਈ, ਜੀ. ਜੀ. ਐਮ. ਜੀ., ਜੀ.ਐਮ.ਆਈ.ਈ, ਜੀ.ਵੀ ਈ. ਵਾਇਸਰਾਏ ਅਤੇ ਗਵਰਨਰ ਜਨਰਲ ਆਫ ਇੰਡੀਆ ਨੂੰ ਯਾਦ ਪੱਤਰ ਭੇਜਿਆ। ਇਸ ਯਾਦ ਪੱਤਰ ਵਿੱਚ ਆਦਿ-ਧਰਮੀਆਂ ਦੇ ਇਤਹਾਸ ਅਤੇ ਉਨ੍ਹਾਂ ਉੱਪਰ ਉੱਚ ਜਾਤੀ ਦੇ ਜ਼ੁਲਮਾਂ ਨੂੰ ਚਿੱਤਰਿਆ ਹੈ ਆਦਿ-ਧਰਮੀਆ ਨੂੰ ਦੁਨੀਆਂ ਦੀ ਪ੍ਰਾਚੀਨਤਮ ਅਤੇ ਉੱਤਮ ਨਸਲ ਐਲਾਨਦਿਆਂ ਕਿਹਾ ਕਿ 5000 ਹਜ਼ਾਰ ਸਾਲ ਪਹਿਲਾਂ ਉਨ੍ਹਾਂ ਦਾ ਭਾਰਤ ਉੱਤੇ ਰਾਜ ਸੀ ਅਤੇ ਮੱਧ ਏਸ਼ੀਆ ਤੋਂ ਆਏ ਆਰਿਆ ਨੇ ਇਨ੍ਹਾਂ ਨੂੰ ਗੁਲਾਮ ਬਣਾਇਆ ਹੈ ਆਦਿ-ਧਰਮੀਆ ਉੱਪਰ ਉੱਚ ਜਾਤੀ ਹਿੰਦੂਆਂ ਅਤੇ ਅੰਗਰੇਜਾਂ ਦੀਆ ਦੋ ਸਰਕਾਰਾਂ ਦਾ ਰਾਜ ਦੱਸਿਆ ਹੈ।

ਯਾਦ ਪੱਤਰ ਵਿੱਚ ਮੰਜਾਬ ਵਿੱਚ ਮੁਸਲਿਮ ਰਾਜ ਰਹਿਣ ਕਾਰਨ ਦੂਜੇ ਰਾਜਾਂ ਮੁਕਾਬਲੇ ਘੱਟ ਛੂਆਂ ਛਾਤ ਦਾ ਦਾਅਵਾ ਕੀਤਾ ਹੈ ਪਰ ਰਾਜਨੀਤਕ ਤੌਰ ਤੇ ਗਏ ਗੁਜਰੇ ਕਿਹਾ ਹੈ ਕਿਉਂਕਿ ਪੰਜਾਬ ਵਿਚ ਵਿਧਾਨ ਪ੍ਰੀਸ਼ਦ ਜਾਂ ਸਥਾਨਕ ਸਰਕਾਰ ਵਿਚ ਇੱਕੋ ਵੀ ਮੈਂਬਰ ਨੂੰ ਨਾਮਜ਼ਦ ਨਹੀਂ ਕੀਤਾ ਜਦੋਂ ਕਿ ਦੂਜੇ ਸੂਬਿਆਂ ਵਿਚ 1 ਤੋਂ 11 ਤੱਕ ਨਾਮਜ਼ਦਗੀਆਂ ਇਨ੍ਹਾਂ ਵਰਗਾਂ ਚੋਂ ਕੀਤੀਆਂ ਹਨ। ਸੰਯੁਕਤ ਚੋਣ ਖੇਤਰ ਪ੍ਰਬੰਧ ਦੀ ਥਾਂ ਵੱਖਰੇ ਚੋਣ ਪ੍ਰਬੰਧ (ਸਏਪਓਰਓਟਏ ਏਲਏਚਟਰਓਟਏ) ਨੂੰ ਆਦਿ-ਧਰ-ਮੀਆ ਦੇ ਰਾਜਨੀਤਕਨ ਅਤੇ ਸਮਾਜਿਕ ਅਤੇ ਇੱਥੋ ਤੱਕ ਕਿ ਨੈਤਿਕ ਮੁਕਤੀ ਦੇ ਲਈ ਸਹਾਈ ਦੱਸਿਆ। ਆਦਿ-ਧਰਮੀਆਂ ਦੀ ਮੌਜੂਦਾ ਸਥਿਤੀ ਦਾ ਵਰਨਣ ਕਰਦਿਆਂ ਉਨ੍ਹਾਂ ਦੀ ਸਥਿਤੀ ਵਿੱਚ ਸੁਧਾਰ ਲਈ 15 ਮੰਗਾਂ ਰੱਖੀਆਂ। ਜਿਨ੍ਹਾਂ ਵਿੱਚੋਂ ਮੁੱਖ ਸਨ:

1. ਆਦਿ-ਧਰਮ ਨੂੰ ਹਿੰਦੂ ਧਰਮ ਤੋਂ ਵੱਖਰਾ ਮੰਨਣਾ,
2. ਐਮ ਐਲ਼. ਏ ਆਦਿ ਦੀ ਚੋਣ ਮੰਡਲ ਵਲੋਂ ਕਰਨਾ,
3. ਧਾਰਮਿਕ ਘੱਟ ਗਿਣਤੀਆ ਦੀ ਨੁਮਾਇੰਦਗੀ ਦੇ ਮੁੱਦੇ ਨੂੰ ਨਿਜੱਠਣ ਤੋਂ ਪਹਿਲਾਂ ਕੇਂਦਰ ਸਵਿਧਾਨ ਵਿੱਚ ਸੋਧ ਨਾ ਕੀਤੀ ਜਾਵੇ, ਪੁਲਿਸ, ਸਿਵਲ, ਫੌਜ, ਸਿੱਖਿਆ, ਰੇਲਵੇ ਅਤੇ ਸਿਹਤ ਆਦਿ ਖੇਤਰਾਂ ਵਿੱਚ ਬਣਦੀ ਨੁਮਾਇੰਦਗੀ ਦੇਣਾ,
4. ਆਦਿ-ਧਰਮੀ ਨਾਂ ਥੱਲੇ ਫੌਜੀ ਰੈਜੀਮੈਂਟ ਦੀ ਸਥਾਪਨਾ ਕਰਨਾ,
5. ਮਿਊਂਸਪਲਟੀਆਂ, ਡਿਸਟ੍ਰਿਕਟ ਬੋਰਡਾਂ, ਕੌਂਸਲਾਂ ਅਤੇ ਅਸੰਬਲੀ ਵਿੱਚ ਅਬਾਦੀ ਅਨੁਸਾਰ 18 ਪ੍ਰਤੀਸ਼ਤ ਨੁਮਾਇਦਗੀ ਦੀ ਮੰਗ,
6. ਪੰਜਾਬ ਭੂਮੀ ਇੰਤਕਾਲ ਆਦਿ ਐਕਟ 1900 ਵਿੱਚ ਆਦਿ-ਧਰਮੀਆਂ ਨੂੰ ਸਹੂਲਤਾਂ ਦੇਣ ਸਬੰਧੀ ਸੋਧ ਕਰਨਾ,
7. ਦੂਜੀਆ ਕੌਮਾਂ ਵਾਂਗ ਜਾਇਦਾਦ ਦਾ ਅਧਿਕਾਰ ਦੇਣਾ, ਪੰਜਾਬ ਸਰਕਾਰ ਕੋਲ ਪਈ 151872 ਹਜਾਰ ਏਕੜ ਜ਼ਮੀਨ ਅਣਵਾਹੀ ਪਈ ਹੈ ਜੋ ਦੂਜੀਆ ਕੌਮਾ ਵਾਂਗ ਆਦਿ-ਧਰਮੀਆਂ ਵਿੱਚ ਵੰਡੀ ਜਾਵੇ।
8. ਆਦਿ-ਧਰਮੀਆਂ ਨੂੰ ਆਪਣੇ ਆਦਿ-ਧਰਮੀ ਭਰਾ ਦੀ ਜ਼ਾਮਨੀ ਦੇਣ ਦਾ ਕਾਨੂੰਨ ਹੋਵੇ।
9. ਆਦਿ-ਧਰਮੀਆਂ ਤੇ ਜ਼ਰਾਇਮ ਪੇਸ਼ਾ ਦਾ ਧੱਬਾ ਧੋਣਾ, ਵਿਦੇਸ਼ਾ ਖਾਸ ਕਰਕੇ ਕਨੇਡਾ, ਨਿਊਜ਼ੀਲੈਂਡ, ਅਸਟ੍ਰੇਲੀਆਂ ਆਦਿ ਵਿੱਚ ਜਾਣ ਦੀ ਇਜ਼ਾਜ਼ਤ ਦੇਣ ਕਿਉਕਿ ਆਦਿ-ਧਰਮੀ ਗਰੀਬ ਹਨ।
10. ਪ੍ਰਸ਼ਾਸਨ ਟੈਕਸ ਆਦਿ-ਧਰਮੀਆਂ ਤੋਂ ਖਤਮ ਕਰਨਾ, ਜਦੋਂ ਤੱਕ ਉਨ੍ਹਾਂ ਨੂੰ ਸਬੰਧਤ ਅਦਾਰਿਆਂ ਵਿੱਚ ਬਣਦੀ ਨੁਮਾਇੰਦਗੀ ਸਰਕਾਰ ਨਹੀ ਦਿੰਦੀ,
11. ਬੈਂਕਾ ਆਦਿ-ਧਰਮੀਆਂ ਨੂੰ ਕਰਜੇ ਨਹੀਂ ਦਿੰਦਆਂ ਇਸ ਲਈ ਸਪੈਸ਼ਲ ਬੈਂਕਿੰਗ ਪ੍ਰਬੰਧ ਸਰਕਾਰ ਦੇ ਅਧੀਨ ਹੋਣੇ ਚਾਹੀਦੇ ਹਨ, ਜਾਂ ਤਾਂ ਪੰਚਾਇਤ ਵਿੱਚ ਆਦਿ-ਧਰਮੀਆਂ ਨੂੰ ਨੁਮਾਇੰਦਗੀ ਮਿਲੇ ਜਾਂ ਫਿਰ ਆਦਿ ਧਰਮੀਆਂ ਦੀਆਂ ਪੰਚਾਇਤਾਂ ਨੂੰ ਕਾਨੂੰਨੀ ਮਾਨਤਾ ਮਿਲੇ।
12. ਜਨ ਗਣਨਾ ਦੌਰਾਨ ਆਦਿ-ਧਰਮੀਆਂ ਉੱਪਰ ਸਿੱਖਾਂ ਅਤੇ ਹਿੰਦੂਆਂ ਦੇ ਜੁਲਮਾਂ ਕਾਰਨ ਇਹ ਜਨ ਗਣਨਾ ਪ੍ਰਵਾਨ ਨਹੀਂ। ਇਸ ਸਬੰਧੀ ਇੰਨਕੁਆਇਰੀ ਕਰਾ ਕੇ ਸਹੀ ਜਣਗਣਨਾ ਕੀਤੀ ਜਾਵੇ। ਆਦਿ ਧਰਮੀ ਲੜਕੇ ਲੜਕੀਆਂ ਲਈ ਵਧੀਆ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਵੇ।
13. ਨੈਸ਼ਨਲ ਸਕਾਲਰ ਸ਼ਿੱਪ ਦੇਣ ਅਤੇ ਆਦਿ-ਧਰਮੀਆਂ ਲਈ ਜਿੱਥੇ ਤੱਕ ਹੋ ਸਕੇ ਵੱਖਰੇ ਸਕੂਲ ਖੋਲ੍ਹੇ ਜਾਣ, ਆਦਿ-ਧਰਮ ਮੰਡਲ ਆਫ ਪੰਜਾਬ ਜਲੰਧਰ ਨੂੰ ਆਦਿ-ਧਰਮੀਆਂ ਦਾ ਨੁਮਾਇੰਦਾ ਸਮਝਿਆ ਜਾਵੇ। ਦਇਆ ਨੰਦ ਦਲਿਤ ਉਦਾਰ ਮੰਡਲ ਹੁਸ਼ਿਆਰਪੁਰ, ਪਤਿਤ ਉਦਾਰ ਮੰਡਲ, ਅਛੂਤ ਉਦਾਰ ਮੰਡਲ ਅਤੇ ਅੰਤਜ ਉਦਾਰ ਮੰਡਲ ਲਾਹੌਰ ਆਦਿ-ਧਰਮੀਆਂ ਦੇ ਨੁਮਾਇੰਦਗੇ ਨਹੀ ਹਨ, ਮਤੇ ਪਾਸ ਕੀਤੇ।
14. ਲੰਡਨ ਵਿਖੇ ਆਯੋਜਿਤ ਹੋਣ ਜਾ ਰਹੀ ਗੋਲਮੇਜ ਕਾਨਫਰੰਸ ਵਿੱਚ ਆਦਿ ਧਰਮੀਆਂ ਦਾ ਘੱਟ ਤੋ ਘੱਟ ਇੱਕ ਨੁਮਾਇੰਦਾ ਭੇਜਿਆ ਜਾਵੇ।
15. ਸਰਕਾਰ ਆਦਿ-ਧਰਮ ਮੰਡਲ ਰਾਂਹੀ ਚਮੜੇ ਦੀ ਵਸਤਾਂ ਫੋਜ ਪੁਲਿਸ ਆਦਿ ਲਈ ਖਰੀਦੇ ਤਾਂ ਜੋ ਇਨ੍ਹਾਂ ਦੀ ਆਰਥਿਕ ਹਾਲਤ ਸੁੱਧਰੇ। ਇਹ ਯਾਦ ਪੱਤਰ ਸੁੰਦਰ ਦਿੱਖ ਵਾਲਾ ਕਿਸ਼ਨ ਸਕੀਮ ਪ੍ਰੈਸ, ਰੇਲਵੇ ਰੋਡ ਜਲੰਧਰ ਸ਼ਹਿਰ ਤੋਂ ਛਪਿਆਂ ਜਿੱਥੋ ਆਦਿ ਡੰਕਾਂ ਛੱਪਦਾ ਸੀ ਅੱਜ ਕੱਲ ਉਨ੍ਹਾਂ ਦੀ ਪ੍ਰੈਸ ਦਾ ਨਾਮ ਸੋਨੀ ਪ੍ਰਿੰਟਿੰਗ ਪ੍ਰੈਸ ਹੈ।



### ਪ੍ਰਧਾਨ ਫ੍ਰੈਚਾਈਜ਼ ਕਮੇਟੀ ਨੂੰ ਮਿਲਣ ਨੂੰ ਯਾਦ ਪੱਤਰ 1932 ਈ:

30 ਮਾਰਚ 1932 ਨੂੰ ਰਾਤ 8 ਵਜੇ ਆਦਿ ਧਰਮ ਮੰਡਲ ਦੀ ਖਾਸ ਮੀਟਿੰਗ ਕਿਲਾ ਗੁੱਜਰ ਸਿੰਘ, ਫੇਰੂ ਰੋਡ, ਲਾਹੌਰ ਵਿੱਖੇ ਬਾਬੂ ਬਿਹਾਰੀ ਲਾਲ ਸਿਆਲਕੋਟ ਦੀ ਪ੍ਰਧਾਨਗੀ ਹੇਠ ਮੀਟਿੰਗ ਵਿੱਚ ਹੋਈ ਜਿਸ ਵਿਚ ਇਹ ਫੈਸਲਾ ਲਿਆ ਕਿ ਬਾਬੂ ਮੁੱਗੋਵਾਲੀਆ ਪ੍ਰਧਾਨ ਅਤੇ ਬਾਬੂ ਹਜਾਰਾ ਰਾਮ ਪਿਪਲਾਂ ਵਾਲਾ ਜਨਰਲ ਸਕੱਤਰ ਲਾਰਡ ਲੋਥੀਅਨ ਕਮੇਟੀ (ਫਰੈਂਚਾਈਜ਼ ਕਮੇਟੀ) ਨੂੰ ਪੰਜਾਬ ਕੌਂਸਲ ਵਿੱਚ ਮਿਲਣਗੇ। ਜਿਨ੍ਹਾਂ ਦੀ ਮੱਦਦ ਲਈ 15 ਆਦਿ ਧਰਮੀ ਆਗੂ ਵੀ ਨਾਲ ਜਾਣਗੇ ਜਿਨ੍ਹਾਂ ਦੇ ਨਾਂ ਸਨ: ਪੰਡਿਤ ਹਰੀ ਰਾਮ ਉਪ ਪ੍ਰਧਾਨ, ਸੰਤ ਰਾਮ ਆਜ਼ਾਦ, ਰਾਮ ਚੰਦ ਸੰਪਾਦਕ, "ਆਦਿ ਡੰਕਾ", ਹਰਦਿੱਤਾ ਮੱਲ ਪ੍ਰਧਾਨ ਮਜ਼ਬੀ ਬਰਾਦਰੀ ਜ਼ਿਲ੍ਹਾ ਫਿਰੋਜ਼ਪੁਰ, ਭਗਤ ਗੁਲਾਬਾ ਮੱਲ, ਮੈਨੇਜਰ, ਮੈਨੇਜਿੰਗ ਕਮੇਟੀ, ਰੋਸ਼ਨ ਲਾਲ ਵਾਲਮੀਕ ਲਾਹੌਰ ਸ਼ਹਿਰ, ਬਿਹਾਰੀ ਲਾਲ ਸਿਆਲਕੋਟ, ਰੇਸੀ ਰਾਮ ਖਾਲਸਾ ਬਰਾਦਰੀ ਅੰਬਾਲਾ, ਰਾਮ ਸਿੰਘ ਕਬੀਰ ਪੰਥੀ ਜਿਲਾ ਹੁਸ਼ਿਆਰਪੁਰ, ਭੁੱਲਾ ਰਾਮ ਸੈਕਟਰੀ ਜਿਲ੍ਹਾ ਲਾਇਲਪੁਰ,ਚਮਨ ਲਾਲ ਰਵੀਦਾਸੀਆ ਜਿਲ੍ਹਾ ਲੁਧਿਆਣਾ। ਖੜਕੂ ਮੱਲ ਜਿਲ੍ਹਾ ਕਾਂਗੜਾ, ਉੱਤਮ ਚੰਦ ਚੀਚਾਵਤਨੀ, ਜਿਲਾ ਮਿਟਗੁੰਮਰੀ, ਹਰਦਿਆਲ ਡਲਹੌਜ਼ੀ।

**ਇਸ ਖਾਸ ਮੀਟਿੰਗ ਵਿੱਚ ਪੰਜ ਮਤੇ ਹੋਰ ਪਾਸ ਕੀਤੇ:**

**ਪਹਿਲਾ ਮਤਾ:** ਆਦਿਧਰਮੀ ਕੀ ਮਰਦ, ਕੀ ਔਰਤ, ਆਪਣੇ ਵਿਚਾਰ ਪ੍ਰਗਟ ਕਰਨ ਲਈ ਆਜ਼ਾਦ ਹਨ।

**ਦੂਜਾ:** ਮੰਡਲ ਵੱਖਰੇ ਚੋਣ ਕਰਤਾ ਪ੍ਰਣਾਲੀ ਦੇ ਪੱਖ ਵਿਚ ਹੈ। ਅਤੇ ਸੰਯੁਕਤ ਚੋਣ ਕਰਤਾ ਪ੍ਰਣਾਲੀ ਦੇ ਸਖਤ ਵਿਰੁੱਧ ਹੈ।

**ਤੀਜਾ ਮਤਾ:** ਰਾਜਾ ਮੁੰਜੇ ਪੈਕਟ ਦੀ ਸਖਤ ਵਿਰੋਧਤਾ ਕਰਦੇ ਹਾਂ।

**ਚੌਥਾ ਮਤਾ:** ਇਹ ਫੈਸਲਾ ਕਰਦੇ ਹਾਂ ਕਿ ਮਹਾਤਮਾ ਗਾਂਧੀ, ਕਾਂਗਰਸ, ਐਮ. ਸੀ. ਰਾਜਾ ਅਛੂਤਾਂ ਦੇ ਨੇਤਾ ਨਹੀਂ ਹਨ।ਸਗੋਂ ਡਾ. ਅੰਬੇਡਕਰ ਅਛੂਤਾਂ ਦੇ ਅਸਲੀ ਨੇਤਾ ਹਨ।

**ਪੰਜਵਾਂ ਮਤਾ:** ਹਿੰਦੂਵਾਦ, ਦਇਆਨੰਦ ਦਲਿਤਉਧਾਰ, ਅਛੂਤ ਉਧਾਰ ਅਤੇ ਆਰੀਆ ਸਮਾਜ ਅਛੂਤ ਵਰਗ ਨੂੰ ਧੋਖਾ ਦੇਣ ਲਈ ਬਣਾਏ ਗਏ ਹਨ।ਇਹ ਚਾਹੁੰਦੇ ਹਨ ਕਿ ਸਰਕਾਰ ਅਛੂਤਾਂ ਦੇ ਮਸਲਿਆ ਵਾਰੇ ਇਨ੍ਹਾਂ ਨਾਲ ਕੋਈ ਸੰਬੰਧ ਨਾ ਰੱਖੇ। ਇਨਾਂ ਮਤਿਆਂ ਦਾ ਪੱਤਰ ਬਾਬੂ ਪਿੱਪਲਾਂਵਾਲਾ ਵਲੋਂ ਪ੍ਰਧਾਨ, ਫਰੈਂਚਾਈਜ਼ ਕਮੇਟੀ ਲਾਹੌਰ ਨੂੰ 31 ਮਾਰਚ, 1932 ਨੂੰ ਲਿਖਿਆ।

ਜਿਸ ਲੈਟਰਪੈਡ 'ਤੇ ਇਹ ਪੱਤਰ ਟਾਈਪ ਕੀਤਾ ਉਸ ਉੱਪਰ 'ਆਦਿ ਧਰਮ ਮੰਡਲ (ਪੰਜਾਬ) ਜਲੰਧਰ ਸ਼ਹਿਰ' ਅੰਗਰੇਜ਼ੀ, ਪੰਜਾਬੀ ਅਤੇ ਉਰਦੂ ਵਿੱਚ ਲਿਖਿਆ ਹੈ। ਉੱਪਰ ਖਬੇ ਹੱਥ ਜੈ ਗੁਰਦੇਵ, ਸੱਜੇ ਹੱਥ ਆਦਿ-ਧਰਮ ਕੀ ਜੈ' ਅਤੇ ਵਿਚਕਾਰ ਵਿਚ "ਸੋਹੰ"' ਛਪਿਆ ਹੈ। ਖੱਬੇ ਪਾਸੇ ਅਦਿ ਧਰਮ ਮੰਡਲ ਦੇ ਉਦੇਸ਼' ਸਿਰਲੇਖ ਹੇਠ ਛਪਿਆ ਹੈ:

1. ਆਦਿ ਧਰਮੀਆਂ ਦੇ ਖੁੱਸੇ ਹੋਏ ਹੱਕਾਂ ਦੀ ਪ੍ਰਾਪਤੀ ਕਰਨਾ।
2. ਮਨੂੰ ਸਿਮਰਤੀ ਅਤੇ ਹੋਰ ਸ਼ਾਸ਼ਤਰ ਜਿਨ੍ਹਾਂ ਵਿਚ ਆਦਿ ਧਰਮੀਆਂ ਨੂੰ ਗਿਰਾਇਆ ਗਿਆ ਕਾਨੂੰਨਨ ਜ਼ਬਤ ਕਰਾਉਣੇ।
3 ਜਾਤਪਾਤ ਦਾ ਪੱਖਵਾਦ ਛੱਡਕੇ ਏਕਤਾ ਪ੍ਰੇਮ ਵਧਾਉਣਾ।
4. ਆਦਿ ਧਰਮੀਆਂ ਦੇ ਦੁੱਖਾਂ ਦੀ ਹਾਲ ਪੁਕਾਰ ਗਵਰਨਮੈਂਟ ਤੱਕ ਪਹੁੰਚਾਉਣੀ।
5. ਜਥੇਬੰਦੀ ਅਤੇ ਵਿਦਿਆ ਦਾ ਹਾਸਲ ਕਰਨਾ।

ਉਦੇਸ਼ਾਂ ਦੀ ਡੱਬੀ ਦੇ ਨਾਲ ਟੇਢੇ ਰੋਕ ਲਿਖਿਆ ਹੈ- ਆਦਿ ਧਰਮ ਨਾ ਛੋਡਨਾ ਨਿਕਲ ਜਾਏ ਚਾਹੇ ਪ੍ਰਾਣ, ਛੋਟੇ ਬੜੋ ਸਭ ਮੰਨ ਲਉ ਬੁੱਢੇ ਅਤੇ ਜੁਆਨ।

### ਪੰਜਾਬ ਫਰੈਂਚਾਈਜ਼ ਕਮੇਟੀ, ਲਾਹੌਰ ਨੂੰ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ ਪੰਜਾਬ ਫਰੈਂਚਾਈਜ਼ ਕਮੇਟੀ, ਲਾਹੌਰ ਨੂੰ ਇੱਕ ਮੈਮੋਰੰਡਮ ਦਿੱਤਾ ਜੋ ਆਦਿ-ਧਰਮ ਮੰਡਲ ਦੀ ਫਿਲਾਸਫੀ ਨੂੰ ਬੜਾ ਉਘਾੜ ਕੇ ਪੇਸ਼ ਕਰਦਾ ਹੈ ਅਤੇ ਆਦਿ-ਧਰਮ ਨੂੰ ਇੱਕ ਵੱਖਰੇ ਧਰਮ ਵਜੋਂ ਅਤੇ ਆਦਿ-ਧਰਮੀ ਇੱਕ ਵੱਖਰੀ ਕੌਮ ਵਜੋ ਪੇਸ਼ ਕਰਦਾ ਹੈ ਉੱਚ ਜ਼ਾਤੀਆਂ ਵਲੋਂ ਆਦਿ-ਧਰਮੀਆਂ 'ਤੇ ਕੀਤੇ ਜ਼ੁਲਮਾਂ ਲਈ ਮਨੂੰ ਸਿਮਰਤੀ 17 ਸਲੋਕਾਂ, ਵਿਸ਼ਨੂੰ ਸਿਮਰਤੀ ਵਿੱਚੋਂ ਇੱਕ ਸਲੋਕ, ਮਹਾਂ ਰਿਸ਼ਿ ਗੋਤਮ ਧਰਮ ਸੂਤਰ ਦੇ ਇੱਕ ਸਲੋਕ ਅਤੇ ਭਗਵਾਨ ਬਾਲਮੀਕ ਰਮਾਇਣ ਦੇ ਉੱਤਰ ਕਾਂਡ ਦੇ ਸਰਗ 87 ਦਾ ਹਵਾਲਾ ਦਿੱਤਾ ਹੈ। ਇਹ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਆਦਿ-ਧਰਮ ਹਿੰਦੂਆਂ ਤੋਂ ਅਲੱਗ ਕੌਮ ਹੈ ਅਤੇ ਹਿੰਦੂਆਂ ਵਿੱਚ ਕਿਸੇ ਕੀਮਤ ਤੇ ਸ਼ਾਮਲ ਨਾ ਹੋਣ ਦਾ ਦਾਅਬਾ ਕੀਤਾ ਹੈ "ਵੱਖਰੇ ਚੋਣ ਖੇਤਰ ਪ੍ਰਨਾਲੀ" Separate Electorate ਤੇ ਜ਼ੋਰ ਦੇ ਕੇ ਕਿਹਾ ਕਿ ਇਸ ਵਿੱਚ ਅਸੀਂ ਅਸੰਬਲੀ ਵਿੱਚ ਸਹੀ ਅਵਾਜ਼ ਨਹੀਂ ਭੇਜ ਸਕਦੇ ਉਨ੍ਹਾਂ ਨੇ ਸਰਕਾਰ ਤੇ ਦੋਸ਼ ਲਾਇਆ ਕਿ ਉਸ ਨੇ ਸਾਨੂੰ ਹਿੰਦੂਆਂ ਨਾਲ ਨੱਥੀ ਕਰਕੇ ਸਦਾ ਬੇਇੰਨਸਾਫੀ ਕੀਤੀ ਹੈ ।

1921 ਦੀ ਜਨ ਗਣਨਾ ਜਾਤੀਵਾਰ ਦੀ ਲਿਸਟ ਦਿੱਤੀ ਹੈ ਜਿਸ ਵਿੱਚ 40 ਲੱਖ ਡਿਪ੍ਰੈਸਡ ਕਲਾਸਿਜ਼ (Depressed Classes) ਦੀ ਗਿਣਤੀ ਹੈ 1931 ਦੀ ਜਨ ਗਣਨਾ ਵਿੱਚ 4.5 ਲੱਖ ਵਲੋ ਆਦਿ-ਧਰਮ ਲਿਅਉਣ ਤੇ ਉਨ੍ਹਾਂ ਵਲੋਂ ਜਗੀਰਦਾਰਾਂ ਅਤੇ ਸਰਮਾਏਦਾਰਾਂ ਵਲੋ ਕੀਤੇ ਜ਼ੁਲਮਾ ਬਾਰੇ ਲਿਖਿਆ ਹੈ ਕਿ ਇਹ ਜੁਲਮ ਨਾ ਹੁੰਦੇ ਤਾਂ ਇਹ ਗਿਣਤੀ ਹੋਰ ਵੀ ਵਧ ਜਾਂਦੀ ਇਹ ਤਰੱਕੀ ਸਿਰਫ 5 ਸਾਂਲਾ ਵਿੱਚ ਹੋਈ ਕਿਉਕਿ 1925 ਵਿੱਚ ਆਦਿ ਧਰਮ ਮੰਡਲ ਦੀ ਸਥਾਪਨਾ ਹੋਈ ਸੀ। ਬਾਲਗ ਵੋਟ ਦੀ ਮੰਗ ਕੀਤੀ ਗਈ ਕਿਉਂਕਿ ਆਦਿ-ਧਰਮੀਆ ਕੋਲ ਵੋਟ ਦੀ ਸ਼ਰਤ ਪੂਰੀ ਕਰਨ ਲਈ ਜ਼ਾਇਦਾਦ ਆਦਿ ਨਹੀਂ ਸੀ । ਸੈਕੰਡਰੀ ਵੋਟ ਦੀ ਵਿਰੋਧਤਾ ਕੀਤੀ।

ਸਰਕਾਰ ਵਲੋਂ ਅਛੂਤਾਂ ਲਈ ਵੱਖਰੇ ਚੋਣ ਖੇਤਰ ਬਣਾਉਣ ਤੇ ਟਾਲ ਮਟੋਲ ਕਰਨ ਤੇ ਬਾਬੂ ਜੀ ਨੇ ਦਲੀਲ ਕੀਤੀ ਕਿ ਜੋ ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਇਸਾਈਆਂ ਲਈ ਵੱਖਰੇ ਖੇਤਰ ਬਣ ਸਕਦੇ ਹਨ ਤਾਂ ਫਿਰ ਅਛੂਤਾਂ ਲਈ ਕਿਉ ਨਹੀਂ। ਹਿੰਦੂ ਲੀਡਰ ਰਾਜਾ ਨਰਿੰਦਰ ਨਾਥ ਮੈਂਬਰ ਗੋਲਮੇਜ ਕਾਨਫਰੰਸ ਅਤੇ ਡਾ. ਗੋਕਲ ਚੰਦ ਨਾਰੰਗ, ਮੰਤਰੀ ਸਥਾਈ ਪ੍ਰਸ਼ਾਸ਼ਨ ਪੰਜਾਬ ਸਰਕਾਰ 'ਤੇ ਵਰ੍ਹਦਿਆ, ਬਾਬੂ ਮੁੱਗੋਵਾਲੀਆ ਨੇ ਕਿਹਾ ਕਿ ਉਹ ਕਹਿੰਦੇ ਹਨ ਕਿ ਪੰਜਾਬ ਵਿੱਚ ਕੋਈ ਅਛੂਤ ਨਹੀ ਉਜਦੋ ਕਿ ਪੰਜਾਬ ਰਿਫਾਰਮਜ਼ ਕਮੇਟੀ ਦੇ ਇੱਕ ਮੈਂਬਰ ਅਤੇ ਸਾਈਮਨ ਕਮਿਸ਼ਨ ਨੇ ਡਿਸਪ੍ਰੈਸਡ ਕਲਾਸਿਸ ਨੂੰ ਵੱਖਰੇ ਰਾਜਨੀਤਕ ਅਧਿਕਾਰ ਦੇਣ ਦੀ ਵਕਾਲਤ ਕੀਤੀ।

ਇਸੇ ਛਪੇ ਪੱਤਰ ਉੱਪਰ ਬਾਬੂ ਮੁੱਗੋਵਾਲੀਆ ਅਤੇ ਬਾਬੂ ਪਿਪਲਾਂਵਾਲਾ ਅਤੇ ਬਾਬੂ ਹੰਸ ਰਾਜ ਪ੍ਰੇਮਗੜ੍ਹ ਸਾਬਕਾ ਪ੍ਰਧਾਨ ਆਦਿ ਧਰਮ ਮੰਡਲ ਦੇ ਨਾਂ ਛਪੇ ਹਨ। (ਦੀ ਰਿਪਨ ਪ੍ਰਿੰਟਿੰਗ ਪ੍ਰੈਸ, ਬੁੱਲ ਰੋਡ ਲਾਹੌਰ) ਤੋਂ ਇਸ ਪਿੱਤਰ ਨੂੰ ਛਪਵਾ ਕੇ ਲੋਕਾਂ ਵਿਚ ਵੀ ਵੰਡਿਆ ਗਿਆ।

ਅਖੀਰ ਵਿੱਚ ਬਾਬੂ ਮੁੱਗੋਵਾਲੀਆ ਨੇ ਪ੍ਰਧਾਨ , ਲਾਰਡ ਲੋਥੀਅਨ ਕਮੇਟੀ ਨੂੰ ਉਪਰੋਕਤ ਅਧਾਰ 'ਤੇ ਆਪਣੀ ਗਵਾਹੀ ਦੇਣ ਲਈ ਮੌਕਾ ਪੁੱਛਿਆ।

### ਬਾਬਾ ਸਾਹਿਬ ਅੰਬੇਡਕਰ ਦੀ ਪਹਿਲੀ ਪੰਜਾਬ ਫੇਰੀ 'ਤੇ ਸੁਆਗਤੀ ਭਾਸ਼ਨ

ਆਦਿ ਧਰਮ ਮੰਡਲ ਨੇ ਡਾ. ਅੰਬੇਡਕਰ ਐਮ. ਏ., ਪੀ.ਐਚ.ਡੀ. ਬਾਰ ਐਟ ਲਾਅ, ਐਮ. ਐਲ. ਸੀ. ਮੈਂਬਰ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਨੂੰ ਸੁਆਗਤੀ ਭਾਸ਼ਨ ਵਿਚ ਇਸ ਤਰ੍ਹਾਂ ਪੇਸ਼ ਕੀਤਾ:- "ਅਸੀਂ ਪੰਜਾਬ ਆਦਿ ਧਰਮ ਮੰਡਲ ਅਤੇ ਮੈਨੇਜਿੰਗ ਕਮੇਟੀ ਦੇ ਮੈਂਬਰ ਸਾਡੇ ਸੂਬੇ ਦੀ ਪਹਿਲੀ ਫੇਰੀ ਸਮੇਂ ਆਪ ਦਾ ਤਹਿ ਦਿਲੋਂ ਸੁਆਗਤ ਕਰਦੇ ਹਾਂ। ਅਸੀਂ ਆਪਣੇ ਵਲੋਂ ਬੰਬਈ ਵਿਧਾਨ ਸਭਾ ਪ੍ਰੀਸ਼ਦ ਦੇ ਮੈਂਬਰ ਵਜੋਂ ਲੰਡਨ ਵਿੱਚ ਭਾਰਤੀ ਗੋਲਮੇਜ਼ ਕਾਨਫਰੰਸ ਵਿੱਚ ਇਕ ਡੈਲੀਗੇਟ ਵਜ਼ੋਂ ਅਤੇ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੇ ਇੱਕ ਮੈਂਬਰ ਵਜੋਂ ਡਿਪ੍ਰੈਸਡ ਕਲਾਸਿਜ਼ ਦੇ ਲੋਕਾਂ ਲਈ ਕੀਤੀਆਂ ਸੇਵਾਵਾਂ ਲਈ ਬਹੁਤ ਧੰਨਵਾਦੀ ਹਾਂ।

ਤੁਸੀਂ ਇਹ ਜਾਣਕੇ ਹੈਰਾਨ ਹੋਵੋਂਗੇ ਕਿ ਉੱਚ ਜਾਤੀਆਂ ਵਲੋਂ ਸਾਡੇ ਸੂਬੇ ਵਿਚ ਸਾਡੀ ਹੋਂਦ ਤੋਂ ਮੁਕਰਿਆ ਜਾ ਰਿਹਾ ਹੈ। ਸਾਡੇ ਸੂਬੇ ਵਿਚ ਦੂਜੇ ਸੂਬਿਆਂ ਵਾਂਗ ਛੂਆ-ਛਾਤ ਬਰਕਰਾਰ ਹੈ। ਸਾਡੀ ਛੋਹ ਨਾਲ ਹੀ ਇਕ ਉੱਚੀ ਜਾਤੀ ਦਾ ਭਿਟਿਆ ਜਾਂਦਾ ਹੈ। ਸਾਨੂੰ ਜਨਤਕ ਖੂਹਾਂ ਤੇ ਪਾਣੀ ਭਰਨ ਦੀ ਇਜ਼ਾਜਤ ਨਹੀਂ ਹੈ। ਬ੍ਰਾਹਮਣ ਪੁਜਾਰੀ ਸਾਡੀ ਪੂਜਾ ਪਾਠ ਨਹੀਂ

**(ਬਾਕੀ ਅਗਲੇ ਸਫੇ ਤੇ)**

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

ਕਰਵਾ ਸਕਦਾ। ਧੋਬੀ ਸਾਡੇ ਕਪੜੇ ਨਹੀਂ ਧੋਂਦਾ। ਨਾਈ ਸਾਡੀ ਹਜ਼ਾਮਤ ਨਹੀਂ ਕਰ ਸਕਦਾ। ਝਿਉਰ ਸਾਡਾ ਪਾਣੀ ਨਹੀਂ ਭਰਦਾ। ਸਾਡੇ ਵਿਆਹਾਂ ਸਮੇਂ ਅਤੇ ਹੋਰ ਤਿਓਹਾਰਾਂ ਮੌਕਿਆਂ ਸਮੇਂ ਅਸੀਂ ਪਿੰਡਾਂ ਵਿਚ ਡੋਲੀ ਲੈਕੇ ਨਹੀਂ ਲੰਘ ਸਕਦੇ ਅਤੇ ਬੈਂਡ ਨਹੀਂ ਵਜਾ ਸਕਦੇ।

ਅਸੀਂ ਨਾ ਤਾਂ ਸਾਂਝਾ ਕਾਰੋਬਾਰ ਕਰ ਸਕਦੇ ਹਾਂ ਅਤੇ ਨਾ ਹੀ ਇਕੱਠੇ ਵਿਚਰ ਸਕਦੇ ਹਾਂ। ਸੰਖੇਪ ਵਿੱਚ ਸਾਡੀ ਉਨ੍ਹਾਂ ਨਾਲ ਭੋਰਾ ਭਰ ਵੀ ਸਾਝ ਨਹੀਂ ਹੈ। The Land Alineation Act (ਭੂਮੀ ਇੰਤਕਾਲ ਆਰਜੀ ਐਕਟ) ਨੇ ਡ੍ਰਿਰੈਸਡ ਕਲਾਸਿਜ਼ ਦੀ ਹਾਲਤ ਨਾਜੁਕ ਕਰ ਦਿੱਤੀ ਹੈ। ਇਸ ਕਾਨਫਰੰਸ ਵਿੱਚ ਵਿਦਿਆ ਨੂੰ ਪ੍ਰਫੁੱਲਤ ਕਰਨ ਲਈ ਸਿਖਿਆ ਮੰਤਰਾਲੇ ਨੇ ਆਪਣੇ ਮਤਾ ਨੰਬਰ 20181-ਜੀ, ਮਿਤੀ 19-11-1929 ਰਾਹੀ ਕੁੱਝ ਰਿਆਇਤਾਂ ਦਾ ਐਲਾਨ ਕੀਤਾ। ਇਹ ਪੰਜਾਬ ਦੇ ਇਤਹਾਸ ਵਿੱਚ ਪਹਿਲਾ ਮੌਕਾ ਹੈ ਕਿ ਇੱਕ ਡਿਸਪ੍ਰੈਸਡ ਕਲਾਸਿਜ਼ ਦੇ ਮੈਂਬਰ ਨੂੰ ਸਥਾਈ ਫਰੈਂਚਾਈਜ਼ ਕਮੇਟੀ ਵਿੱਚ ਨਿਯੁਕਤ ਕੀਤਾ ਗਿਆ ਹੈ ਅਸੀ ਖੁਸ਼ੀ-ਖੁਸ਼ੀ ਯਕੀਨ ਕਰਦੇ ਹਾਂ ਕਿ ਆਪਣੇ ਹੱਥਾਂ ਵਿੱਚ ਸਾਡੇ ਹੱਕ ਸੁਰੱਖਿਆਤ ਹਨ ਸਾਨੂੰ ਉਮੀਦ ਹੈ ਕਿ ਆਪ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਬੜੇ ਧਿਆਨ ਨਾਲ ਗੌਰ ਕਰੋਗੇ ਕਿਉਕਿ ਸਾਡੀ ਹੋਂਦ ਨੂੰ ਹੀ ਨਕਾਰਿਆ ਜਾ ਰਿਹਾ ਹੈ ਆਉਣ ਵਾਲੀ ਪੀੜ੍ਹੀ ਆਪ ਦੇ ਨਾਮ ਨੂੰ ਡਿਪ੍ਰੈਸਡ ਕਲਾਸਿਜ਼ ਦੇ ਚੈਂਪਿਅਨ ਵਜੋਂ ਸੁਨੈਹਰੀ ਅੱਖਰਾਂ ਵਿੱਚ ਲਿਖੇਗੀ ਆਪ ਜੀ ਦੀ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ।

### ਸੱਤਵੀ ਸਲਾਨਾ ਕਾਨਫਰੰਸ 1932 ਈ:

18 ਅਤੇ 19 ਜੂਨ 1932 ਨੂੰ ਆਦਿ-ਧਰਮ ਮੰਡਲ ਦੀ 7ਵੀ ਸਲਾਨਾ ਕਾਨਫਰੰਸ ਜਲੰਧਰ ਸ਼ਹਿਰ ਵਿੱਚ ਕੀਤੀ ਗਈ ਜਿਸ ਵਿੱਚ ਰਿਪੋਰਟ ਅਨੁਸਾਰ 4000 ਆਦਿ-ਧਰਮੀ ਸ਼ਾਮਲ ਹੋਏ। ਪਹਿਲੇ ਦਿਨ ਸੰਤ ਮਾਹਾਤਮਾ ਰਾਮ ਅਜਾਦ ਮਿਸ਼ਨਰੀ ਜਿਲ੍ਹਾ ਲਾਇਲਪੁਰ (ਪਿਛਲਾ ਪਿੰਡ ਨੰਗਲ ਸ਼ਹੀਦਾ ਤਹਿਸੀਲ ਹੁਸ਼ਿਆਰਪੁਰ) ਨੇ ਪ੍ਰਧਾਨਗੀ ਕੀਤੀ। ਕਾਨਫਰੰਸ ਦਾ ਉਦਘਾਟਨੀ ਭਾਸ਼ਨ ਸਵੇਰੇ ਬਾਬੂ ਮੁੱਗੋਵਾਲੀਆ ਨੇ ਕੀਤਾ ਅਤੇ ਸਵਾਗਤੀ ਕਮੇਟੀ ਵਲੋ ਡੇਲੀਗੇਟਾਂ ਨੂੰ ਜੀ ਆਇਆਂ ਕਿਹਾ "ਧਾਰਮਿਕ ਗੀਤਾਂ ਅਤੇ ਭਾਸ਼ਣਾਂ ਤੋਂ ਬਾਅਦ ਮੰਡਲ ਦੇ ਅਨੇਕ ਕਾਰਜਾਂ ਲਈ ਅਨੇਕਾਂ ਪ੍ਰੋਗਰਾਂਮਾ ਦਾ ਐਲਾਨ ਕੀਤਾ। ਕਾਨਫਰੰਸ ਦੇ ਪਹਿਲੇ ਦਿਨ ਦੀ ਸਮਾਪਤੀ ਮੌਕੇ ਡੈਲੀਗੇਟਾਂ ਨੇ ਵੱਖਰੇ ਚੋਣ ਖੇਤਰ ਪ੍ਰਣਾਲੀ ਦੇ ਵਿੱਚਕਾਰ ਪ੍ਰਗਟ ਕੀਤੀ "

19 ਜੂਨ ਨੂੰ ਮਾਸਟਰ ਲਾਲ ਚੰਦ ਪ੍ਰਧਾਨ ਬਾਲਮੀਕ ਆਦਿ ਧਰਮ ਸਭਾ ਅਕਲੀਆਂਵਾਲਾ ਜ਼ਿਲ੍ਹਾ ਫਿਰੋਜ਼ਪੁਰ ਨੇ ਕਾਨਫਰੰਸ ਦੀ ਕੁਰਸੀ ਸੰਭਾਲੀ ਦੁਪਹਿਰ 12 ਵਜੇ ਤੱਕ ਡਿਪ੍ਰੈਸਡ ਕਲਾਸਿਜ਼ ਦੀ ਏਕਤਾ ਤੇ ਜੋਰ ਦੇਣ ਵਾਲੇ ਭਾਸ਼ਨ ਦਿੱਤੇ। ਦੁਪਹਿਰ ਇੱਕ ਵਜੇ ਤੱਕ ਮੈਨੇਜਿੰਗ ਕਮੇਟੀ ਦੇ ਮੈਂਬਰਾ ਅਤੇ ਅਹੁੱਦੇਦਾਰਾਂ ਦੀ ਚੋਣ ਹੋਈ।

ਮੰਡਲ ਦੇ ਪ੍ਰਧਾਨ ਬਾਬੂ ਮੁੱਗੋਵਾਲੀਆ, ਪੰਡਿਤ ਹਰੀ ਰਾਮ ਪੰਡੋਰੀ ਅਤੇ ਬੀਬੀ ਉੱਪ ਪ੍ਰਧਾਨ, ਬਾਬੂ ਹਜਾਰਾ ਰਾਮ ਪਿਪਲਾਵਾਲਾਂ ਜਨਰਲ ਸਕੱਤਰ, ਬਾਬੂ ਲਸ਼ਮਣ ਦਾਸ ਮੁਕੇਰੀਆਂ ਸਹਾਇਕ ਸਕੱਤਰ , ਮਹਾਤਮਾ ਸੰਤ ਰਾਮ ਆਜ਼ਾਦ ਚੱਕ ਨੰਬਰ 290, ਲਾਇਲਪੁਰ ਮਿਸ਼ਨਰੀ, ਬਾਬੂ ਰਾਮ ਚੰਦ ਖੇੜਾ ਸੰਪਾਦਕ ਆਦਿ-ਡੰਕਾ' ਸ. ਨਗੀਨਾ ਸਿੰਘ ਚੱਕ ਨੰਬਰ 276, ਲਾਇਲਪੁਰ, ਹੈੱਡ ਕਲਰਕ, ਮਹਾਤਮਾ ਗਣੇਸ਼ ਦਾਸ ਨੂੰ ਸਾਰੇ ਆਦਿ-ਧਰਮ ਦਲਾਂ ਦਾ ਜਨਰਲ ਨਿਯੁਕਤ ਕੀਤਾ।

ਪ੍ਰਬੰਧਕੀ ਕਮੇਟੀ ਦੇ ਪ੍ਰਧਾਨ: ਸੇਠ ਲੱਭੂ ਰਾਮ ਸੂਚੀ ਪਿੰਡ ਜਲੰਧਰ ਸ਼ਹਿਰ, ਭਗਤ ਗੁਲਾਬਾ ਮੱਲ, ਮੁਸਾਹਿਬਪੁਰ ਮੁਕੇਰੀਆਂ। ਉਪ ਪ੍ਰਧਾਨ: ਮਾਸਟਰ ਲਾਲ ਚੰਦ ਵਾਲਮੀਕੀ, ਵਾਲਮੀਕਿ ਆਦਿ ਧਰਮ ਮੰਡਲ, ਅਕਲੀਆਂਵਾਲਾ ਫਿਰੋਜ਼ਪੁਰ ਉਪ ਪ੍ਰਧਾਨ, ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ, ਪੰਡਿਤ ਬਖਸ਼ੀ ਰਾਮ ਵਾਲਮੀਕਿ ਬੁੰਡਾਲਾ ਜਿਲ੍ਹਾ ਜਲੰਧਰ। ਸਹਾਇਕ ਸਕੱਤਰ, ਸ਼ਾਹੂਕਾਰ ਲੱਛੂ ਮੱਲ ਪਿੰਡ ਮੇਹਰ ਭਟੋ.ਲੀ ਹੁਸ਼ਿਆਰਪੁਰ। ਸਹਾਇਕ ਸਕੱਤਰ, ਸੇਠ ਕਿਸ਼ਨ ਦਾਸ, ਲਾਲ ਬਾਜਾਰ ਜਲੰਧਰ ਸ਼ਹਿਰ ਖਜਾਨਚੀ, ਸ਼੍ਰੀਮਤੀ ਰਾਮਾ ਬਾਈ ਪਿੰਡ ਸਾਂਗਲਾ ਜਿਲ੍ਹਾ ਹੁਸ਼ਿਆਰਪੁਰ, ਸ਼੍ਰੀਮਤੀ ਠਾਕੁਰ ਰਾਣੀ ਬਾਈ ਪਤਨੀ ਸਰਦਾਰ ਰੱਲਾ ਸਿੰਘ ਚੱਕ ਨੰ: 86 ਜਿਲ੍ਹਾ ਮਿੰਟਗੁਮਰੀ ਅਤੇ 28 ਹੋਰ ਵਿਅਕਤੀ ਕਾਰਜਕਾਰਨੀ ਦੇ ਮੈਂਬਰ ਲਏ ਗਏ। ਸੱਤਵੀਂ ਸਲਾਨਾ ਕਾਨਫਰੰਸ ਵਿਚ ਸਰਵ ਸੰਮਤੀ ਨਾਲ ਚੌਦਾਂ ਮਤੇ ਪਾਸ ਕੀਤੇ - ਮੰਡਲ ਨੂੰ ਰਜਿਸਟਰ ਕੀਤਾ ਜਾਵੇ ਅਤੇ ਨਵੀਂ ਖਰੀਦੀ ਜ਼ਮੀਨ ਦੀ ਰਜ਼ਿਸਟਰੀ ਮੰਡਲ ਦੇ ਨਾਂ ਕਰਵਾਈ ਜਾਵੇ।

1 ਅੱਜ ਤੋਂ ਮੰਡਲ ਨੂੰ 'ਦੀ ਪੰਜਾਬ ਆਦਿ-ਧਰਮ (ਡਿਪ੍ਰੈਸਡ ਕਲਾਸਿਜ਼ ਫੈਡਰੇਸ਼ਨ) ਦੇ ਨਾਂ ਨਾਲ ਬੁਲਾਇਆ ਜਾਵੇ।

2 ਹਰ ਜਿਲ੍ਹੇ ਵਿਚ ਮੰਡਲ ਦੇ ਦਫਤਰ ਖੋਲ੍ਹੇ ਜਾਣ।

3 ਜਨਰਲ ਸਕੱਤਰ ਹਰ ਮਹੀਨੇ ਹਿਸਾਬ ਕਿਤਾਬ ਦੇਖੇਗਾ।

4 ਰਾਜਾ ਮੁੰਜੇ ਪੈਕਟ ਦਾ ਵਿਰੋਧ ਕੀਤਾ ਗਿਆ।

5 ਵਿਧਾਨ ਪ੍ਰੀਸ਼ਦਾਂ, ਜਿਲ੍ਹਾ ਬੋਰਡਾਂ ਅਤੇ ਮਿਉਸਪਲ ਕਮੇਟੀਆਂ ਵਿਚ ਨਾਮਜ਼ਦਗੀ। ਸਿੱਖਿਆ ਵਿਚ ਵਿਸ਼ੇਸ ਰਿਆਇਤਾਂ ਦੇਣ ਅਤੇ ਜੇ.ਵੀ. ਟ੍ਰੇਂਡ ਅਧਿਆਪਕਾਂ ਨੂੰ ਨਿਯੁਕਤੀਆਂ ਦੇਣ ,ਸਰਕਾਰ ਵਲੋਂ ਡਿਪ੍ਰੈਸਿਡ ਕਾਲਸਿਜ਼ ਦੀ ਫੌਜ਼ ਅਤੇ ਪੁਲਿਸ ਵਿਚ ਭਰਤੀ ਸਮੇਂ ਕੇਸਾਂ ਤੇ ਇਤਰਾਜ਼ ਨੂੰ ਯੋਗ ਨਾ ਠਹਿਰਾਇਆ। ਆਦਿ ਧਰਮ ਮਹਾਂ ਸਭਾ ਅਕਲੀਆਂ ਨੂੰ ਅਤੇ ਇਸ ਵਲੋਂ ਖੋਲ੍ਹੇ ਅਦਾਰਿਆਂ ਨੂੰ ਆਦਿ ਧਰਮ ਮੰਡਲ ਵਜੋਂ ਮਾਨਤਾ ਦੇਣਾ ਆਦਿ ਮਤੇ ਪਤਾ ਕੀਤੇ।

### ਆਦਿ ਧਰਮ ਮੰਡਲ ਦਾ ਸ਼ਿਮਲੇ ਵਿਚ ਡੈਲੀਗੇਟ ਇਜਲਾਸ

27 ਅਤੇ 28 ਅਗੱਸਤ 1932 ਨੂੰ ਬਾਬੂ ਚੁੰਨੀ ਲਾਲ ਥਾਂਪਰ ਵਾਲਮੀਕਿ ਲੀਡਰ ਦੀ ਪ੍ਰਧਾਨਗੀ ਹੇਠ ਸ਼ਿਮਲੇ ਵਿਖੇ ਆਦਿ-ਧਰਮ ਮੰਡਲ ਦੀ ਡੈਲੀਗੇਟ ਕਾਨਫਰੰਸ ਹੋਈ। ਫਿਰਕੇਦਰਾਨਾ ਅਵਾਰਡ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਅਣਗੌਲਣ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ ਅਤੇ ਸਾਰੀਆਂ ਜਾਂਤਾ ਨੂੰ ਆਪਣੇ ਵਿਤਕਰੇ ਭੁਲਾ ਕੇ ਅਵਾਰਡ ਦੀ ਵਿਰੋਧਤਾ ਕਰਨ ਦੀ ਅਪੀਲ ਕੀਤੀ ਗਈ। ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਅਗਵਾਈ ਹੇਠ ਵਿਸ਼ਾ ਕਮੇਟੀ ਨੇ ਕਾਨਫਰੰਸ ਦੇ ਖੁੱਲੇ ਸੈਸ਼ਨ ਵਿੱਚ ਸਰਬ ਸੰਮਤੀ ਨਾਲ ਪਾਸ ਕੀਤਾ ਤੇ ਇਹ ਕਾਨਫਰੰਸ ਫਿਰਕੇਦਾਰਾਨਾ ਅਵਾਰਡ ਵਿੱਚ ਪੰਜਾਬ ਦੇ ਅਛੂਤਾਂ ਨੂੰ ਛੱਡਣ ਤੇ ਡੂੰਘੀ ਨਰਾਜ਼ਗੀ ਅਤੇ ਨਿਰਾਸ਼ਾ ਦਾ ਪ੍ਰਗਟਾਅ ਕਰਦੀ ਹੈ। ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ, ਪ੍ਰਧਾਨ ਆਦ ਧਰਮ ਮੰਡਲ, ਪੰਜਾਬ ਵਲੋਂ ਡਿਸਪ੍ਰੈਸਡ ਕਲਾਸਿਜ਼ ਨੂੰ ਬਣਦੀ ਨੁਮਾਇੰਦਗੀ ਦਾ ਯਾਦ ਪੱਤਰ ਭਾਰਤ ਸਰਕਾਰ ਨੂੰ ਦਿੱਤੇ ਦਾ ਪੂਰਨ ਸਮਰਥਨ ਕਰਦੀ ਹੈ।

ਕਾਨਫਰੰਸ ਨੇ ਮਤਾ ਪਾਸ ਕੀਤਾ ਕਿ 2 ਹਫਤਿਆਂ ਵਿੱਚ ਤਸੱਲੀ ਬਖਸ਼ ਜੁਆਬ ਦੇਣ ਲਈ ਸਰਕਾਰ ਨੂੰ ਕਿਹਾ ਕਿ ਵਰਨਾ ਕਾਰਜਕਾਰਨੀ ਚੋਣਾਂ ਦੇ ਬਾਈਕਾਟ ਦਾ ਮਤਾ ਪਾਸ ਕਰਕੇ ਡਿਪ੍ਰੈਸਡ ਕਲਾਸਿਜ਼ ਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਬਣਦੇ ਤੌਰ ਤਰੀਕੇ ਅਪਣਾਉਣ ਲਈ ਕਹੇਗੀ।




ਕਾਨਫਰੰਸ ਵਿੱਚ ਮਤਾ ਪਾਸ ਕੀਤਾ ਕਿ ਪੰਜਾਬ ਦੀਆ ਡਿਪ੍ਰੈਸਡ ਕਲਾਸਜ਼ ਵਲੋ ਇੱਕ ਡੈਪੂਟੇਸ਼ਨ ਇੰਗਲੈਂਡ ਭੇਜਿਆ ਜਾਵੇ ਤਾਂ ਜੋ ਇੰਨਸਾਫ ਪ੍ਰਾਪਤ ਕੀਤਾ ਜਾ ਸਕੇ। ਕਾਨਫਰੰਸ ਨੇ ਸਰਕਾਰ ਨੂੰ ਇੱਕ ਕਮੇਟੀ ਬਣਾਉਣ ਲਈ ਅਪੀਲ ਕੀਤੀ ਤਾਂ ਜੋ ਸੰਭਾਵੀ ਸਵਿਧਾਨ ਵਿੱਚ ਡ੍ਰਿਰੈਸਡ ਕਲਾਸਜ਼ਿ ਨੂੰ ਯੋਗ ਨੁਮਾਇੰਦਗੀ ਯਕੀਨੀ ਬਣਾਇਅ ਜਾ ਸਕੇ। ਇਸ ਕਮੇਟੀ ਦੇ ਅੱਧੇ ਮੈਂਬਰ ਇਨ੍ਹਾਂ ਵਰਗਾਂ ਵਿੱਚੋਂ ਲੈਣ ਲਈ ਕਿਹਾ ਸਫਾਈ ਸੇਵਕਾਂ ਅਤੇ ਹੋਰ ਮੁਲਾਜ਼ਮਾਂ ਲਈ ਘੱਟ ਤੋਂ ਘੱਟ 30 ਰੁਪਏ ਮਹੀਨਾ ਤਨਖਾਹ ਲੈਣ ਦੀ ਮੰਗ ਕੀਤੀ।

ਇਸ ਕਾਨਫਰੰਸ ਵਿੱਚ ਸਰਕਾਰ ਨੂੰ ਡਿਪ੍ਰੈਸਡ ਕਲਾਸਿਜ਼ ਤੋਂ ਟੈਕਸ ਨਾ ਉਗਰਾਉਣ ਲਈ ਕਿਹਾ ਗਿਆ ਕਿਉਂਕਿ ਇਨ੍ਹਾਂ ਨੂੰ ਇਨਸਾਨ ਨਹੀਂ ਸਮਝਿਆ ਜਾਂਦਾ ਅਤੇ ਦੂਸਰਾ ਫਿਰਕੇਦਾਰਾਨ ਅਵਾਰਡ ਵਿੱਚ ਵੀ ਇਹੋ ਸਲੂਕ ਸਰਕਾਰ ਨੇ ਕੀਤਾ ਹੈ।

ਕਾਨਫਰੰਸ ਨੇ ਬਾਬੂ ਮੁੱਗੋਵਾਲੀਆ ਅਤੇ ਬਾਬੂ ਚੂਨੀ ਲਾਲ ਥਾਪਰ ਨੂੰ ਪੰਜਾਬ ਦੇ ਡ੍ਰਿਰੈਸਡ ਕਲਾਸਿਜ਼ ਵਲੋ ਕੇਂਦਰੀ ਸਰਕਾਰ ਅਤੇ ਅੰਗਰੇਜ਼ ਸਰਕਾਰ ਨਾਲ ਗੱਲਬਾਤ ਕਰਨ ਦਾ ਅਧਿਕਾਰ ਦਿੱਤਾ।

### ਰਿਫਾਰਮਜ਼ ਕਮਿਸ਼ਨਰ ਪੰਜਾਬ ਨੂੰ 1933 'ਚ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ 24 ਮਈ 1933 ਨੂੰ ਖਾਨ ਬਹਾਦੁਰ ਨਵਾਬ ਮੁਜ਼ੱਫਰ ਖਾਨ ਸੀ.ਆਈ.ਡੀ., ਰਿਫਾਰਮਜ਼ ਕਮਿਸ਼ਨਰ ਪੰਜਾਬ ਅਤੇ ਜੁਆਇੰਟ ਸੈਕਰੇਟਰੀ, ਟ੍ਰਾਂਸਫਰਡ ਮਹਿਕਮਾ, ਪੰਜਾਬ ਸਰਕਾਰ ਨੂੰ ਆਪਣੀਆਂ ਮੰਗਾਂ ਪੇਸ਼ ਕੀਤੀਆਂ।

1. **ਪਹਿਲੀ ਮੰਗ-** ਸਰਕਾਰ ਵਲੋਂ ਅਨੂਸੂਚਿਤ ਜਾਤੀਆਂ ਦੀ ਲਿਸਟ ਛੇ ਨੂੰ ਪੂਰਨ ਦੱਸਦਿਆਂ ਕਿਹਾ ਕਿ ਸ਼ੁੱਧੀਕਰਨ ਹਿੰਦੂਆਂ ਨੂੰ ਇਸ ਵਿਚ ਸ਼ਾਮਲ ਨਾ ਕੀਤਾ ਜਾਏ। ਕਿਉਂਕਿ ਜਦੋਂ ਹਿੰਦੂ ਧਰਮ ਅਪਣਾ ਲੈਂਦੇ ਹਨ ਤਾਂ ਉਨ੍ਹਾਂ ਨੂੰ ਹਿੰਦੂਆਂ ਵਲੋਂ ਸਿਖਾਇਆ ਜਾਂਦਾ ਹੈ , ਉਹ ਅਛੂਤਾਂ ਨਾਲ ਕੋਈ ਸਬੰਧ ਨਾ ਰੱਖੇ।

2. **ਦੂਜੀ ਮੰਗ-** ਹੈਰਾਨੀ ਦੀ ਗੱਲ ਹੈ ਕਿ ਜਦੋਂ ਅਸੀਂ ਆਦਿ ਕਹਿੰਦੇ ਹਾਂ ਕਿ ਸਾਨੂੰ 'ਵੱਖਰੇ ਚੋਣ ਖੇਤਰ ਪ੍ਰਬੰਧ' ਚਾਹੀਦਾ ਹੈ ਕਿਉਂਕਿ ਅਸੀਂ ਹਿੰਦੂ ਨਹੀਂ ਅਛੂਤ ਹਾਂ। ਤਾਂ ਹੰਕਾਰੀ ਹਿੰਦੂ ਕਹਿੰਦੇ ਹਨ: ਪੰਜਾਬ ਵਿੱਚ ਕੋਈ ਅਛੂਤ ਨਹੀਂ ਹਨ"। ਹੁਣ ਜਦੋਂ ਅਛੂਤਾਂ ਨੂੰ ਹੱਕ ਮਿਲੇ ਹਨ ਤਾਂ ਹਿੰਦੂ ਇਤਰਾਜ਼ ਕਰਦੇ ਹਨ ਅਤੇ ਸ਼ੁੱਧੀਕਰਣ ਹੋਏ ਹਿੰਦੂਆਂ ਨੂੰ ਅਨੂਸੂਚਿਤ ਜਾਤੀਆਂ ਦੀ ਲਿਸਟ ਵਿਚ ਸ਼ਾਮਿਲ ਕਰਨਾ ਚਾਹੁੰਦੇ ਹਨ। ਇਸ ਤੋਂ ਸਾਫ ਦਿਖਾਈ ਦਿੰਦਾ ਹੈ ਕਿ ਹਿੰਦੂ ਆਦਿ ਧਰਮੀਆਂ ਨੂੰ ਮਿਲੇ ਹੱਕ ਖੋਹਣੇ ਚਾਹੁੰਦੇ ਹਨ ਪਰ ਅਸੀਂ ਸਰਕਾਰ ਵਲੋਂ ਐਲਾਨੀ ਅਨੂਸੂਚਿਤ ਜਾਤੀਆਂ ਦੀ ਲਿਸਟ ਤੋਂ ਸਤੁੰਸ਼ਟ ਹਾਂ।

3. **ਤੀਜੀ ਮੰਗ -** ਰਿਜ਼ਰਵੇਸ਼ਨ ਦਾ ਹੱਕ ਸਿਰਫ ਆਦਿ ਧਰਮੀਆਂ ਨੂੰ ਹੋਣਾ ਚਾਹੀਦਾ ਹੈ। ਕਿਉਂਕਿ ਉਹ ਹੀ ਅਛੂਤ ਹਨ। ਇੱਥੋਂ ਤੱਕ ਕਿ ਹਿੰਦੂ ਲੀਡਰ ਰਾਜਾ ਨਰਿੰਦਰ ਨਾਥ, ਮੈਂਬਰ ਗੋਲਮੇਜ਼ ਕਾਰਨਫਰੰਸ ਨੇ ਵੀ ਦੂਜੀ ਗੋਲਮੇਜ਼ ਕਾਨਫਰੰਸ ਲੰਡਨ ਵਿਚ ਜ਼ੋਰ ਦੇ ਕੇ ਕਿਹਾ, "ਪੰਜਾਬ ਵਿਚ ਆਦਿਧਰਮੀਆਂ ਤੋਂ ਬਿਨਾਂ ਕੋਈ ਅਛੂਤ ਨਹੀਂ ਹੈ"। ਇਸੇ ਤਰ੍ਹਾਂ ਦਯਾਨੰਦ ਦਲਿਤ ਉਦਾਰ ਮੰਡਲ, ਹੁਸ਼ਿਆਰਪੁਰ ਨੇ ਕਿਹਾ ਹੈ ਅਤੇ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੀਆਂ ਸਿਫਾਰਿਸ਼ਾਂ ਵਿਚ ਵੀ ਇਸੇ ਤਰ੍ਹਾਂ ਕਿਹਾ ਹੈ। ਇਸ ਲਈ ਆਦਿ ਧਰਮੀ ਹੀ ਇਸ ਹੱਕ ਦੇ ਯੋਗ ਹਨ ਅਤੇ ਜਿਨ੍ਹਾਂ ਨੇ ਇਹ ਹੱਕ ਪ੍ਰਾਪਤ ਕਰਨ ਲਈ ਕੁਰਬਾਨੀਆਂ ਦਿੱਤੀਆਂ ਹਨ ਜਦੋਂ ਕਿ ਸ਼ੁੱਧੀਕਰਣ ਹਿੰਦੂਆਂ ਨੇ ਨਾ ਤਾਂ ਕੁਰਬਾਨੀਆਂ ਦਿੱਤੀਆਂ ਹਨ ਨਾ ਹੀ ਉਹ ਇਹ ਹੱਕ ਪ੍ਰਾਪਤ ਕਰਨ ਲਈ ਖਾਹਿਸ਼ਮੰਦ ਹਨ। ਇਸ ਲਈ ਸ਼ੁੱਧੀਕਰਨ ਹੋਏ ਹਿੰਦੂਆਂ ਨੂੰ ਅਨੂਸੂਚਿਤ ਜਾਤੀਆਂ ਵਿੱਚ ਸ਼ਾਮਿਲ ਨਾ ਕੀਤਾ ਜਾਵੇ।

4. **ਚੌਥੀ ਮੰਗ-** ਸ਼ੁੱਧੀਕਰਣ ਹਿੰਦੂਆਂ ਨੂੰ ਕਦੇ ਵੀ ਅਨੂਸੂਚਿਤ ਜਾਤੀਆਂ ਵਿਚ ਸ਼ਾਮਿਲ ਨਾ ਕੀਤਾ ਜਾਵੇ ਕਿਉਂਕਿ ਜੇ ਉਨ੍ਹਾਂ ਨੂੰ ਸ਼ਾਮਿਲ ਕੀਤਾ ਤਾਂ ਗਰੀਬ ਆਦਿ-ਧਰਮੀ ਸਰਕਾਰ ਵਲੋਂ ਮਿਲੇ ਹੱਕਾਂ ਨੂੰ ਪ੍ਰਾਪਤ ਕਰ ਸਕਣਗੇ, ਕਿਉਂ ਹਿੰਦੂ ਸਾਡੀਆਂ ਰਿਜ਼ਰਵ ਸੀਟਾਂ 'ਤੇ ਸਰਮਾਏਦਾਰ ਹੋਣ ਕਰਕੇ ਕਬਜ਼ਾ ਕਰ ਲੈਣਗੇ ਅਤੇ ਸ਼ੁੱਧੀਕਰਣ ਹਿੰਦੂ ਉਹਨਾਂ ਦੇ ਦਬਾਅ ਥੱਲੇ ਹਨ । ਇਸ ਤਰਾਂ ਗਰੀਬ ਆਦਿ-ਧਰਮੀ ਆਪਣੇ ਨੁਮਾਇਦਗੇ ਭੇਜਣ ਵਿੱਚ ਸਫਲ ਨਹੀ ਹੋਣਗੇ ਅਤੇ ਆਦਿ-ਧਰਮੀ ਤਬਾਹ ਹੋ ਜਾਣਗੇ। ਇਸ ਨਾਲ ਈਸਾਇਆਂ ਅਤੇ ਮੁਸਲਮਾਨਾ ਵਿੱਚਲੇ ਅਛੂਤ ਵੀ ਸਾਡੇ ਹੱਕ ਮੰਗਣਗੇ। ਇਸ ਲਈ ਸ਼ੁੱਧੀਕਰਣ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿੱਚ ਸ਼ਾਮਿਲ ਨਾ ਕੀਤਾ ਜਾਵੇ।

5. **ਪੰਜਵੀਂ ਮੰਗ:-** ਸਾਡੇ ਲੋਕ ਗਰੀਬ ਹਨਇਸ ਲਈ ਪੜੇ ਲਿਖਿਆ ਨੂੰ ਚੋਣ ਮਹਿਕਮੇ ਵਿੱਚ ਭਰਤੀ ਖੀਤਾ ਜਾਵੇ ਅਤੇ ਡਿਪ੍ਰੈਸਡ ਕਲਾਸਜ ਦੀਆ ਵੋਟਾ ਬਣਾਉਣ ਵੇਲੇ ਖਾਸ ਧਿਆਨ ਦਿੱਤਾ ਜਾਵੇ। ਪੱਤਰ ਤੇ ਬਾਬੂ ਮੰਗੂ ਰਾਮ ਪ੍ਰਧਾਨ, ਹਜਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ , ਪੰਡਤ ਬਖਸ਼ੀ ਰਾਮ ਜਨਰਲ ਸਕੱਤਰ, ਅਤੇ ਬਾਬੂ ਡੋਗਰ ਮੱਲ ਉੱਪ ਪ੍ਰਧਾਨ ਪੰਜਾਬ ਬਾਲਮੀਕ ਅਛੂਤ ਐਸੋਸੀਏਸ਼ਨ ਜਲੰਧਰ ਸ਼ਹਿਰ ਦੇ ਨਾ ਹਨ।

ਇਸ ਪੱਤਰ ਤੇ Punjab Ad-Dharmi (Depressed Casses ) Federation Jalandhar City ਅੰਗਰੇਜੀ ਅਤੇ ਉਰਦੂ ਵਿੱਚ ਛਪਿਆ ਹੈ ਖੱਬੇ ਹੱਥ ਡੱਬੀ ਵਿੱਚ ਅੰਗਰੇਜੀ ਵਿੱਚ ਛਪਿਆ ਹੈ (Principles)

1. No work in every way for the up-lift for all Ad-Dharmi (Aborging depressed classes) of punjab generally calles Achhuts and Shudras especially.
2. To work without religious pre-judge for the unity of all.
3. To obtain all political rights in co-operation with the government.
4. To keep government intouch with the true state of Ad-Dharmi's.
5. To organizes and execute by mean of publication of History Literature etc and to popularize arts and science by means of school , press and libraries .

### ਗਵਰਨਰ ਪੰਜਾਬ ਨੂੰ 1935 ਵਿੱਚ ਯਾਦ ਪੱਤਰ

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 3 ਜਨਵਰੀ 1935 ਨੂੰ ਹੈਰਬਰਟ ਵਿਲੀਅਮ ਸੀ.ਐਸ. ਆਈ., ਸੀ. ਆਈ. ਈ., ਓ.ਬੀ. ਈ. ਗਵਰਨਰ, ਪੰਜਾਬ, ਲਾਹੌਰ ਨੂੰ ਹਜ਼ਾਰਾਂ ਆਦਿ ਧਰਮੀਆਂ ਸਣੇ ਇਕ ਮੈਮੋਰੰਡਮ ਦਿੱਤਾ। ਇਸ ਮੈਮੋਰੰਡਮ ਤੋਂ ਪਤਾ ਲੱਗਦਾ ਹੈ ਕਿ ਪਹਿਲੀ ਜੂਨ 1933 ਨੂੰ ਵੀ ਬਾਬੂ ਮੁੱਗੋਵਾਲੀਆ ਨੇ ਗਵਰਨਰ ਨੂੰ ਇਕ ਮੈਮੋਰੰਡਮ ਦਿੱਤਾ ਸੀ। 1933 ਦੇ ਮੈਮੋਰੰਡਮ ਸਬੰਧੀ ਪੰਜਾਬ ਸਰਕਾਰ ਲਾਹੌਰ ਦੇ ਮੁੱਖ ਸਕੱਤਰ ਨੇ ਪੱਤਰ ਨੰ.33246 ਜਨਰਲ ਮਿਤੀ 18 ਦਸੰਬਰ 1933 ਰਾਹੀਂ ਦੱਸਿਆ ਕਿ ਪੰਜਾਬ ਮੰਤਰੀ ਮੰਡਲ ਨੇ ਆਦਿ ਧਰਮੀਆਂ ਦੀਆਂ ਮੰਗਾਂ ਬਾਰੇ ਵਿਚਾਰ ਕਰਕੇ ਉਨ੍ਹਾਂ ਨੂੰ ਪੂਰਾ ਕਰਨ ਲਈ ਉਦਮ ਸ਼ੁਰੂ ਕਰ ਦਿੱਤੇ ਹਨ।

ਬਾਬੂ ਮੁੱਗੋਵਾਲੀਆ ਨੇ 1935 ਦੇ ਮੈਮੋਰੰਡਮ ਵਿਚ ਗਵਰਨਰ ਨੂੰ ਲਿਖਿਆ ਕਿ ਪੰਜਾਬ ਸਰਕਾਰ ਵਲੋਂ ਬਗਾਰ ਪ੍ਰਥਾ ਜਾਰੀ ਹੈ ਖਾਸ ਕਰ ਜਿਲਾ ਕਾਂਗੜਾ ਵਿੱਚ ਮੁਰਦਿਆਂ ਨੂੰ ਚੁੱਕਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਸ ਵਾਰੇ ਜਿਲਾ ਅਧਿਕਾਰੀਆਂ ਨੂੰ ਲਿਖਿਆ, ਪਰ ਵਿਅਰਥ ਗਿਆ ਹੈ। ਪਰ ਬਾਬੂ ਜੀ ਨੇ ਗਵਰਨਰ ਨੂੰ ਲਿਖਿਆ ਕਿ ਉਹ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਕਰਨ। ਦਰਿਆ ਬਿਆਸ ਪਾਰ ਕਰਨ ਵੇਲੇ ਬੇੜੀ ਵਾਲੇ ਆਦਿ-ਧਰਮੀਆਂ ਨੂੰ ਬਿਠਾਉਂਦੇ ਨਹੀਂ ਜਦੋਂ ਕਿ ਦਰਿਆ ਸਰਕਾਰੀ ਜਾਇਦਾਦ ਹਨ।

ਬਾਬੂ ਨੇ ਅੱਗੇ ਲਿਖਿਆ ਕਿ ਮਿਉਂਸਪਲ ਕਮੇਟੀਆਂ ਅਤੇ ਜ਼ਿਲ੍ਹਾ ਬੋਰਡਾਂ ਵਿਚਲੇ ਗੈਰ-ਆਦਿਧਰਮੀ, ਆਦਿ ਧਰਮੀਆਂ ਤੇ ਪ੍ਰੋਫੈਸ਼ਨਲ ਟੈਕਸ ਮਨਮਰਜ਼ੀ ਨਾਲ ਲਾਉਂਦੇ ਹਨ ਜੋ ਕਿ ਬੇਇਨਸਾਫੀ ਹੈ। ਨੰਬਰਦਾਰ, ਸਫੈਦ ਪੋਸ਼, ਪਟਵਾਰੀ ਅਤੇ ਜ਼ੈਲਦਾਰ ਬਗਾਰ ਨਾ ਕਰਨ ਵਾਲੇ ਆਦਿ-ਧਰਮੀਆਂ ਤੇ ਮਨਮਰਜ਼ੀ ਦਾ ਟੈਕਸ ਲਾਕੇ ਪੁਲਿਸ ਰਾਹੀਂ ਪ੍ਰੇਸ਼ਾਨ ਕਰਦੇ ਹਨ। ਬਾਬੂ ਜੀ ਨੇ ਸਖਤ ਸ਼ਬਦਾਂ ਵਿਚ ਲਿਖਿਆ ਕਿ ਜੇ ਅਛੂਤ ਆਪਣਾ ਧਰਮ ਆਦਿ-ਧਰਮ ਦੱਸਦੇ ਹਨ ਤਾਂ ਉਨ੍ਹਾਂ ਤੇ ਪ੍ਰੋਫੈਸ਼ਨਲ ਟੈਕਸ ਠੋਕਕੇ ਲਾਇਆ ਜਾਂਦਾ ਹੈ। ਜੇ ਉਹ ਆਪਣਾ ਧਰਮ ਸਿੱਖ, ਹਿੰਦੂ, ਮੁਸਲਿਮ ਦੱਸਦੇ ਹਨ ਤਾਂ ਕੋਈ ਟੈਕਸ ਨਹੀਂ ਲਾਉਂਦੇ। ਬਾਬੂ ਜੀ ਨੇ ਆਦਿਧਰਮੀਆਂ 'ਤੋਂ ਇਸ ਟੈਕਸ ਨੂੰ ਹਟਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਲੋਕਲ ਬਾਡੀਜ਼ ਵਿਚ ਆਦਿ ਧਰਮੀਆਂ ਦੀ ਨੁਮਾਇੰਦਗੀ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਦੇ ਪਿੰਡ ਰਲਹਣ ਵਿਚ ਅਫਸਰਾਂ ਵਲੌਂ ਆਦਿਧਰਮੀਆਂ 'ਤੇ ਕੀਤੇ ਜੁਲਮਾਂ ਲਈ ਇੰਨਕੁਆਰੀਆਂ ਕਰਵਾਉਣ ਤੇ ਵੀ ਜੋਰ ਦਿੱਤਾ।

ਬਾਬੂ ਜੀ ਨੇ ਆਦਿ ਧਰਮੀਆਂ ਨੂੰ ਉਨ੍ਹਾਂ ਦੀ ਆਬਾਦੀ ਅਨੁਸਾਰ ਸਰਕਾਰੀ ਨੋਕਰੀਆਂ ਵਿੱਚ ਰਿਜਰਵਰੇਸ਼ਨ ਤੇ ਜੋਰ ਦਿੱਤਾ। 1901 ਈ. ਵਿੱਚ ਆਦਿ-ਧਰਮੀਆਂ ਨੂੰ ਦਬਾਉਣ ਲਈ ਪੰਜਾਬ ਭੂਮੀ ਇੰਤਕਾਲ ਆਰਜੀ ਐਕਟ ਬਣਿਆ ਜਿਸ ਨੂੰ ਬਾਬੂ ਜੀ ਨੇ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਐਲਾਨਦਿਆਂ ਰੱਦ ਕਰਨ ਲਈ ਕਿਹਾ ਤਾ ਜੋ ਆਦਿ-ਧਰਮੀ ਆਪਣੀ ਰਿਹਾਇਸ਼ ਲਈ ਥਾਂ ਖਰੀਦ ਸਕਣ। ਸਰਕਾਰ ਵਲੋਂ ਨਵੇ ਸਵਿਧਾਨ ਵਿੱਚ ਐਲਾਨੀਆਂ ਅਨੁਸੂਚਿਤ ਜਾਤੀਆਂ ਦੀ ਲਿਸਟ ਵੇਖ ਕੇ ਵੱਖ ਵੱਖ ਮਹਿਕਮਿਆਂ ਵਿੱਚ ਭੇਜਣ ਬਾਰੇ ਅਤੇ ਇਹਨਾ ਜਾਂਤਾ ਦਾ ਧਰਮ ਅਦਿ-ਧਰਮ ਮੰਨਣ ਬਾਰੇ ਵੀ ਗਵਰਨਰ ਨੂੰ ਲਿਖਿਆ। ਇਹ ਮੈਮੋਰੰਡਮ ਅੰਗਰੇਜੀ ਵਿੱਚ ਪਾਪੂਲਰ ਪ੍ਰੈਸ ਜਲੰਧਰ ਸ਼ਹਿਰ ਤੋਂ ਛਪਵਾ ਕੇ ਵੰਡਿਆ ਗਿਆ। ਸਾਡੇ ਕੋਲ ਮੈਨੋਰੰਡਮ ਦੀ ਕਾਪੀ ਉੱਪਰ ਬਾਬੂ ਹਜਾਰਾ ਰਾਮ ਪਿੱਪਲਾਂਵਾਲਾ ਦੇ ਹਸਤਾਖਰ ਅਤੇ ਆਦਿ-ਧਰਮ ਮੰਡਲ ਆਫ ਪੰਜਾਬ ਦੀ ਪੰਜਾਬੀ /ਅੰਗਰੇਜੀ ਵਿੱਚ ਮੋਹਰ ਲੱਗੀ ਹੋਈ ਹੈ ਜਿਸ ਦੇ ਵਿੱਚਕਾਰ ਸੋਹੰ ਲਿਖਿਆ ਹੋਇਆ ਹੈ।

### ਰਿਫਾਰਮਜ ਕਮਿਸ਼ਨਰ ਸ਼ਿਮਲਾ ਨੂੰ 1935 ਵਿੱਚ ਯਾਦ ਪੱਤਰ

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 18 ਸਤੰਬਰ 1935 ਨੂੰ ਰਿਫਾਰਮਜ਼ ਕਮਿਸ਼ਨਰ ਅਤੇ ਜਾਇੰਟ ਸੈਕਟਰੀ, ਟ੍ਰਾਂਸਪਫਰਡ ਡਿਪਾਰਟਮੈਂਟ, ਪੰਜਾਬ ਸਰਕਾਰ, ਸ਼ਿਮਲਾ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਮਿਲ ਕੇ ਇੱਕ ਮੈਮੋਰੈਡਮ ਦਿੱਤਾ। ਪੰਜਾਬ ਸਰਕਾਰ ਨੇ ਇਸ ਤੋ ਪਹਿਲਾਂ 13 ਅਗਸਤ ਅਤੇ ਸਤੰਬਰ 1935 ਨੂੰ ਕ੍ਰਮਵਾਰ ਅਸਥਾਈ ਪੰਜਾਬ ਅਸੰਬਲੀ ਹਲਕਿਆਂ ਦਾ ਐਲਾਨ ਕਰ ਦਿੱਤਾ ਗਿਆ।

ਬਾਬੂ ਜੀ ਨੇ ਅੰਮ੍ਰਿਤਸਰ ਅਤੇ ਜਲੰਧਰ ਜਿਲ੍ਹਿਆਂ ਦੀ ਇੱਕ ਸੀਟ ਐਲਾਨਣ ਦਾ ਵਿਰੋਧ ਕਰਦਿਆਂ ਕਿਹਾ ਕਿ ਜਲੰਧਰ ਅਤੇ ਅੰਮ੍ਰਿਤਸਰ ਜਿਲ੍ਹਿਆਂ ਨੂੰ ਦੋ ਸੀਟਾਂ ਚਾਹੀਦੀਆਂ ਹਨ । ਇੱਕ ਸੀਟ ਜਲੰਧਰ ਅਤੇ ਦੂਜੀ ਅਮ੍ਰਿਤਸਰ ਜ਼ਿਲ੍ਹੇ ਦੀ। ਬਾਬੂ ਜੀ ਨੇ ਦਲੀਲ ਦਿੱਤੀ ਕਿ ਕਿਉਂਕਿ ਬਹੁਗਿਣਤੀ ਆਦਿ-ਧਰਮੀ ਪਿੰਡਾ ਵਿੱਚ ਰਹਿੰਦੇ ਹਨ ਇਸ ਲਈ ਇਨ੍ਹਾਂ ਸੀਟਾਂ 'ਤੇ ਪੇਂਡੂ ਉਮੀਦਵਾਰਾਂ ਨੂੰ ਹੀ ਖੜ੍ਹੇ ਕਰਨ ਦਾ ਨਿਯਮ ਹੋਣਾ ਚਾਹੀਦਾ ਹੈ। ਉਸ ਸਮੇਂ ਪੇਡੂ ਅਤੇ ਸ਼ਹਿਰੀ ਸੀਟਾਂ ਦੀ ਰਿਜ਼ਰਵ ਸੀਟਾਂ ਵਿੱਚ ਸਿਰਫ ਪੇਂਡੂ ਖੇਤਰ ਵਿੱਚੋਂ ਹੀ ਬਣਨ। 5 ਸਤੰਬਰ 1935 ਵਿੱਚ ਅਸੰਬਲੀ ਹਲਕਿਆਂ ਵਿੱਚ ਤਬਦੀਲੀ ਕਰਨ ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਕਿਹਾ ਜੇ ਹੱਦਬੰਦੀ ਕਮੇਟੀ (Delimitation Committee) ਸਾਹਮਣੇ ਜੁਬਾਨੀ ਗਵਾਹੀ ਦੇਣਾ ਵੀ ਸਮਝਿਆ ਤਾਂ ਉਹ ਆਪਣਾ ਪੱਖ ਪੇਸ਼ ਕਰਨ ਲਈ ਤਿਆਰ ਹਨ। ਇਸ ਯਾਦ ਪੱਤਰ ਵਿੱਚ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬੂ ਹਜ਼ਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ, ਸੰਤ ਰਾਮ ਅਜ਼ਾਦ ਮਿਸ਼ਨਰੀ, ਸੇਠ ਕਿਸ਼ਨ ਦਾਸ ਵਿੱਤ ਸਰਕਾਰ ਅਤੇ ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ ਦੇ ਨਾਂ ਛਪੇ ਹਨ। ਪਾਪੂਲਰ ਪ੍ਰੈਸ, ਜਲੰਧਰ ਸ਼ਹਿਰ ਵਿੱਚ ਇਹ ਪੱਤਰ ਛਪਿਆ।

### ਮੁੱਖ ਮੰਤਰੀ ਨੂੰ ਰੋਸ ਪੱਤਰ

ਬਾਬੂ ਮੁਗੋਵਾਲੀਏ ਨੇ 11-04-1942 ਨੂੰ ਮੁੱਖ ਮੰਤਰੀ ਪੰਜਾਬ ਨੂੰ ਇੱਕ ਰੋਸ ਪੱਤਰ ਲਿਖਿਆ ਕਿ ਜਿਸ ਤਰਾਂ ਦੂਜੀਆਂ ਕੌਮਾਂ ਨੂੰ ਦੂਜੀ ਸੰਸਾਰ ਜੰਗ ਵਿੱਚ ਫੌਜ ਵਿੱਚ ਭਰਤੀ

(ਬਾਕੀ ਅਗਲੇ ਸਫੇ ਤੇ)

# ਟਮਾਟਰ

ਗੋਲ ਗੋਲ ,ਰੰਗ ਇਸਦਾ ਲਾਲ
ਟਮਾਟਰ ਸਿਹਤ ਦੀ ਕਰੇ ਸੰਭਾਲ।
ਬੜਾ ਸੁਆਦ ਬਣਦਾ ਸੂਪ,
ਖੂਬ ਨਿਖਾਰੇ ਇਹ ਰੰਗ ਰੂਪ।
ਪੇਟ ਦੇ ਕੀੜੇ ਮਾਰ ਮੁਕਾਵੇ,
ਕਾਲੀ ਮਿਰਚ ਜੋ ਲਾ ਕੇ ਖਾਵੇ।
ਦਾਲ ਸ਼ਬਜੀ ਇਸ ਬਿਨ ਅਧੂਰੀ,
ਖੂਨ ਦੀ ਘਾਟ ਨੂੰ ਕਰੇ ਪੂਰੀ।
ਬਹੁਤੇ ਲੋਕ ਸਲਾਦ ਵਿੱਚ ਖਾਣ,
ਬੀਮਾਰੀਆਂ ਤੋਂ ਮੁਕਤੀ ਪਾਉਂਣ।
ਖੱਟਾ ਮਿੱਠਾ ਜਿਹਾ ਟੇਸਟ,
ਸੌਸ ਬਣਾਵੇ ਇਸਦਾ ਪੇਸਟ।
ਅਸ਼ੁੱਧ ਲਹੂ ਦੀ ਕਰੇ ਸਫ਼ਾਈ,
ਸੂਗਰ ਤੇ ਗੈਸ ਦੀ ਚੰਗੀ ਦਵਾਈ।
ਰੌਣਕ , ਰੋਮਾਂਚਕ ਨਾ ਪਿੱਛਾ ਛੱਡਦੇ,
ਹਰ ਵੇਲੇ ਫਰਿਜ਼ ਵਿੱਚ ਲੱਭਦੇ।
ਪੱਥਰੀ ਵਾਲੇ ਰੱਖਣ ਧਿਆਨ,
ਟਮਾਟਰ ਨਾ ਉਹ ਬਿਲਕੁਲ ਖਾਣ।
"ਚਮਨ" ਟਮਾਟਰ ਬੜਾ ਗੁਣਕਾਰੀ,
ਤਾਂਹਿਓ ਕਿਚਨ ਵਿੱਚ ਸਰਦਾਰੀ।

**– ਚਮਨਦੀਪ ਸ਼ਰਮਾ**
91-95010 33005

## ਨਸ਼ਿਆਂ ਖਿਲਾਫ ਨੁਸਖਾ!

ਕਿਹਾ ਹੋਇਆ ਏ ਸੱਚ ਸਿਆਣਿਆਂ ਨੇ
ਭੂਤ ਲਾਤੋਂ ਕੇ ਬਾਤੋਂ ਸੇ ਮਾਨਤੇ ਨਹੀਂ।

ਯਾਰੀ ਜਿਨ੍ਹਾਂ ਦੀ 'ਉਤਲਿਆਂ' ਨਾਲ ਹੁੰਦੀ
ਕੋਈ ਕੜਾ-ਕਾਨੂੰਨ ਪਹਿਚਾਨਤੇ ਨਹੀਂ।

ਹੁੰਦਾ ਜਿਨ੍ਹਾਂ ਦੇ ਮੂੰਹਾਂ ਨੂੰ ਲਹੂ ਲੱਗਾ
ਉਹ ਅਪੀਲਾਂ ਦਲੀਲਾਂ ਨੂੰ ਜਾਨਤੇ ਨਹੀਂ।

ਗੁਰੂਆਂ ਪੀਰਾਂ ਦੇ ਵਾਸਤੇ ਪਾਓ ਭਾਵੇਂ
ਉਹ ਧਰਮ-ਈਮਾਨ ਸਨਮਾਨਤੇ ਨਹੀਂ।

ਆਪੋ ਆਪਣੇ ਜੀਅ ਸੰਭਾਲ ਲਈਏ
ਨਸ਼ੇ ਰੋਕਣਗੇ ਨਹੀਂ ਸਰਕਾਰੀਏ ਜੀ।

ਨਸ਼ੇ ਵੰਡਦਾ ਜਿਹੜਾ ਕੋਈ ਹੱਥ ਆਵੇ
ਉਹਦੀ ਰੱਜ ਕੇ ਭੁਗਤ ਸਵਾਰੀਏ ਜੀ!



**ਤਰਲੋਚਨ ਸਿੰਘ ਦੁਪਾਲਪੁਰ**
001-408-915-1268

## ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ

ਮਨੁੱਖਤਾ ਨੂੰ ਜਨਮ ਦੇਣ ਵਾਲੀਆਂ ਤਮਾਮ ਮਾਵਾਂ ਨੂੰ ਹਰਭਜਨ ਸਿੰਘ ਢੇਰੀ ਵਲੋਂ ਮਦਰਜ਼ ਡੇ ਦੀ ਕੋਟਿਨ ਕੋਟ ਵਧਾਈ ਹੋਵੇ। ਅਕਾਲ ਪੁਰਖ ਨੇ ਤੁਹਾਨੂੰ ਰੱਬ ਵਾਲੇ ਗੁਣ ਦੇ ਕੇ ਨਿਵਾਜਿਆ ਹੈ। ਸੁਣਿਆ ਹੈ ਕਿ ਪਰਵਦਗਾਰ ਦੀ ਬੋਲੀ ਪ੍ਰੇਮ ਜਾਂ ਪਿਆਰ ਹੈ। ਤੁਸੀਂ ਪਿਆਰ ਦਾ ਸੋਮਾ ਹੋ ਅਤੇ ਰੱਬ ਵਾਂਗ ਸਾਰੀ ਉਮਰ ਪਿਆਰ ਵੰਡਦੇ ਹੀ ਰਹਿੰਦੇ ਹੋ। ਬੱਚਿਆਂ ਦੀ ਖੁਸ਼ੀ ਲਈ ਆਪਣੇ ਆਪ ਨੂੰ ਕੁਰਬਾਨ ਕਰ ਦੇਣਾ ਕੇਵਲ ਤੇ ਕੇਵਲ ਮਾਂ ਦੇ ਹਿੱਸੇ ਹੀ ਆਇਆ ਹੈ। ਆਓ ਅੱਜ ਮਦਰਜ਼ ਡੇ ਵਾਲੇ ਦਿਨ ਪ੍ਰਣ ਕਰੀਏ ਕਿ ਮਾਵਾਂ ਤੇ ਹੋਣ ਵਾਲੀ ਵਧੀਕੀ ਨੂੰ ਬਰਦਾਸ਼ਤ ਨਹੀਂ ਕਰਾਂਗੇ। ਵਾਹਿਗੁਰੂ ਤੁਹਾਨੂੰ ਸਦਾ ਹੀ ਖਿੜੇ ਹੋਏ ਫੁੱਲ ਵਾਂਗ ਖਿੜਿਆ ਹੀ ਰੱਖੇ।

ਧੁੱਪਾਂ ਕੀ ਡਰਾਉਂਣਾ ਸਾਨੂੰ, ਸਾਨੂੰ ਮਿਲ ਗਿਆ ਸਾਥ ਹੈ ਛਾਵਾਂ ਦਾ।
ਮਾਵਾਂ ਬੇਸ਼ਕ ਸਦਾ ਨਾ ਰਹਿਣਾ, ਪਰ ਰਹਿਣਾ ਅਸਰ ਦੁਆਵਾਂ ਦਾ।
ਹਾਰ ਸ਼ਿੰਗਾਰ ਕੇ ਲਾਡ ਲਡਾਉਣੇ, ਫਿਰ ਲਉਣਾ ਟਿੱਕਾ ਮੱਥੇ ਤੇ।
ਲੱਖਾਂ ਸਿਫਰਾਂ ਜੋੜ ਲਓ ਭਾਵੇਂ, ਦੇ ਹੋਣਾ ਨਹੀਂ ਮੁੱਲ ਚਾਹਵਾਂ ਦਾ।
ਮਾਂ ਦੀ ਗੋਦ 'ਚ ਖੇਡਿਆ ਸਭ ਨੇ, ਸਭ ਰਾਣੇ ਰੰਕ ਬਰਾਬਰ ਆਏ।
ਵਡਿਆਈ ਕਰਨੀ ਐਬ ਛਪਾਉਂਣੇ, ਪਟਿਆਲਿਆ ਜਿਗਰਾ ਮਾਵਾਂ ਦਾ।



**– ਹਰਭਜਨ ਸਿੰਘ ਢੇਰੀ**
**ਯੂਬਾ ਸਿਟੀ**

## ਧੜ ਇਕੱਲਾ ਲੜ ਰਿਹਾ

ਧੜ ਇਕੱਲਾ ਲੜ ਰਿਹਾ ਤਲੀ ਸੀਸ ਟਿਕਾਇਆ
ਰਣ ਵਿਚ ਬਾਬੇ ਦੀਪ ਸਿੰਘ ਖੰਡਾ ਖੜਕਾਇਆ
ਰਣ ਵਿਚ ......

ਅੱਗੇ ਨਹੀਂ ਕਦੇ ਵੇਖਿਆ ਸੁਣਿਆ ਨਜ਼ਾਰਾ
ਸੀਸ ਬਿਨ੍ਹਾਂ ਕਿਵੇਂ ਚੱਲਦਾ ਖੰਡਾ ਦੋ ਧਾਰਾ
ਉਮਰ ਵਡੇਰੀ ਸੂਰਮੇ ਨੇ ਭੜਥੂ ਪਾਇਆ
ਰਣ ਵਿਚ ......

ਯੌਹਰ ਦਿਖਾਉਂਦਾ ਸੂਰਮਾ ਅੰਮ੍ਰਿਤ ਦੇ ਬਲ ਦਾ
ਮਨ ਦੇ ਅੰਦਰ ਸਿਮਰਨਾਂ ਬਾਣੀ ਦਾ ਚੱਲਦਾ
ਵੇਖ ਵੈਰੀ ਸਾਹ ਸੂਤਿਆ ਡਾਢਾ ਘਬਰਾਇਆ
ਰਣ ਵਿਚ ......

ਢੇਰ ਲਾਸ਼ਾਂ ਦੇ ਲਾਂਵਦਾ ਸਿੰਘ ਜਿੱਧਰ ਟੁੱਟਦਾ
ਸ਼ੇਰਾਂ ਵਾਂਗੂ ਸੂਰਮਾ ਰਣ ਅੰਦਰ ਬੁੱਕਦਾ
ਭੇਡਾਂ ਵਾਂਗ ਮੈਦਾਨ ਵਿਚ ਵੈਰੀ ਭਜਾਇਆ
ਰਣ ਵਿਚ ......

ਚੁੱਕਦੇ ਜਿਹੜੇ ਧਰਮ ਲਈ ਯੋਧੇ ਤਲਵਾਰਾਂ
ਲਿਖਦਾ ਖਾਨ ਖਾਨੀਆਂ ਉਹਨਾਂ ਦੀਆਂ ਵਾਰਾਂ
ਧੰਨ ਮਾਪੇ ਉਹ ਭਗਤ ਨੇ ਜਿੰਨ੍ਹੀ ਯੋਧਾ ਜਾਇਆ
ਰਣ ਵਿਚ ......



**-ਪ੍ਰਮਿੰਦਰ ਸਿੰਘ ਰਾਏ**
916-825-4141

## ਨਾ ਜਾਈ ਨਸ਼ਿਆਂ ਦੇ ਰਾਹ 'ਤੇ

ਨਾ ਜਾਈ ਨਸ਼ਿਆਂ ਦੇ ਰਾਹ ਤੇ
ਤੂੰ ਨਾ ਜਾਈ ਨਸ਼ਿਆਂ ਦੇ ਰਾਹ ਤੇ
ਜਿਹੜੇ ਰਾਜਿਆਂ ਨੂੰ ਵੀ
ਭਿਖਾਰੀ ਬਣਾਉਂਦੇ ਨੇ।
ਤੂੰ ਨਾ ਜਾਈ ਉਸ ਰਾਹ ਤੇ
ਜਿਹੜੇ ਖੂਨ ਵਿੱਚ ਰਚ ਰਚ ਕੇ
ਸਰੀਰ ਨੂੰ ਖੋਖਲਾ ਬਣਾਉਂਦੇ ਨੇ।
ਤੂੰ ਨਾ ਜਾਈ ਉਸ ਰਾਹ ਤੇ
ਜਿਹੜੇ ਬੇਕਸੂਰ ਬੱਚਿਆਂ ਨੂੰ
ਜੰਮਣ ਤੋਂ ਪਹਿਲਾ ਹੀ
ਸੂਲੀ ਚੜ੍ਹਾਉਂਦੇ ਨੇ ।
ਤੂੰ ਨਾ ਜਾਈ ਉਸ ਰਾਹ ਤੇ
ਜਿਹੜੇ ਝੂਠੇ ਮੁਕੱਦਮਿਆਂ ਵਿੱਚ ਪਾ ਕੇ
ਜ਼ੇਲ੍ਹਾਂ ਦੇ ਮੂੰਹ ਦਿਖਾਉਂਦੇ ਨੇ।
ਤੂੰ ਨਾ ਜਾਈ ਉਨ੍ਹਾਂ ਜ਼ਾਲਮਾਂ ਦੇ ਕੋਲ
ਜਿਹੜੇ ਨਸ਼ਿਆਂ ਦੇ ਜ਼ਾਲ ਵਿਚ ਪਾ ਕੇ
ਸਭ ਕੁਝ ਸਾਡਾ ਗੁਵਾਂਉਦੇ ਨੇ।
ਅੱਜ ਸਮਝ ਲਓ ਗੱਲ "ਅਨਿਲ" ਦੀ
ਇਹ ਸਮਾਜ ਨੂੰ ਖੋਖਲਾ ਬਣਾਉਂਦੇ ਨੇ।

**ਅਨਿਲ ਕੁਮਾਰ**
91-98786-87976



# ਘੱਟ ਰਹੀ ਸਹਿਨਸ਼ੀਲਤਾ ਬਣ ਰਹੀ ਰਿਸ਼ਤਿਆਂ ਦੇ ਖਤਮ ਹੋਣ ਦਾ ਕਾਰਨ

ਅੱਜ ਇਕਵੀ ਸਦੀ ਵਿੱਚ ਮਨੁੱਖ ਨੇ ਹਰ ਪੱਖੋਂ ਤਰੱਕੀ ਤਾਂ ਬਹੁਤ ਕਰ ਲਈ ਹੈ। ਪਰ ਸਮਾਜਿਕ ਪੱਖ ਵਿਚ ਰਿਸ਼ਤਿਆਂ ਪੱਖੋਂ ਇਹ ਥੋੜਾ ਕਮਜੋਰ ਤੇ ਲਾਪਰਵਾਹ ਨਜ਼ਰ ਆ ਰਿਹਾ ਹੈ। ਅੱਜ ਅਸੀ ਨਿਤ ਅਖਬਾਰਾਂ ਜਾਂ ਟੀ-ਵੀ ਵਿੱਚ ਤਲਾਕ ਦੀਆਂ ਖ਼ਬਰਾ ਪੜ੍ਹਦੇ ਜਾਂ ਸੁਣਦੇ ਹਾਂ। ਰਿਸ਼ਤਿਆਂ ਵਿੱਚ ਝਗੜੇ ਜਾਂ ਲਾਪਰਵਾਹੀ ਹੁਣ ਆਮ ਗੱਲ ਹੈ। ਰਿਸ਼ਤਾ ਬੇਸ਼ੱਕ ਕੋਈ ਵੀ ਹੋਵੇ, ਉਸਨੂੰ ਵਿਸ਼ਵਾਸ ਤੇ ਜਿੰਮੇਵਾਰੀ ਨਾਲ ਨਿਭਾਉਣਾ ਹਰ ਇਨਸਾਨ ਦਾ ਆਪਣਾ ਫਰਜ਼ ਹੈ। ਪਰ ਅੱਜਕਲ੍ਹ ਮਨੁੱਖ ਆਪਣੀ ਵਿਅਸਥ ਜਿੰਦਗੀ ਵਿਚ ਆਪਣੇ ਕਾਰੋਬਾਰ ਅਤੇ ਪੈਸੇ ਵੱਲ ਬਹੁਤਾ ਧਿਆਨ ਦੇ ਰਿਹਾ ਹੈ। ਰਿਸ਼ਤਿਆਂ ਦਾ ਆਪਣਾਪਣ ਤਾਂ ਕਿਧਰੇ ਖੋਹ ਹੀ ਗਿਆ ਹੈ। ਇਸਦਾ ਇਕ ਵੱਡਾ ਕਾਰਨ ਮਨੁੱਖੀ ਜੀਵ ਵਿਚ ਪੈਦਾ ਹੋ ਰਹੀ ਅਸਹਿਣਸ਼ੀਲਤਾ ਵੀ ਹੈ। ਅੱਜ ਹਰ ਕੋਈ ਅਮੀਰ ਬਣਨ ਤੇ ਖੁਦ ਨੂੰ ਅੱਗੇ ਕੱਢਣ ਦੇ ਚੱਕਰ ਵਿੱਚ ਹੈ। ਜੋ ਕਿ ਬਹੁਤ ਵਧੀਆ ਗੱਲ ਵੀ ਹੈ । ਹਰ ਮਨੁੱਖ ਸਪਨੇ ਸਜਾਉਂਦਾ ਹੈ ਤੇ ਉਸਨੂੰ ਪੂਰਾ ਕਰਨ ਦੀ ਹਰ ਕਾਮਯਾਬ ਕੌਸ਼ਿਸ਼ ਵੀ ਕਰਦਾ ਹੈ । ਪਰ ਸਮੱਸਿਆ ਉਸ ਜਗਾਹ ਆਉਂਦੀ ਹੈ , ਜਦੋਂ ਸਾਡੇ ਰਾਸਤੇ ਗਲਤ ਹੋ ਜਾਂਦੇ ਹਨ। ਅਸੀਂ ਖੁਦ ਨੂੰ ਅੱਗੇ ਲੈ ਕੇ ਜਾਣ ਦੀ ਬਜਾਏ ਦੂਸਰਿਆਂ ਨੂੰ ਨੀਵਾਂ ਕਰਨ ' ਚ ਜ਼ੋਰ ਲਗਾਉਣਾ ਸ਼ੁਰੂ ਕਰ ਦਿੰਦੇ ਹਾਂ । ਕਹਿਣ ਤੋਂ ਭਾਵ ਸਾਡੀ ਸੋਚ ਵਿਚ ਅਵਗੁਣਾ ਦਾ ਪ੍ਰੇਸ਼ ਜਾਂ ਗਲਤ ਤਰੀਕੇ ਨਾਲ ਤਰੱਕੀ ਪਾਉਣ ਦੀ ਆਸ ਪੈਦਾ ਹੁੰਦੀ ਹੈ। ਇਹ ਸਬ ਚੀਜ਼ਾਂ ਮਨੁੱਖ ਨੂੰ ਅਸਹਿਣਸ਼ੀਲਤਾ ਵੱਲ ਲੈ ਕੇ ਜਾਂਦੀਆਂ ਹਨ। ਗੁੱਸਾ ਤਾਂ ਇਸਦਾ ਵੱਡਾ ਭਾਗ ਹੈ। ਜਿਸਨੇ ਕਿ ਨਾ ਜਾਣੇ ਕਿਤਨੇ ਹੀ ਰਿਸ਼ਤਿਆਂ ਨੂੰ ਖ਼ਤਮ ਕਰ ਦਿੱਤਾ ਹੈ । ਇੱਕ ਪਲ ਦਾ ਗੁੱਸਾ ਸਾਲਾਂ ਦੇ ਬਣੇ ਪਿਆਰ ਨੂੰ ਖਤਮ ਕਰ ਛੱਡਦਾ ਹੈ। ਗੁੱਸੇ ਵਿਚ ਬੇਕਾਬੂ ਹੋਇਆ ਬੰਦਾ , ਖੁਦ ਲਈ ਤਾਂ ਹਾਨੀਕਾਰਕ ਹੈ ਪਰ ਉਹ ਦੂਸਰਿਆਂ ਲਈ ਵੀ ਤਣਾਅ ਦਾ ਕਾਰਨ ਬਣ ਜਾਂਦਾ ਹੈ । ਇਸ ਨਾਲ ਕੇਵਲ ਰਿਸ਼ਤੇ ਹੀ ਨਹੀਂ ਟੁੱਟਦੇ ਬਲਕਿ ਕਈ ਤਰ੍ਹਾਂ ਦੀਆਂ ਮਾਨਸਿਕ ਬਿਮਾਰੀਆ ਵੀ ਆ ਘੇਰ ਦੀਆਂ ਹਨ । ਗੁੱਸਾ ਤਾਂ ਆਪਣੇ ਆਪ ਵਿਚ ਹੀ ਇਕ ਬਿਮਾਰੀ ਹੈ । ਗੁੱਸੇ ਵਾਲੇ ਮਨੁੱਖ ਵਿਚ ਸਹਿਣਸ਼ੀਲਤਾ ਦੀ ਬਹੁਤ ਕਮੀ ਹੋ ਜਾਂਦੀ ਹੈ ਤੇ ਰਿਸ਼ਤਿਆਂ ਵਿਚ ਦਰਾਰਾਂ ਤਾਂ ਫਿਰ ਆਮ ਗੱਲ ਹੈ । ਇਸ ਲਈ ਸਾਨੂੰ ਸਭ ਨੂੰ ਚਾਹੀਦਾ ਹੈ ਕਿ ਸਮਾਜ ਦੇ ਹੋਰ ਕੰਮ ਕਰਦੇ ਹੋਏ ਵੀ ਅਸੀਂ ਆਪਣੇ ਰਿਸ਼ਤਿਆਂ ਵੱਲ ਵੀ ਧਿਆਨ ਦੇਈਏ । ਉਨ੍ਹਾਂ ਨੂੰ ਪਿਆਰ ਤੇ ਵਿਸ਼ਵਾਸ ਨਾਲ ਸਹੇਜ ਕੇ ਰੱਖੀਏ । ਆਖਰ ਇਹ ਪੈਸਾ ਤੇ ਸ਼ੋਹਰਤ ਬੰਦਾ ਆਪਣਿਆਂ ਲਈ ਹੀ ਤਾਂ ਕਮਾਉਦਾ ਹੈ । ਪਰ ਅਗਰ ਆਪਣੇ ਹੀ ਕੋਲ ਨਾ ਰਹੇ ਤੇ ਇਹ ਸ਼ੋਹਰਤ ਦਾ ਵੀ ਕੋਈ ਸਵਾਦ ਨਹੀਂ । ਜੇ ਮਨੁੱਖ ਨੇ ਅੰਦਰੂਨੀ ਖੁਸ਼ੀਆ ਅਤੇ ਸੰਤੁਸ਼ਟੀ ਨੂੰ ਮਾਨਣਾ ਹੈ ਤਾਂ ਉਸਨੂੰ ਆਪਣੇ ਪਿਆਰੇ ਰਿਸ਼ਤਿਆਂ ਨੂੰ ਪਿਆਰ ਅਤੇ ਵਿਸ਼ਵਾਸ ਨਾਲ ਪਰੋ ਕੇ ਰੱਖਣਾ ਬਹੁਤ ਜਰੂਰੀ ਹੈ। ਵਰਨਾ ਲੱਕੜ ਨੂੰ ਹੌਲੀ ਹੌਲੀ ਜਿਵੇਂ ਘੁਣ ਖਾ ਜਾਂਦੀ ਹੈ ,ਇਵੇਂ ਹੀ ਤੁਹਾਡੀ ਅਸਹਿਣਸ਼ੀਲਤਾ ਅਤੇ ਗੁੱਸਾ ਤੁਹਾਡੇ ਰਿਸ਼ਤਿਆਂ ਨੂੰ ਅੰਦਰੋ ਅੰਦਰੀ ਖੋਖਲਾ ਬਣਾ ਦੇਵੇਗਾ ।



**ਕਿਰਨਪ੍ਰੀਤ ਕੌਰ**
+4368864013133

## ਨਸ਼ਾ

ਅੱਧਾ ਕੁ ਤਾਂ ਨਸ਼ਾ ਨਿਗਲ ਚੁੱਕਿਆ ਸਮਾਜ ਨੂੰ
ਜੜ੍ਹੋਂ ਸਕਿਆ ਨਾ ਪੁੱਟ ਕੋਈ ਇਸਦੇ ਅਗਾਜ਼ ਨੂੰ

ਕਿੱਦਾਂ ਰੱਖੀਏ ਜਵਾਨੀ ਦੂਰ ਚੰਦਰੀ ਬਲਾ ਤੋਂ
ਕਿਸਤੀ ਬਚਾਈਏ ਕਿੱਦਾਂ ਦੋਗਲੇ ਮਲਾਹ ਤੋਂ

ਜਵਾਨ ਆਸ਼ਕੀ ਹਥਿਆਰਾਂ ਵਾਲੇ ਰਾਹ ਪਈ ਜਾਂਦੇ
ਪਿਓ ਨੇ ਕਰਜੇ ਤੋਂ ਤੰਗ ਆ ਕੇ ਫਾਹੇ ਲਈ ਜਾਂਦੇ

ਕਈ ਘਰਾਂ ਦੇ ਚਿਰਾਗ ਨੇ ਬੁਝਾਏ ਇਸ ਨਸ਼ੇ ਨੇ
ਜਮੀਨ,ਜਾਇਦਾਦ, ਘਰ ਵਿਕਵਾਏ ਇਸ ਨਸ਼ੇ ਨੇ

ਪੰਜ ਦਰਿਆਵਾਂ ਤੋਂ ਛੇ ਬਣਾ ਗਿਆ ਪੰਜਾਬ ਨੂੰ
ਲਾ ਗਿਆ ਕਾਲਖ਼ ਨਸ਼ਾ ਸੋਨ ਚਿੜੀ ਤਾਜ਼ ਨੂੰ

ਗੱਲ ਸਰਕਾਰ ਉੱਤੇ ਛੱਡ ਕੇ ਤਾਂ ਠੀਕ ਨਹੀ ਆਉਣੀ
ਸਾਨੂੰ ਇੱਕਠੇ ਹੋ ਕੇ ਖੁਦ ਨੂੰ ਹੀ ਪੂਊ ਠੱਲ ਪਾਉਣੀ

ਵਕੀਲ ਆਪਣੀਆਂ ਦੇ ਬਾਜੋਂ ਨਹੀ ਤਾਂ ਸੁੰਨੇ ਵਿਹੜੇ ਰੋਣਗੇ
ਆਉਂਦੇ ਸਮੇਂ ਉਜੜੇ ਘਰਾਂ ਦੇ ਮਾਲਕ ਜਿੰਦੇ ਹੋਣਗੇ



**ਵਕੀਲ ਰਾਏਸਰ**
91-73551-83683

# 786 ਨੰਬਰਾਂ ਵਾਲੇ ਨੋਟ ਇਕੱਠੇ ਕਰਨ ਵਾਲਾ 'ਨਰਿੰਦਰਪਾਲ ਸਿੰਘ'

**(ਸਫਾ 6 ਦਾ ਬਾਕੀ)**

ਰਹਿਣ ਵਾਲੇ ਇਸ ਸੇਵਾ ਮੁਕਤ ਬੈਂਕ ਅਧਿਕਾਰੀ ਨਰਿੰਦਰਪਾਲ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਨੋਟ ਤੇ ਸਿੱਕੇ ਇਕੱਠੇ ਕਰਨਾ ਕੋਈ ਸੌਖਾ ਕੰਮ ਨਹੀਂ। ਪਿਛਲੇ 28 ਸਾਲਾਂ ਤੋਂ ਉਹ ਥਾਂ-ਥਾਂ ਭਟਕ ਰਹੇ ਹਨ ਤਾਂ ਜੋ ਇਕ ਰਿਕਾਰਡ ਬਣ ਸਕੇ ਅਤੇ ਉਨ੍ਹਾਂ ਨੂੰ ਸਫਲਤਾ ਵੀ ਮਿਲੀ ਹੈ। ਉਨ੍ਹਾਂ ਦਾ ਨਾਂਅ ਲਿਮਕਾ ਬੁੱਕ ਆਫ਼ ਰੀਕਾਰਡਜ਼, ਇੰਡੀਆ ਬੁੱਕ ਆਫ਼ ਰੀਕਾਰਡਜ਼ ਅਤੇ ਯੂਨੀਕ ਵਰਲਡ ਰੀਕਾਰਡਜ਼ ਵਿਚ ਦਰਜ ਹੈ। ਇਕ ਕੌਮੀ ਪੱਧਰ ਦੀ ਸੰਸਥਾਂ ਵੱਲੋਂ ਸਾਲ 2012 ਵਿਚ ਤਿਆਰ ਕੀਤੀ ਗਈ 120 ਪ੍ਰਤਿਭਾਸ਼ਾਲੀ ਵਿਅਕਤੀਆਂ ਦੀ ਸੂਚੀ 'ਚ ਅਤੇ 2013 ਵਿਚ ਚੁਣੇ 101 ਬੰਦਿਆਂ 'ਚ ਨਰਿੰਦਰਪਾਲ ਸਿੰਘ ਨੂੰ ਸ਼ਾਮਲ ਕੀਤਾ। ਨਰਿੰਦਰਪਾਲ ਸਿੰਘ ਨੂੰ ਇਹ ਖਜ਼ਾਨਾ ਸੰਭਾਲਣ ਬਦਲੇ ਜੈਪੁਰ ਵਿਖੇ ਸਾਲ 2009 ਚ 'ਭਾਰਤ ਦਾ ਕੋਹਿਨੂਰ' ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਇਸ ਤੋਂ ਇਲਾਵਾ ਸਾਲ 2009 ਵਿਚ ਹੀ ਬਠਿੰਡਾ ਦੀ ਸੰਸਥਾਂ ਗਲੋਬਲ ਵਰਲਡ ਰੀਕਾਰਡਜ਼ ਵੀ ਨਰਿੰਦਰਪਾਲ ਸਿੰਘ ਨੂੰ ਸਨਮਾਨਿਤ ਕਰ ਚੁੱਕੀ ਹੈ।

ਨੋਟਾਂ ਅਤੇ ਸਿੱਕਿਆਂ ਦੇ ਸ਼ੌਕ ਵਿਚ ਉਸ ਨੂੰ ਆਪਣੀ ਜੀਵਣ-ਸਾਥਣ ਗੁਰਦੀਪ ਕੌਰ ਅਤੇ ਸਮੁੱਚੇ ਪਰਿਵਾਰ ਦਾ ਬਹੁਤ ਯੋਗਦਾਨ ਹਾਸਿਲ ਹੈ। ਇਸ ਉਮਰੇ ਵੀ ਉਸ ਦਾ ਸ਼ੌਕ ਘੱਟ ਨਹੀਂ ਹੋਇਆ। ਨੋਟਾਂ ਅਤੇ ਸਿੱਕਿਆਂ ਦੀ ਭਾਲ 'ਚ ਉਹ ਅਜੇ ਵੀ ਤਤਪਰ ਹੈ। ਨਰਿੰਦਰਪਾਲ ਸਿੰਘ, ਜਿਸ ਨੇ ਇਹ ਨੋਟਾਂ ਤੇ ਸਿੱਕਿਆਂ ਦਾ ਸਾਰਾ ਖ਼ਜਾਨਾ ਬੈਂਕ ਲਾਕਰ 'ਚ ਰੱਖਿਆ ਹੋਇਆ ਹੈ, ਦੀ ਇੱਛਾ ਹੈ ਕਿ ਉਹ ਹੋਰ ਵੀ ਜਿਆਦਾ ਨੋਟ ਤੇ ਸਿੱਕੇ ਇਕੱਠੇ ਕਰਕੇ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ ਵਿਚ ਆਪਣਾ ਨਾਂਅ ਦਰਜ ਕਰਵਾਏ। ਵਹਿਗੁਰੂ ਕਰੇ, ਉਸ ਦੀ ਇਹ ਇੱਛਾ ਜਲਦੀ ਪੂਰੀ ਹੋਵੇ।

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

ਕਰਨ ਤੇ ਜਮੀਨਾਂ ਅਲਾਟ ਕੀਤੀਆ ਹਨ ਉਸੇ ਤਰਾਂ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕੀਤੀਆ ਜਾਣ। ਇਸ ਪੱਤਰ ਵਿੱਚ ਪਤਾ ਲੱਗਦਾ ਹੈ ਕਿ ਸਰਕਾਰ ਵਲੋ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕਰਨ ਦੀ ਸਕੀਮ ਬਣਾਈ ਹੋਈ ਹੈ। ਇਸ ਪੱਤਰ ਵਿੱਚ ਸੂਚੀ ਹੈ ਕਿ ਕਿਹੜੇ-ਕਿਹੜੇ ਸਥਾਨਾਂ ਤੇ ਆਦਿ-ਧਰਮੀਆਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਆਦਿ-ਧਰਮੰਡਲ ਨੇ ਕਾਨਫਰੰਸਾਂ ਕੀਤੀਆਂ ਜਿਵੇਂ ਕਿ ਕਾਲਾ ਬੱਕਰਾ ਜਲੰਧਰ, ਪਿੱਪਲਾਂਵਾਲਾ, ਮਾਹਿਲਪੁਰ, ਹਰਿਆਣਾ ਹਾਜੀਪੁਰ, ਜਿਲਾ ਹੁਸ਼ਿਆਰਪੁਰ, ਜਗਰਾਂਓ, ਪੀਰੋਂ ਦਾਖਾ, ਡੇਹਲੋਂ, ਜਿਲਾ ਲੁਧਿਆਣਾ, ਜਿਲਾ ਲਾਇਲਪੁਰ ਜੋ ਕਿ ਅੱਜਕੱਲ ਪਾਕਿਸਤਾਨ ਵਿੱਚ ਹੈ ,ਦਰੋਕਾ ਜਿਲਾ ਕਾਂਗੜਾਂ, ਮਿੰਟ-ਗੁੰਮਟੀ, ਮੁਲਤਾਨ, ਸਰਗੋਧਾ, ਸ਼ੈਖੂਪੁਰਾ, ਲਾਹੌਰ (ਹੁਣ ਪਾਕਿਸਤਾਨ 'ਚ), ਅੰਮ੍ਰਿਤਸਰ, ਗੁਰਦਾਸਪੁਰ ਅੰਬਾਲਾ (ਹੁਣ ਹਰਿਆਣਾ ਵਿੱਚ) ਅਤੇ ਸ਼ਿਮਲਾ ਜੋ ਕਿ ਅੱਜਕੱਲ ਹਿਮਾਚਲ ਪ੍ਰਦੇਸ਼ ਵਿੱਚ ਆਦਿ। ਇਸ ਪੱਤਰ ਉੱਪਰ ਬਾਬੂ ਮੰਗੂਰਾਮ ਮੁਗੋਵਾਲੀਆ ਪ੍ਰਧਾਨ, ਬਾਬੂ ਸ਼ਾਮ ਲਾਲ ਸਕੱਤਰ (ਬਾਬੂ ਲੱਭੂ ਰਾਮ ਸੂਚੀ ਪਿੰਡ ਪ੍ਰਧਾਨ ਪ੍ਰਬੰਧਕੀ ਕਮੇਟੀ ) ਬਾਬੂ ਰਾਮ ਚੰਦ ਸਹਾਇਕ ਸਕੱਤਰ ਅਤੇ ਸੰਪਾਦਕ ਉਆਦਿ ਡੰਕਾਂ "ਬਾਬੂ ਸੰਤ ਰਾਮ ਅਜਾਦ ਮਿਸ਼ਨਰੀ ਸੇਠ ਕਿਸ਼ਨ ਦਾਸ ਐਮ.ਐਲ.ਏ ਖਜਾਨਚੀ, ਬਾਬੂ ਸੰਸਾਰ ਚੰਦ ਮਹਾਂ ਉੱਪਦੇਸ਼ਕ, ਪੂਰਨ ਚੰਦ ਰਮਤਾ ਪ੍ਰਚਾਰਕ, ਖੇਮ ਚੰਦ ਪ੍ਰਚਾਰਕ (ਇਹਨਾ ਦੇ ਨਾਮ ਤੇ ਲੀਕ ਵੱਜੀ ਹੈ) ਦੋ ਨਾਮ ਟਾਈਪ ਹਨ।

### ਗਵਰਨਰ ਪੰਜਾਬ ਨੂੰ ਯਾਦ ਪੱਤਰ

18-05-1934 ਨੂੰ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਨੇ ਪੰਜਾਬ ਦੇ ਗਵਰਨਰ ਨੂੰ ਇੱਕ ਮੈਮੋਰੰਡਮ ਦਿੱਤਾ ਕਿ ਆਦਿ-ਧਰਮੀ ਲੜਕੀਆਂ ਨਾਲ ਹਿੰਦੂ ਸਿੱਖ ਸਰਮਾਏਦਾਰ ਜਗੀਰਦਾਰਾਂ ਨੇ ਬਲਾਤਕਾਰ ਕੀਤੇ ਜਿਹਨਾ ਦੇ ਨਾਂ ਪਤੇ ਦਿੱਤੇ ਹਨ ਜੋ ਜ਼ਿਲ੍ਹਾ ਹੁਸ਼ਿਆਰਪੁਰ, ਜਲੰਧਰ ਅਤੇ ਲੁਧਿਆਣੇ ਨਾਲ ਸਬੰਧਤ ਹਨ । ਇਸ ਲਈ ਸ਼ਾਰਧਾ ਐਕਟ ਨੂੰ ਜੁੰਮੇਵਾਰ ਦੱਸਿਆ। ਪ੍ਰੋਫੈਸ਼ਨਲ ਟੈਕਸ ਨੂੰ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਦੱਸਿਆ ਕਿ ਜੇ ਉਹ ਆਪਣਾ ਧਰਮ ਹਿੰਦੂ , ਸਿੱਖ, ਇਸਲਾਮ ਦੱਸਣ ਤਾਂ ਇਹ ਟੈਕਸ ਨਹੀ ਲਾਉਂਦੇ। ਇਸ ਦਾ ਹੱਲ ਦੱਸਦਿਆ ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਲਿਖਿਆ ਕਿ ਸਾਨੂੰ ਸ਼ਾਸ਼ਨ ਅਤੇ ਪ੍ਰਸ਼ਾਸ਼ਨ ਵਿੱਚ ਬਣਦਾ ਹੱਕ ਦਿੱਤਾ ਜਾਵੇ ਅਤੇ ਪ੍ਰੋਫੈਸ਼ਨਲ ਟੈਕਸ ਉਗਰਾਹਣ ਦੇ ਅਧਿਕਾਰ ਦੇਣ ਲਈ ਕਿਹਾ। ਤੀਜੀ ਮੰਗ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਲਈ ਕੀਤੀ। ਇਹ ਯਾਦ ਪੱਤਰ ਵੀ ਕਿਸ਼ਨ ਸਟੀਮ ਪ੍ਰੈਸ ਰੇਲਵੇ ਰੋਡ ਜਲੰਧਰ ਸ਼ਹਿਰ ਵਿੱਚ ਛਪਿਆ ਹੈ।

ਇਹ ਤਾਂ ਕੁੱਝ ਦਸਤਾਵੇਜ ਜੋ ਆਪ ਦੇ ਸਨਮੁਖ ਰੱਖੇ ਹਨ। ਖੋਜ ਵਿਦਿਆਂਰਥੀਆਂ ਲਈ ਅੱਗੇ ਰੱਖੇ ਹਨ। ਅੰਤ ਵਿੱਚ ਕਿਸੇ ਸ਼ਾਇਰ ਦੇ ਸ਼ਬਦ ਦੁਹਰਾਉਣਾ ਚਾਹੁੰਦਾ ਹਾਂ:

ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਬਣੀਆਂ ਸੰਸਥਾਂ ਨੂੰ ਬੇਨਤੀ।

ਸਾਡੀ ਕੌਮ ਦੇ ਸਿਰਫ ਇੱਕੋ-ਇੱਕ ਮਹਾਨ ਲੀਡਰ, ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆਂ, ਜਿਨ੍ਹਾਂ ਨੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਨੂੰ ਗੁਰੂ ਧਾਰਿਆ ਅਤੇ ਭਗਤ ਰਵਿਦਾਸ ਨੂੰ ਗੁਰੂ ਰਵਿਦਾਸ ਦੀ ਮਾਨਤਾ ਭਾਰਤੀ ਸਮਾਜ ਤੋਂ ਸੰਘਰਸ਼ ਕਰਕੇ ਪ੍ਰਾਪਤ ਕੀਤੀ। ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੇ ਨਾਮ ਤੇ ਬਣੀਆਂ ਸੰਸਥਾਂ ਅਤੇ ਹੋਰਨਾਂ ਸਮਾਜ ਭਲਾਈ ਸੰਸਥਾਵਾਂ ਨੂੰ ਬੇਨਤੀ ਹੈ ਕਿ ਹਰ ਸਾਲ ਬਾਬੂ ਜੀ ਦਾ ਜਨਮ ਦਿਨ ਅਤੇ ਬਰਸੀ ਮਨਾ ਕੇ ਸਾਡੇ ਸਮਾਜ ਦੇ ਇਸ ਚਾਨਣ ਮੁਨਾਰੇ ਦੀ ਮਿੱਠੀ ਯਾਦ ਨੂੰ ਤਾਜ਼ਾ ਰੱਖਣ।

"ਨਾਮ ਮੰਗੂ ਰਾਮ ਦਾ ਭੁੱਲਣਾ ਨਹੀਂ ਚਾਹੀਦਾ,
ਹੀਰਾ ਅਨਮੋਲ ਮਿੱਟੀ ਵਿੱਚ ਰੁਲਣਾ ਨਹੀ ਚਾਹੀਦਾ"

**– ਸੀ. ਐਲ ਚੁੰਬਰ**
**ਜਲੰਧਰ ਸ਼ਹਿਰ, ਪੰਜਾਬ**

### ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਸਪੁੱਤਰ ਚਤਰ ਸੈਨ ਦੁਆਰਾ ਦਸੰਬਰ 1985 ਵਿਚ 'ਕੌਮੀ ਉਡਾਰੀਆਂ' ਦੇ ਸੰਪਾਦਕ ਸ੍ਰੀ ਸੀ. ਐਲ. ਚੁੰਬਰ ਨੂੰ ਭੇਜਿਆ ਗਿਆ ਪੱਤਰ

**ਚਤਰ ਸੈਨ ਸਪੁੱਤਰ ਬਾਬੂ ਮੰਗੂ ਰਾਮ ਮੁੱਗੋਵਾਲੀਆ**

ਗੜ੍ਹਸ਼ੰਕਰ (ਹੁਸ਼ਿਆਰਪੁਰ)- ਆਪ ਜੀ ਨੇ ਬਾਬੂ ਜੀ ਦੀ 99ਵੀਂ ਜਨਮ ਵਰ੍ਹੇਗੰਢ ਉਤੇ ਸੋਵੀਨਰ ਛਾਪ ਕੇ ਕਈ ਸਾਲਾਂ ਤੋਂ ਅਧੂਰਾ ਪਿਆ ਕੰਮ ਸਿਰੇ ਚਾੜ੍ਹ ਦਿੱਤਾ ਹੈ ਅਤੇ ਆਦਿ-ਧਰਮੀ ਕੌਮ ਉਤੇ ਇਕ ਬਹੁਤ ਵੱਡਾ ਅਹਿਸਾਨ ਕਰ ਦਿੱਤਾ ਹੈ।

You have done a very big task which was lying pending from many years.

ਤੁਹਾਡੇ ਇਸ ਕੰਮ ਦੀ ਜਿੰਨੀ ਸ਼ਲਾਘਾ ਕਰ ਲਈ ਜਾਵੇ ਉਨੀ ਹੀ ਥੋੜ੍ਹੀ ਹੈ। ਤੁਸੀਂ ਸਾਡੇ ਕੰਮ ਨੂੰ ਆਪਣਾ ਨਿੱਜੀ ਕੰਮ ਸਮਝ ਕੇ ਬੜੀ ਮਿਹਨਤ ਅਤੇ ਲਗਨ ਨਾਲ ਬਾਬੂ ਜੀ ਬਾਰੇ ਸੋਵੀਨਰ ਛਾਪ ਕੇ ਸਾਡੀ ਖਵਾਹਿਸ਼ ਪੂਰੀ ਕੀਤੀ ਹੈ, ਇਸ ਲਈ ਤੁਹਾਡਾ ਇਹ ਅਹਿਸਾਨ ਜ਼ਿੰਦਗੀ ਭਰ ਨਹੀਂ ਭੁੱਲ ਸਕਦੇ। ਅਸੀਂ ਆਪ ਜੀ ਦੇ ਅਤੀ ਧੰਨਵਾਦੀ ਹਾਂ। ਜਿੰਨਾ ਸਤਿਕਾਰ ਤੁਹਾਡੇ ਲਈ ਸਾਡੇ ਦਿਲ ਵਿਚ ਹੈ, ਉਹ ਚਿੱਠੀ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਤੁਸੀਂ ਸਾਡਾ ਹੀ ਨਹੀਂ ਬਲਕਿ ਸਾਰੀ ਕੌਮ ਦਾ ਸਿਰ ਉਚਾ ਕੀਤਾ ਹੈ ਅਤੇ ਮਨੂੰਵਾਦੀਆਂ ਦੇ ਮੂੰਹ ਉਤੇ ਕਰਾਰੀ ਚਪੇੜ ਮਾਰੀ ਹੈ।

ਹੁਣ ਬਾਬੂ ਜੀ ਦੀ 14 ਜਨਵਰੀ 1986 ਨੂੰ ਜਨਮ ਸ਼ਤਾਬਦੀ ਆ ਰਹੀ ਹੈ। ਅਸੀਂ ਇਹ ਸ਼ੁਭ ਦਿਹਾੜਾ ਗੜ੍ਹਸ਼ੰਕਰ ਵਿਖੇ ਬੜੀ ਧੂਮ ਧਾਮ ਨਾਲ ਮਨਾਉਣਾ ਚਾਹੁੰਦੇ ਹਾਂ। ਇਸ ਮੌਕੇ ਉਤੇ ਤੁਹਾਡਾ ਸਨਮਾਨ ਭੀ ਕੀਤਾ ਜਾਵੇਗਾ।

# ਪੀ.ਸੀ.ਐਸ.ਸੈਕਰਾਮੈਂਟੋ/ ਐਲਕਗਰੋਵ 'ਚ 15 ਜੁਲਾਈ ਦੇ ਤੀਆਂ ਦੇ ਮੇਲੇ ਦੀਆਂ ਤਿਆਰੀਆਂ ਮੁਕੰਮਲ



**ਸੈਕਰਾਮੈਂਟੋ–** ਪੀ. ਸੀ. ਐਸ. ਸੈਕਰਾਮੈਂਟੋ ਵੱਲੋਂ ਇਸ ਸਾਲ ਤੀਆਂ ਦਾ ਮੇਲਾ 15 ਜੁਲਾਈ ਦਿਨ ਐਤਵਾਰ 1 ਵਜੇ ਸੈਲਡਨ ਹਾਈ ਸਕੂਲ (ਪਰਵਾਰਮ ਆਰਟ ਸੈਂਟਰ) ਵਿਖੇ ਮਨਾਇਆ ਜਾ ਰਿਹਾ ਹੈ। ਵੈਸੇ ਤਾਂ ਇਸ ਮੇਲੇ ਦੀਆਂ ਤਿਆਰੀਆਂ ਲਈ 6 ਹਫਤੇ ਪਹਿਲਾਂ ਹੀ ਆਰੰਭ ਕਰ ਦਿੱਤੀਆਂ ਹਨ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਸ਼ਾਮ ਨੂੰ ਪਾਰਕ ਵਿਚ ਪੀ. ਸੀ. ਐਸ. ਦੇ ਲੇਡੀਜ਼ ਮੈਂਬਰਾਂ ਵੱਲੋਂ ਬੱਚਿਆਂ ਨੂੰ ਭੈਣਾਂ ਨੂੰ ਜੋ ਵੀ ਮੇਲੇ 'ਚ ਹਿੱਸਾ ਲੈਣਾ ਚਾਹੁੰਦੀਆਂ ਹਨ, ਉਹਨਾਂ ਨੂੰ ਸਿਖਲਾਈ ਦੇਣ ਲਈ ਕੈਂਪ ਲਾਉਂਦੀਆਂ ਹਨ। ਸਾਡਾ ਮੁੱਖ ਮਕਸਦ ਇਹੀ ਹੈ ਕਿਅਸੀਂ ਆਪਣੇ ਬੱਚਿਆਂ ਨੂੰ ਅਤੇ ਕਮਿਊਨਿਟੀ ਨੂੰ ਆਪਣੇ ਵਿਰਸੇ ਨਾਲ ਜੋੜੀਏ। ਇੱਥੇ ਯਾਦ ਕਰਾਉਣ ਦਾ ਸਾਡਾ ਫਰਜ਼ ਬਣਦਾ ਹੈ ਕਿ ਪਿਛਲੇ 30 ਸਾਲਾਂ ਤੋਂ ਇਹ ਸੇਵਾ ਕਰਦੇ ਆ ਰਹੇ ਹਾਂ। ਮਨਦੀਪ ਫਰਵਾਲਾ ਨੇ ਦੱਸਿਆ ਕਿ ਇਹ ਪੇਂਡੂ ਮੇਲੇ ਹਨ ਅਤੇ ਪਿੰਡਾਂ ਦੇ ਲੋਕ ਹੀ ਇਹਨਾਂ ਮੇਲਿਆਂ ਦੀ ਰਹਿਨੁਮਾਈ ਕਰ ਸਕਦੇ ਹਨ। ਇਸ ਵਾਰ ਮੇਲੇ 'ਚ ਵਣਜਾਰਨਾਂ ਦੀ ਆਈਟਮ ਪੇਸ਼ ਕੀਤੀ ਜਾਵੇਗੀ ਜੋ ਕਿ ਸਰੋਤਿਆਂ ਲਈ ਬਹੁਤ ਹੀ ਦਿਲਚਸਪ ਹੋਵੇਗੀ।

ਇਸ ਵਾਰ ਮੇਲੇ 'ਚ 200 ਪਾਰਟੀਸਿਪੈਂਟ ਹਿੱਸਾ ਲੈ ਰਹੇ ਹਨ। ਮੇਲੇ 'ਚ ਕੱਪੜੇ, ਗਹਿਣੇ ਅਤੇ ਭੋਜਨ ਦੇ ਸਟਾਲ ਵੀ ਲਗਾਏ ਜਾਣਗੇ। ਹਰ ਉਮਰ ਦੀਆਂ ਭੈਣਾਂ ਨੂੰ ਖੁੱਲਾ ਸੱਦਾ ਹੈ, ਕੋਈ ਟਿਕਟ ਨਹੀਂ ਹੋਵੇਗੀ। ਆਪ ਸਭ ਨੂੰ ਬੇਨਤੀ ਹੈ ਕਿ ਆਪਣੇ ਪਰਿਵਾਰਾਂ ਸਮੇਤ ਮੇਲੇ ਦੀ ਰੌਣਕ ਨੂੰ ਵਧਾਓ। ਹੋਰ ਜਾਣਕਾਰੀ ਲਈ ਸੰਪਰਕ ਕਰੋ: ਮਨਦੀਪ ਫਰਵਾਲਾ 916-212-1826, ਪਰਦੀਪ ਪੂੰਨੀ 916-996-2010

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# Thinking of Buying or Selling Houses or Businesses within Sacramento to Bay Area?

## ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404



2 bdrm, 2.0 full bath
1,116 sq ft
Lot size: 436
Year built 1984
Current Rent: $1450.00
Listing Price: $149,000



3 bdrm, 1.0 full bath
1,000 sq ft
Lot size: 5,998
Year built: 1984
Listing Price: $259,000



4 bdrm, 2.0 full bath
1,596 sq ft
Lot size: 6,098
Year built: 1973
Listing Price: $309,000



3-4 bdrm, 2.0 full bath
1,492 sq ft
Lot size: 6,469
Year built: 1984
Listing Price: $319,000



5 bdrm, 2.5 full bath
2,504 sq ft
Lot size: 6,574
Year built: 2003
Listing Price: $419,000



5 bdrm, 3.0 full bath
2,074 sq ft
Lot size: 9,488
Year built: 1974
Listing Price: $280,000



Beer & Wine
Store for Sale in Sacramento
Monthly Gross: $65K Month
Listing Price$299,000




Beer & Wine
Store for Sale in Santa Clara
Monthly Gross: $90K Month
Listing Price $699,000

76 Comfort INN & SUITES ARCO ampm Hampton Inn & Suites by HILTON Holiday Inn Express & Suites Chevron Mobil COURTYARD Marriott SHELL




## Buying or Selling Hotels and Gas Stations?
## Call Now- 916-271-5404

BH HS BERKSHIRE HATHAWAY HOMESERVICES

**BERKSHIRE HATHAWAY**
**Home Services**




# OFFICE: 7412 ELSIE AVE., SACRAMENTO, CA 95828